
# ਗੋਪਾਲ ਰਤਨ

## (ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ)



ਸੂਬਾ ਸੁਰਿੰਦਰ ਕੌਰ ਖਰਲ

# Sri Satguru Jagjit Singh Ji
# E-library

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures.

This is a significant milestone in the development of the Sri Satguru Jagjit Singh Ji E-Library, but it is just a first step on a long road.

In order to continue conserving, digitising and publishing our numerous literature online, we are asking for your support and involvement.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

Digitising our treasures is an ambitious undertaking. Every page, every object, must be photographed individually and with great care. The whole photographic process including lighting, colour temperature, and environmental controls must all be precisely regulated. Post processing is also done with meticulous care including orientation, de-skewing, sizing and finally quality control to ensure the documents reflect the true state of the originals.

To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The E-Library collection is growing day by day and some rare and priceless books/magazines/manuscripts and other items have already been digitised.

Contact Details

For further information about the process or your contribution - please contact
www.namdhari-music.co.uk
E: kirpalchana@gmail.com

Sri Satguru Jagjit Singh Ji
E-library

This valuable item was kindly loaned by

Suba Surinder Kaur Kharal

We very much appreciate
your generous contribution to the library

This book scanned by
namdhari-music.co.uk
Kirpal Singh Chana

Date: Sep 2015

# ਗੋਪਾਲ ਰਤਨ

(ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ)

## ਲੇਖਿਕਾ ਦਾ ਸਾਹਿਤਕ ਸਫ਼ਰ

### ਛਪੀਆਂ ਪੁਸਤਕਾਂ ਦਾ ਵੇਰਵਾ

| | | |
|---|---|---|
| 1) | ਤ੍ਰਿਸ਼ਨਾ (ਕਹਾਣੀਆਂ) | 1987 |
| 2) | ਰੂਹ ਪੰਜਾਬ ਦੀ (ਜੀਵਨੀ ਮਹਾਰਾਣੀ ਜ਼ਿੰਦ ਕੌਰ) | 1990 |
| 3) | ਮਹਾਂਬਲੀ ਰਣਜੀਤ ਸਿੰਘ (ਜੀਵਨੀ ਮਹਾਰਾਜਾ ਰਣਜੀਤ ਸਿੰਘ) | 1991 |
| 4) | ਵੱਡ-ਪ੍ਰਤਾਪੀ ਸਤਿਗੁਰੂ (ਜੀਵਨੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ) | 1991 ਅਤੇ 2010 |
| 5) | ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਬਾਗ਼ਬਾਨੀ ਪ੍ਰਤੀ ਦੇਣ (ਖੋਜ-ਪੱਤਰ) | 1995 |
| 6) | ਬਰਮਾ ਦੀ ਯਾਤਰਾ, ਅਫ਼ਰੀਕਾ ਦੀ ਯਾਤਰਾ | 1996 |
| 7) | ਬਖ਼ਸ਼ਿਸ਼ (ਕਵਿਤਾਵਾਂ) | 1996 |
| 8) | ਪ੍ਰਕਾਸ਼-ਪੁੰਜ ਭਾਗ ਪਹਿਲਾ (ਜੀਵਨੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ) | 1997 |
| 9) | ਤੂੰ ਹੀ ਤੂੰ (ਕਵਿਤਾਵਾਂ) | 2000 |
| 10) | ਬੰਸਾਵਲੀ-ਸ੍ਰੀ ਸਤਿਗੁਰੂ ਰਾਮ ਸਿੰਘ ਜੀ | 2006 |
| 11) | ਨਾਮਧਾਰੀ ਸ਼ਹੀਦ ਅਤੇ ਸੁਤੰਤਰਤਾ ਸੰਗਰਾਮੀ | 2008 |
| 12) | ਗੋਪਾਲ ਰਤਨ (ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ) | 2010 |
| 13) | ਪ੍ਰਕਾਸ਼-ਪੁੰਜ ਭਾਗ ਦੂਜਾ (ਛਪ ਰਹੀ) | |
| 14) | ਕੂਕਾ ਅੰਦੋਲਨ ਅਤੇ ਸਰਕਾਰੀ ਦਸਤਾਵੇਜ਼ (ਛਪ ਰਹੀ) | |

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# ਗੋਪਾਲ ਰਤਨ

(ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ)

ਸੂਬਾ ਸੁਰਿੰਦਰ ਕੌਰ ਖਰਲ

**Gopal Rattan**
**(Sri Satguru Jagjeet Singh Ji)**
*by*
**Suba Surinder Kaur Kharal**

Namdhari Engg. Works, Kurali Road, Roop-Nagar-140001
(Punjab) Mob: 98157-03588,94173-76345,
94631-01345,94172-73345,
e-mail: subakharal952@yahoo.com
e-mail:roop876@gmail.com
website:namdhariwomen
website:suba surinder kaur

© 2010 ਸੂਬਾ ਸੁਰਿੰਦਰ ਕ ਰ ਖਰਲ

2011
Vishav Namdhari Sangat (Regd.)
Sri Bhaini Sahib
Distt. Ludhiana-141126, Punjab

Type Setting & Design PCIS
Printed & bound at Unistar Books (Printing Unit)
11-A, Industrial Area, Phase-2, Chandigarh (India)
98154-71219

© *2011*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

# ਸਮਰਪਿਤ

ਹਾਜ਼ਰਾ ਹਜ਼ੂਰ ਪਰਮ ਪੂਜਯ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ
ਕੁਝ ਗਰੀਬੜੇ ਜਿਹੇ, ਕੁਝ ਨਾਜ਼ੁਕ ਜਿਹੇ, ਕੁਝ ਮਾਸੂਮ ਜਿਹੇ,
'ਤੂੰ ਪ੍ਰਵਾਨ ਕਰ ਲਵੀਂ', ਕਵਿਤਾ ਦੇ
ਇਨ੍ਹਾਂ ਸ਼ਬਦਾਂ ਨਾਲ ....

# ਤੂੰ ਪ੍ਰਵਾਨ ਕਰ ਲਵੀਂ

ਲਿਖਣਾ ਤਾਂ ਚਾਹੁੰਦੀ ਹਾਂ
ਤੇਰੀ ਉਸਤਤ
ਗਾਉਣਾ ਤਾਂ ਚਾਹੁੰਦੀ ਹਾਂ
ਤੇਰੇ ਗੀਤ
ਪਰ ਅਸਮਰਥ ਹਾਂ
ਕਿਉਂਕਿ
ਸੂਰਜ ਦਾ ਤੇਜ
ਪੌਣਾਂ ਦਾ ਵੇਗ
ਸਮੁੰਦਰ ਦੀ ਗਹਿਰਾਈ
ਅਗਨੀ ਦੀ ਤਪਿਸ਼
ਰੌਸ਼ਨੀ ਦੀ ਚਮਕ
ਬਿਆਨੋਂ ਬਾਹਰ ਨੇ
ਮੇਰੀਆਂ ਭਾਵਨਾਵਾਂ ਨੂੰ ਜਾਣ
ਮੇਰੇ ਲਿਖੇ ਅਣਲਿਖੇ
ਮੇਰੇ ਕਹੇ ਅਣਕਹੇ ਨੂੰ
ਤੂੰ ਪ੍ਰਵਾਨ ਕਰ ਲਵੀਂ।
ਤੂੰ ਪ੍ਰਵਾਨ ਕਰ ਲਵੀਂ॥

# ਤਤਕਰਾ


| | | | |
|---|---|---|---|
| i. | ਪੁਸਤਕ ਪ੍ਰਵੇਸ਼ਿਕਾ : | ਸ੍ਰੀ ਸਤਿਗੁਰੂ ਜੀ ਦੇ ਪ੍ਰਵਚਨ | 9 |
| ii. | ਗਊ-ਮਹਿਮਾ | ਡਾ. ਸਰਦਾਰਾ ਸਿੰਘ ਜੌਹਲ | 12 |
| iii. | ਨਾਮਧਾਰੀ ਸਮਾਜ : ਵਿਚ ਗਊਆਂ | ਸ. ਜਸਵਿੰਦਰ ਸਿੰਘ ਹਿਸਟੋਰੀਅਨ | 14 |
| iv. | ਧੰਨਵਾਦ | ਸੂਬਾ ਸੁਰਿੰਦਰ ਕੌਰ ਖਰਲ | 15 |

| | | |
|---|---|---|
| 1. | ਗਊ ਦੀ ਮਹੱਤਤਾ | 17 |
| 2. | ਭਾਰਤੀ ਸੰਸਕ੍ਰਿਤੀ 'ਚ ਗਊ ਦਾ ਸਥਾਨ | 20 |
| 3. | ਸਿੱਖ ਧਰਮ ਦੀ ਪਰੰਪਰਾ | 24 |
| 4. | ਅੰਗ੍ਰੇਜ਼ਾਂ ਦੇ ਰਾਜ ਸਮੇਂ | 28 |
| 5. | ਅਜ਼ਾਦੀ ਸਮੇਂ | 33 |
| 6. | ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ | 37 |
| 7. | ਗੋਪਾਲ ਰਤਨ ਪੁਰਸਕਾਰ | 46 |
| 8. | ਚੰਡੀ ਦੀ ਵਾਰ ਦੇ ਪਾਠਾਂ ਦੇ ਹਵਨ ਯੱਗ | 47 |
| 9. | ਗਊਸ਼ਾਲਾਵਾਂ | 49 |
| 10. | ਮਾਤਾ ਚੰਦ ਕੌਰ ਜੀ | 58 |
| 11. | ਪ੍ਰਬੰਧਕ ਅਤੇ ਸੇਵਾਦਾਰ | 59 |
| 12. | ਗਊਆਂ ਦੇ ਦੁੱਧ ਤੇ ਘਿਓ ਦੇ ਰਿਕਾਰਡ | 76 |
| 13. | ਪ੍ਰਤੀਯੋਗਿਤਾਵਾਂ ਵਿਚੋਂ ਜਿੱਤੇ ਇਨਾਮਾਂ ਦਾ ਵੇਰਵਾ | 88 |
| 14. | ਵਿਸ਼ਵ ਮੰਗਲ ਗਊ ਗ੍ਰਾਮ ਯਾਤਰਾ ਨੂੰ ਸ੍ਰੀ ਸਤਿਗੁਰੂ ਜੀ ਦਾ ਅਸ਼ੀਰਵਾਦ | 97 |
| 15. | ਦਿੱਲੀ ਵਿਖੇ ਹਸਤਾਖਰ ਸਮਰਪਣ ਸਮਾਰੋਹ | 102 |
| 16. | ਗੋ ਮਾਸ ਨਿਸ਼ੇਧ ਅਭਿਯਾਨ ਕਮੇਟੀ | 104 |

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ
੯੧ਵੇਂ ਪ੍ਰਕਾਸ਼-ਦਿਵਸ ਨੂੰ ਸਮਰਪਿਤ
ਪੁਸਤਕ 'ਗੋਪਾਲ ਰਤਨ'

# ਪੁਸਤਕ-ਪ੍ਰਵੇਸ਼ਿਕਾ
(ਪ੍ਰਵਚਨਾਂ ਵਿਚੋਂ)

"ਨਾਨਕ ਆਖੇ ਰੁਕਨਦੀਨ ਲਿਖਿਆ ਵਿਚ ਕਿਤਾਬ।
ਗਊ-ਸੂਰ ਨੂੰ ਮਾਰਿਆਂ ਲਗਨ ਬਹੁਤ ਅਜ਼ਾਬ।
ਗਊ-ਚੌਧਵਾਂ ਰਤਨ ਹੈ, ਕਾਮਧੇਨ ਤਿਹ ਨਾਮੁ।
ਪੂਜਨ ਸਭ ਅਵਤਾਰ ਤਿਹ ਕਰਕੇ ਮਾਤ ਸਮਾਨ।
ਸ਼ੀਰ ਜਿਨਾਂ ਦਾ ਪੀਵੀਐ ਤਿਸ ਮਾਰਿਆਂ ਬਹੁਤ ਗੁਨਾਹ।"

-22ਵਾਂ ਜਵਾਬ, ਪੰਨਾ 156, ਕਰਨੀਨਾਮਾ

"ਯਹੀ ਦੇਹ ਆਗਿਆ ਤੁਰਕਨ ਗਹਿ ਖਪਾਊਂ।
ਗਊ-ਘਾਤ ਕਾ ਦੋਖ ਜਗ ਸਿਉਂ ਮਿਟਾਊਂ।" (ਛੰਦ ਪੰਜਵਾਂ)
"ਯਹੀ ਆਸ ਪੂਰਨ ਕਰਹੁ ਤੁਮ ਹਮਾਰੀ।
ਮਿਟੈ ਕਸ਼ਟ ਗਊਅਨ ਛੁਟੈ ਖੇਦ ਭਾਰੀ।" (ਛੰਦ ਪੰਜਵਾਂ)
"ਯਹੀ ਬੇਨਤੀ ਖਾਸ ਹਮਰੀ ਸੁਣੀਜੈ।
ਅਸੁਰ ਮਾਰ ਕਰ ਰੱਛਾ ਗਊਅਨ ਕਰੀਜੈ।"

-ਉਗ੍ਰਦੰਤੀ ਸ੍ਰੀ ਮੁਖਵਾਕ ਪਾ: ਦਸਵੀਂ

"ਸਾਨੂੰ ਗਊਆਂ ਮਾਰਨ ਦਾ ਬਹੁਤ ਦੁੱਖ ਹੈ, ਕਿਉਂਕਿ ਗਊਆਂ ਵਿਚ ਗੁਣ ਬਹੁਤ ਹਨ, ਅਉਗੁਣ ਕੋਈ ਵੀ ਨਹੀਂ।"

" ਇਕ ਗਾਈਂ ਦਾ ਤਰਸ ਠੀਕ ਆਉਂਦਾ ਹੈ ਹੁਣ ਭੀ, ਜੋ ਗਾਈਂ ਮੈਂ ਬਹੁਤ ਗੁਣ ਹੈਨ ਔਗੁਣ ਕੋਈ ਬੀ ਨਹੀਂ। ਬਿਚਾਰ ਲੇਹੁ।"

-ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮਨਾਮਿਆਂ ਵਿੱਚੋਂ

"ਗਊਆਂ ਦੀ ਕੇਵਲ ਪੂਜਾ ਹੀ ਨਹੀਂ ਸੇਵਾ ਵੀ ਕਰਨੀ ਚਾਹੀਦੀ ਹੈ। ਗਊਆਂ ਦੀ ਸੇਵਾ ਨਾਲ ਗਊ ਰੱਖਿਆ ਆਪੇ ਹੋ ਜਾਵੇਗੀ।"

"ਸਿਰਫ ਗਊ-ਪੂਜਕ ਨਾ ਬਣੋ, ਗਊ ਪਾਲਕ ਬਣੋ। ਗਊ ਦੀ ਨਸਲ ਸੁਧਾਰੋ ਤੇ ਅੰਦਰੋਂ ਹੋ ਕੇ ਪਿਆਰੋ ਗਊ ਨੂੰ।"

" ਗਊਆਂ ਦੀ ਨਸਲ ਸੁਧਾਰ ਲਈ ਉਚੇਚੇ ਯਤਨ ਕੀਤੇ ਜਾਣ ਤਾਂ ਕਿ ਗਊ-ਧਨ ਸਾਡੇ ਦੇਸ਼ ਦੇ ਆਰਥਿਕ ਵਿਕਾਸ ਦਾ ਆਧਾਰ ਬਣ ਸਕੇ।"

-ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ

" ਸਾਡੇ ਵਿਚ ਧਰਮ ਤੇ ਸਿਆਸਤ ਨੂੰ ਵੱਖਰਾ ਨਹੀਂ ਸਮਝਿਆ ਜਾਂਦਾ, ਸਾਡਾ ਧਰਮ ਹੈ-ਗਊ ਤੇ ਗ੍ਰੀਬ ਦੀ ਰੱਖਿਆ। "

" ਗਊ ਪਾਲਣ ਲਈ ਧਰਤੀ ਤੇ ਨਹੀਂ, ਦਿਲ ਵਿਚ ਜਗ੍ਹਾ ਚਾਹੀਦੀ ਹੈ। "

" ਮੈਂ ਗਊ ਨਾਲ ਹਿਸਾਬ ਨਹੀਂ ਕਰਦਾ, ਕਿਉਂਕਿ ਗਊ ਮੇਰੇ ਨਾਲ ਹਿਸਾਬ ਨਹੀਂ ਕਰਦੀ "

" ਗਊ ਦੀ ਪੂਜਾ ਅਤੇ ਗਊ ਦੀ ਰੱਖਿਆ ਦੀਆਂ ਸਿਰਫ ਗੱਲਾਂ ਹੀ ਨਾ ਕੀਤੀਆਂ ਜਾਣ ਬਲਕਿ ਅਮਲੀ ਤੌਰ 'ਤੇ ਗਊ ਦੀ ਸੇਵਾ-ਸੰਭਾਲ ਅਤੇ ਪਾਲਣਾ ਵੀ ਕੀਤੀ ਜਾਵੇ। ਹਰ ਨਾਮਧਾਰੀ ਗਊ ਰੱਖੇ। "

" ਦੁੱਧ ਘਿਓ ਦੀਆਂ ਨਦੀਆਂ ਵਗਣ ਵਾਲੇ ਦੇਸ਼ ਵਿਚ ਦੁਧਾਰੂ ਪਸ਼ੂਆਂ ਦੇ ਲਹੂ ਨਾ ਵਗਣ ਦਿਓ। ਬੁੱਚੜਖਾਨਿਆਂ ਵਿਚ ਆਪਣੇ ਪਸ਼ੂ ਭੇਜੇ ਹੀ ਨਾ ਜਾਣ। ਕੀ ਜੇ ਸਾਨੂੰ ਕੋਈ ਪੈਸੇ ਦੇਵੇ, ਅਸੀਂ ਮਾਰਣ ਵਾਸਤੇ ਆਪਣੇ ਬੱਚੇ ਦੇ ਦਿਆਂਗੇ।"

" ਭਾਰਤਵਾਸੀ ਭੁੱਖੇ ਤਾਂ ਹੀ ਮਰ ਰਹੇ ਹਨ ਜੇ ਗਊ ਭੁੱਖੀ ਮਰ ਰਹੀ ਹੈ। ਜੇ ਗਊ ਨੂੰ ਬਚਾਇਆ ਜਾਵੇ ਤਾਂ ਮੈਂ ਦਾਹਵੇ ਨਾਲ ਕਹਿੰਦਾ ਹਾਂ ਕਿ ਕੋਈ ਵਜ੍ਹਾ ਨਹੀਂ ਭਾਰਤ ਵਿਚ ਭੁੱਖ ਨੰਗ ਰਹੇ। "

" ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਬਖਸ਼ਿਸ਼ ਅਤੇ ਪ੍ਰੇਰਨਾ ਸਦਕਾ ਨਾਮਧਾਰੀ ਸਿੱਖਾਂ ਨੇ ਗਊਆਂ ਦੀ ਰੱਖਿਆ ਅਤੇ ਦੇਸ਼ ਦੀ ਅਜ਼ਾਦੀ ਲਈ ਬੇਮਿਸਾਲ ਕੁਰਬਾਨੀਆਂ ਦਿੱਤੀਆਂ, ਫਾਂਸੀਆਂ ਤੇ ਚੜ੍ਹੇ, ਤੋਪਾਂ ਨਾਲ ਉਡਾਏ ਗਏ, ਕਾਲੇ ਪਾਣੀ ਦੀਆਂ ਸਜ਼ਾਵਾਂ ਭੁਗਤੀਆਂ। ਜੋ ਵੀ ਸੰਸਥਾਵਾਂ ਗਊ ਧਨ ਦੀ ਰੱਖਿਆ ਅਤੇ ਸੇਵਾ ਲਈ ਤਤਪਰ ਹਨ ਸਾਡਾ ਸਾਥ ਹਮੇਸ਼ਾਂ ਉਹਨਾਂ ਦੇ ਨਾਲ ਹੈ। "

**- ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ**

" ਉਹ ਧਰਤੀ ਪਵਿੱਤਰ ਹੁੰਦੀ ਹੈ ਜਿਥੇ ਭਗਵਾਨ ਦੀ ਸ਼ਕਤੀ ਹੁੰਦੀ ਹੈ। ਨਾਮਧਾਰੀਆਂ ਨੇ ਆਪਣੀਆਂ ਕੁਰਬਾਨੀਆਂ ਨਾਲ ਦੇਸ਼ ਦੀ ਸੰਸਕ੍ਰਿਤੀ ਤੇ ਪਰੰਪਰਾ ਨੂੰ ਬਚਾ ਕੇ ਰੱਖਿਆ ਹੈ। ਇਥੇ ਗੁਰੂਆਂ ਦਾ ਭਾਰਤੀ ਸੰਸਕ੍ਰਿਤੀ ਲਈ ਸ਼ਰਧਾ ਸਨਮਾਨ ਹੈ। ਗਊ ਮਾਤਾ ਲਈ ਅਗਾਧ ਪ੍ਰੇਮ ਹੈ। ਮੈਂ ਗਊਆਂ ਦੀ ਸੇਵਾ ਕਰਦਾ ਰਿਹਾ ਹਾਂ, ਗਹਿਰਾ ਭਾਵ ਹੈ ਗਊਆਂ ਲਈ ਮੇਰੇ ਮਨ 'ਚ। ਜਦੋਂ ਇਥੋਂ ਬਾਰੇ ਪਤਾ ਲਗਾ ਤਾਂ ਮੈਂ ਬਿਨਾਂ ਕਿਸੇ ਪ੍ਰੋਗ੍ਰਾਮ ਦੇ ਇਥੇ ਅਚਾਨਕ ਆ ਗਿਆ। "

**- 7 ਅਪ੍ਰੈਲ 2004 ਨੂੰ ਸੁਆਮੀ ਰਾਮਦੇਵ ਜੀ ਨੇ ਸ੍ਰੀ ਭੈਣੀ ਸਾਹਿਬ ਵਿਖੇ ਕਿਹਾ**

" ਸ੍ਰੀ ਰਾਮ, ਸ੍ਰੀ ਕ੍ਰਿਸ਼ਨ ਨੇ ਗਊ ਰੱਖਿਆ ਕਰਦਿਆ ਗਊ ਨੂੰ ਮਾਤਾ ਵਾਂਗ ਹੀ ਮੰਨਿਆਂ ਹੈ। ਉਨ੍ਹਾਂ ਦੀ ਇਹ ਪ੍ਰੰਪਰਾ ਨਾਮਧਾਰੀ ਕੂਕਿਆਂ ਨੇ ਜਿਸ ਤਰ੍ਹਾਂ ਅੱਗੇ ਵਧਾਈ, ਉਸ ਉਤੇ ਭਾਰਤ ਨੂੰ ਨਾਜ਼ ਹੈ।"

**- ਸ੍ਰੀ ਅਸ਼ਵਨੀ ਕੁਮਾਰ ਜੀ**

(ਰੋਜ਼ਾਨਾ ਅਖਬਾਰ ਜਗਬਾਣੀ ਵਿਚ ਛਪੇ ਸੰਪਾਦਕੀ ਲੇਖ 'ਰਾਮ ਕ੍ਰਿਸ਼ਨ ਦੇ ਦੇਸ਼ ਚ ਗਊ ਮਾਤਾ ਤੇ ਅਤਿਆਚਾਰ'-5 ਵਿਚੋਂ)

"ਕੂਕਾ ਨਾਮਧਾਰੀ ਸਿੱਖੋਂ ਨੇ ਗੋਰਕਸ਼ਾ ਕੋ ਨਾਮਧਾਰੀ ਸੰਪਰਦਾਇ ਕਾ ਪ੍ਰਮੁਖ ਸੂਤਰ ਬਨਾਇਆ"

-ਸਰਵਦੇਵਮਈ ਗਊ ਮਾਤਾ ਦੀ ਪੁਕਾਰ (ਸੱਤਵਾਂ ਸੰਸਕਰਣ) ਵਿੱਚੋਂ, ਵਲੋਂ ਚੌਧਰੀ ਦੇਸ਼ਰਾਮ ਮੈਮੋਰੀਅਲ ਗਊ ਸੇਵਾ ਟਰੱਸਟ (ਰਜਿ.) ਦਿੱਲੀ,

ਪੰਨਾ ਨੰ. 20 ਤੋਂ।

# ਗਊ ਮਹਿਮਾ

ਜਦੋਂ ਸੰਨ 1972 ਵਿੱਚ ਮੈਂ ਅਮਰੀਕਾ ਦੀ ਓਹਾਇਓ ਸਟੇਟ ਯੂਨੀਵਰਸਿਟੀ ਵਿੱਚ ਵਿਜ਼ਿਟਿੰਗ ਪ੍ਰੋਫੈਸਰ ਦੇ ਤੌਰ 'ਤੇ ਪੜ੍ਹਾਉਂਦਾ ਸਾਂ, ਤਾਂ ਇੱਕ ਅਮਰੀਕਨ ਸਿਆਣੇ ਪ੍ਰੋਫੈਸਰ ਨੇ ਮੈਨੂੰ ਸਵਾਲ ਕੀਤਾ ਕਿ ਤੁਸੀਂ ਬੀਫ (ਗਊ ਦਾ ਮਾਸ) ਕਿਉਂ ਨਹੀਂ ਖਾਂਦੇ। ਇਹ ਤਾਂ ਸਭ ਤੋਂ ਵਧੀਆ ਮਾਸ ਹੈ। ਮੈਂ ਇਸ ਸਵਾਲ ਦਾ ਜਵਾਬ ਇੱਕ ਸਵਾਲ ਵਿੱਚ ਹੀ ਦਿੱਤਾ ਸੀ ਕਿ ਪੱਛਮੀ ਸਭਿਅਤਾ ਵਾਲੇ ਲੋਕ ਘੋੜੇ ਦਾ ਮਾਸ ਕਿਉਂ ਨਹੀਂ ਖਾਂਦੇ ? ਘੋੜੇ ਦੇ ਮਾਸ ਤੋਂ ਵਧੀਆ ਮਾਸ ਤਾਂ ਕੋਈ ਹੈ ਹੀ ਨਹੀਂ। ਇਸ ਵਿੱਚ ਚਰਬੀ ਨਾ-ਮਾਤਰ ਹੁੰਦੀ ਹੈ ਅਤੇ ਬੀਮਾਰੀ ਵੀ ਨਹੀਂ ਹੁੰਦੀ। ਉਹ ਪ੍ਰੋਫੈਸਰ ਝੱਟ ਸਮਝ ਗਿਆ। ਦਰਅਸਲ ਘੋੜਾ ਇੱਕ ਐਸਾ ਜਾਨਵਰ ਹੈ ਜਿਸ ਨਾਲ ਖੇਤੀ ਹੁੰਦੀ ਹੈ ਅਤੇ ਸਵਾਰੀ ਅਤੇ ਭਾਰ ਢੋਣ ਦੇ ਵੀ ਕੰਮ ਆਉਂਦਾ ਹੈ। ਇਸ ਨੂੰ ਮਾਰਨਾ ਜਾਂ ਇਸਦਾ ਮਾਸ ਖਾਣਾ ਆਰਥਿਕ ਪੱਖੋਂ ਮਨ੍ਹਾ ਕੀਤਾ ਪੱਛਮੀ ਪੁਰਖਿਆਂ ਨੇ ਤੇ ਅੱਜ ਇਹ ਮੀਟ ਵਰਜਤ ਹੋ ਗਿਆ। ਘੋੜੇ ਦੀ ਮਹੱਤਤਾ ਪੱਛਮੀ ਦੇਸ਼ਾਂ ਵਿੱਚ ਇਨੀ ਘਰ ਕਰ ਚੁੱਕੀ ਸੀ ਕਿ ਜਦੋਂ ਬਾਅਦ ਵਿੱਚ ਸਨਅਤੀ ਦੌਰ ਦੀ ਸ਼ੁਰੂਆਤ ਹੋਈ ਤਾਂ ਮਸ਼ੀਨਾਂ ਇੰਜਣਾਂ ਦੀ ਤਾਕਤ ਨੂੰ ਵੀ ਘੋੜਿਆਂ ਦੀ ਤਾਕਤ (ਹਾਰਸ ਪਾਵਰ) ਵਿਚ ਹੀ ਗਿਣਿਆ-ਮਿਣਿਆ ਜਾਣ ਲੱਗਾ।

ਭਾਰਤ ਵਿਚ ਗਊ ਦੀ ਮਹੱਤਤਾ ਤਾਂ ਘੋੜੇ ਨਾਲੋਂ ਕਿਤੇ ਵੱਧ ਸੀ ਅਤੇ ਹੈ। ਇਹ ਤਾਂ ਦੁੱਧ ਵੀ ਦਿੰਦੀ ਹੈ। ਇਸਦੇ ਵੱਛੜੇ ਖੇਤੀ, ਢੋਆ-ਢੁਆਈ ਦਾ ਕੰਮ ਦਿੰਦੇ ਹਨ। ਸਾਡੇ ਪੁਰਖਿਆਂ ਨੇ ਬੜੀ ਸੂਝ ਨਾਲ ਗਊ ਨੂੰ ਮਾਰਨਾ ਅਤੇ ਗਊ ਮਾਸ ਖਾਣਾ ਵਰਜਤ ਕਰ ਦਿੱਤਾ ਅਤੇ ਅੱਜ ਹਿੰਦੂ ਧਰਮ ਵਿੱਚ ਗਊ ਨੂੰ ਮਾਤਾ ਦਾ ਦਰਜਾ ਹਾਸਲ ਹੈ।

ਨਾਮਧਾਰੀ ਸਤਿਗੁਰੂਆਂ ਸਾਰਿਆਂ ਨੇ ਹੀ ਗਊ-ਗਰੀਬ ਦੀ ਰਖਸ਼ਾ ਤੇ ਜ਼ੋਰ ਦਿੱਤਾ ਹੈ। ਨਾਮਧਾਰੀ ਸਿੰਘਾਂ ਦਾ ਬੁੱਚੜਾਂ ਨਾਲ ਟਕਰਾਓ ਅਤੇ ਕੁਰਬਾਨੀਆਂ ਨੇ ਹੀ ਦੇਸ਼ ਦੀ ਗੁਲਾਮੀ ਦੀਆਂ ਜੰਜੀਰਾਂ ਤੋੜਨ ਦੀ ਨੀਂਹ ਰੱਖੀ। ਸਾਰੀਆਂ ਹਿੰਦੂ ਸੰਪਰਾਦਾਵਾਂ ਅਤੇ ਸਿੱਖ ਧਰਮ ਵਿੱਚ ਗਊ ਦੀ ਮਹਾਨਤਾ ਤਾਂ ਬਹੁਤ ਹੈ, ਪਰ ਨਾਮਧਾਰੀ ਸਿੰਘਾਂ ਨੇ ਜਿੰਨੀਆਂ ਕੁਰਬਾਨੀਆਂ ਗਊ ਰੱਖਿਆ ਵਾਸਤੇ ਦਿਤੀਆਂ, ਕਿਸੇ ਹੋਰ ਸੰਪਰਦਾਏ ਜਾਂ ਧਰਮ ਨੇ ਨਹੀਂ ਦਿੱਤੀਆਂ।

ਇਨਾ ਹੀ ਨਹੀਂ, ਨਾਮਧਾਰੀ ਸਤਿਗੁਰਾਂ ਨੇ ਗਊ ਦੀ ਸੇਵਾ ਨੂੰ ਹੀ ਗਊ ਰਖਸ਼ਾ ਦਾ ਆਧਾਰ ਮੰਨਿਆ ਹੈ। ਬੁੱਚੜਖਾਨੇ ਨੂੰ ਜਾਂਦੀਆਂ ਗਊਆਂ ਨੂੰ ਬੁੱਚੜਾਂ ਤੋਂ ਛੁਡਾ

ਕੇ ਉਨ੍ਹਾਂ ਦੀ ਇਸ ਢੰਗ ਨਾਲ ਸੇਵਾ ਕੀਤੀ ਕਿ ਉਹੀ ਗਊਆਂ ਸਰਬਉੱਤਮ ਦੁੱਧ ਦੇਣ ਵਾਲੀਆਂ ਸਾਬਤ ਹੋਈਆਂ ਅਤੇ ਮੁਕਾਬਲਿਆਂ ਵਿੱਚ ਇਨਾਮ ਜਿੱਤੇ। ਇਹ ਸਤਿਗੁਰਾਂ ਅਤੇ ਉਨ੍ਹਾਂ ਦੇ ਸਿੱਖਾਂ ਦੀ ਸੇਵਾ ਦਾ ਫਲ ਸੀ ਕਿ ਉਨ੍ਹਾਂ ਸਾਬਤ ਕਰ ਦਿੱਤਾ ਕਿ ਕੋਈ ਵੀ ਗਊ ਨਿਕੰਮੀ ਨਹੀਂ ਹੁੰਦੀ। ਸਿਰਫ ਇਸ ਜਾਨਵਰ ਨੂੰ ਸੇਵਾ ਅਤੇ ਪਿਆਰ ਦੇ ਥਾਪੜੇ ਦੀ ਕਮੀ ਹੁੰਦੀ ਹੈ, ਜਿਹੜੀ ਸਤਿਗੁਰਾਂ ਦੇ ਹੱਥਾਂ ਅਤੇ ਸੋਚਣੀ ਵਿੱਚ ਕਦੀ ਨਹੀਂ ਆਈ। ਇੰਨਾਂ ਗੁਣਾਂ ਕਰਕੇ ਹੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਗੋਪਾਲ ਰਤਨ ਦਾ ਸਨਮਾਨ ਦਿਤਾ ਗਿਆ।

ਸੂਬਾ ਸੁਰਿੰਦਰ ਕੌਰ ਸਤਿਗੁਰਾਂ ਦੀ ਇਅਨਿਨ ਭਗਤ ਹੈ। ਇਨ੍ਹਾਂ ਦੀ ਸ਼ਰਧਾ, ਲਗਨ ਅਤੇ ਸਤਿਗੁਰਾਂ ਪ੍ਰਤੀ ਪਿਆਰ ਸਤਿਕਾਰ ਅਣਤੋਲ ਅਤੇ ਅਨਮੋਲ ਹੈ। ਇਸ ਕਿਤਾਬ ਵਿਚ ਸੂਬਾ ਸੁਰਿੰਦਰ ਕੌਰ ਨੇ ਗਊ ਪ੍ਰਤੀ ਗੋਪਾਲ ਰਤਨ, ਸਤਿਗੁਰੂ ਜਗਜੀਤ ਸਿੰਘ ਦੀ ਸੋਚਣੀ ਅਤੇ ਕਰਨੀ ਨੂੰ ਖੁੱਲ੍ਹ ਕੇ ਗਰਦਾਨਿਆ ਹੈ। ਸਤਿਗੁਰ ਰਾਮ ਸਿੰਘ, ਸਤਿਗੁਰੂ ਹਰੀ ਸਿੰਘ ਅਤੇ ਸਤਿਗੁਰੂ ਪ੍ਰਤਾਪ ਸਿੰਘ ਦੀ ਗਊ ਪਾਲਣਾ ਅਤੇ ਗਊ ਰਖਸ਼ਾ ਦੇ ਸੰਧਰਵ ਵਿੱਚ ਵੀ ਤੱਥਾਂ ਦੇ ਆਧਾਰ 'ਤੇ ਜਾਣਕਾਰੀ ਦਿੱਤੀ ਹੈ। ਗਊਸ਼ਾਲਾਂ, ਮੁਕਾਬਲਿਆਂ, ਦੁੱਧ ਦੇ ਰਿਕਾਰਡਾਂ ਬਾਰੇ ਅਤੇ ਗਊ ਪਾਲਕਾਂ ਬਾਰੇ ਭਰਪੂਰ ਜਾਣਕਾਰੀ ਦਿੱਤੀ ਹੈ, ਇਸ ਕਿਤਾਬ ਵਿੱਚ। ਜਿਵੇਂ ਸਿਫਤਾਂ ਸਨ, ਦੇਖ ਕੇ ਗਊਆਂ ਦੇ ਬੜੇ ਸੁੰਦਰ ਅਤੇ ਪਿਆਰੇ ਨਾਉਂ ਸਤਿਗੁਰਾਂ ਰੱਖੇ, ਉਸੇ ਤਰ੍ਹਾਂ ਹੀ ਉਨ੍ਹਾਂ ਗਊਆਂ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕੀਤਾ।

ਸੂਬਾ ਸੁਰਿੰਦਰ ਕੌਰ ਦੀ ਇਹ ਸਿਫਤ ਹੈ ਕਿ ਉਹ ਇੱਧਰਲੀਆਂ, ਉਧਰਲੀਆਂ ਨਹੀਂ ਮਾਰਦੀ। ਜੋ ਲਿਖਦੀ ਹੈ, ਉਹ ਤੱਥਾਂ ਅਤੇ ਵੇਰਵਿਆਂ 'ਤੇ ਅਧਾਰਤ ਹੁੰਦਾ ਹੈ। ਇਹ ਬੀਬੀ ਜਿੰਨੀ ਬਾਹਰੋਂ ਖੂਬਸੂਰਤ ਹੈ, ਉਹ ਇਸ ਦੀ ਅੰਦਰਲੀ ਖੂਬਸੂਰਤੀ ਦੀ ਹੀ ਝਲਕ ਹੈ ਜੋ ਇਸ਼ਟ ਸ਼ਰਧਾ ਅਤੇ ਪਿਆਰ ਨਾਲ ਲੱਬਾ-ਲੱਬ ਭਰੀ ਹੋਈ ਹੈ। ਇਸ ਦੀਆਂ ਲਿਖਤਾਂ ਇਸੇ ਹੀ ਖੂਬਸੂਰਤੀ ਦੀਆਂ ਝਲਕਾਂ ਹਨ। ਮੇਰੀ ਪ੍ਰਮਾਤਮਾ ਅੱਗੇ ਦੁਆ ਹੈ ਕਿ ਇਨ੍ਹਾਂ ਦੀ ਇਹ ਦੈਵੀ ਖੂਬਸੂਰਤੀ ਕਾਇਮ ਰਹੇ, ਕਲਮ ਵਿਚ ਹੋਰ ਤਾਕਤ ਹੋਵੇ ਅਤੇ ਆਪਣੇ ਸਮਾਜ ਨੂੰ ਵੱਡਮੁਲੀਆਂ ਲਿਖਤਾਂ ਨਾਲ ਨਵਾਜਦੀ ਰਹੇ।

ਲੁਧਿਆਣਾ
6 ਅਕਤੂਬਰ 2010

(ਡਾ.) ਸਰਦਾਰਾ ਸਿੰਘ ਜੌਹਲ
ਸਾਬਕਾ ਵਾਇਸ ਚਾਂਸਲਰ
ਪੰਜਾਬੀ ਯੂਨੀਵਰਸਿਟੀ, ਪਟਿਆਲਾ

# ਨਾਮਧਾਰੀ ਸਮਾਜ ਵਿਚ ਗਊਆਂ

ਹਿੰਦੁਸਤਾਨ ਦੀ ਸੰਸਕ੍ਰਿਤੀ ਵਿਚ ਗਊ ਦਾ ਮਹੱਤਵਪੂਰਨ ਥਾਂ ਰਿਹਾ ਹੈ। ਦੇਸ਼ ਦੀ ਆਰਥਿਕਤਾ, ਸਮਾਜਿਕ ਅਤੇ ਰਾਜਨੀਤਕ ਚੇਤਨਾ, ਵਿਚ ਵੀ ਗਊ ਨੇ ਫੈਸਲਾਕੁਨ ਪ੍ਰਭਾਵ ਪਾਇਆ। 1857 ਈ. ਦੇ ਅੰਗ੍ਰੇਜ਼ਾਂ ਵਿਰੁੱਧ ਸੰਗ੍ਰਾਮ ਅਤੇ ਬਾਅਦ ਵਿਚ ਗਊ ਰੱਖਿਆ ਲਈ ਹੋਏ ਅੰਦੋਲਨਾਂ, ਸ਼ਹੀਦੀਆਂ ਅਤੇ ਕਾਰਵਾਈਆਂ ਨੂੰ ਅੰਗ੍ਰੇਜ਼ਾਂ ਨੇ ਉਹਨਾਂ ਦੇ ਸਾਮਰਾਜ ਵਿਰੁੱਧ ਰਾਜਨੀਤਕ ਸੁਤੰਤਰਤਾ ਦੀ ਲੜਾਈ ਮੰਨਿਆ। ਮਹਾਂਰਾਣੀ ਵਿਕਟੋਰੀਆ ਨੇ ਆਪ ਕਿਹਾ ਸੀ ਕਿ ਗਊਆਂ ਦੀ ਰੱਖਿਆ ਬਾਰੇ ਅੰਦੋਲਨ ਵਾਸਤਵ ਵਿਚ ਸਾਡੇ ਸਾਮਰਾਜ ਵਿਰੁੱਧ ਅੰਦੋਲਨ ਹੈ।

ਗਊ ਦੀ ਮਹੱਤਤਾ ਬਾਰੇ ਸੂਬਾ ਸੁਰਿੰਦਰ ਕੌਰ ਖਰਲ ਦੀ ਹਥਲੀ ਪੁਸਤਕ 'ਗੋਪਾਲ ਰਤਨ' ਭਾਰਤ ਵਿਚ, ਵਿਸ਼ੇਸ਼ਕਰ ਨਾਮਧਾਰੀ ਸਮਾਜ ਵਿਚ ਗਊਆਂ ਬਾਰੇ ਜਾਣਕਾਰੀ ਦਿੰਦੀ ਹੈ। ਪਾਠਕਾਂ ਨੂੰ ਬੀਬੀ ਜੀ ਦਾ ਇਹ ਉੱਦਮ ਜ਼ਰੂਰ ਪਸੰਦ ਆਵੇਗਾ।

ਜਸਵਿੰਦਰ ਸਿੰਘ (ਹਿਸਟੋਰੀਅਨ)
ਸ੍ਰੀ ਭੈਣੀ ਸਾਹਿਬ
27 ਨਵੰਬਰ 2010

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# ਧੰਨਵਾਦ

ਮੈਨੂੰ ਹਾਰਦਿਕ ਪ੍ਰਸੰਨਤਾ ਦਾ ਅਹਿਸਾਸ ਹੋ ਰਿਹਾ ਹੈ ਕਿ ਮੈਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਸੀਮ ਕਿਰਪਾ, ਬਖ਼ਸ਼ਿਸ਼ ਅਤੇ ਪ੍ਰਵਾਨਗੀ ਅਨੁਸਾਰ ਇਹ ਪੁਸਤਕ 'ਗੋਪਾਲ ਰਤਨ' ਲਿਖ ਕੇ ਛਪਵਾ ਰਹੀ ਹਾਂ। ਮੈਂ ਸ੍ਰੀ ਸਤਿਗੁਰੂ ਜੀ ਦੇ ਪ੍ਰਤੀ ਅਤਿ ਅੰਤ ਸ਼ੁਕਰਗੁਜ਼ਾਰੀ ਵਿਅਕਤ ਕਰਦੀ ਹਾਂ।

ਮੈਂ ਅਤੀ ਧੰਨਵਾਦੀ ਹਾਂ, ਉਨ੍ਹਾਂ ਸੱਜਣਾਂ ਦੀ, ਜਿਨ੍ਹਾਂ ਨੇ ਮੇਰੇ ਇਸ ਕੰਮ ਵਿਚ ਮੈਨੂੰ ਸਹਿਯੋਗ ਦਿੱਤਾ।

ਮੈਂ, ਹਾਰਦਿਕ ਧੰਨਵਾਦੀ ਹਾਂ ਡਾ. ਸਰਦਾਰਾ ਸਿੰਘ ਜੌਹਲ (ਸਾਬਕਾ ਵਾਇਸ ਚਾਂਸਲਰ,ਪੰਜਾਬੀ ਯੂਨੀਵਰਸਿਟੀ ਪਟਿਆਲਾ) ਦੀ, ਜਿਨ੍ਹਾਂ ਨੇ ਮੇਰੇ ਲਈ ਅਤੇ ਮੇਰੀਆਂ ਪੁਸਤਕਾਂ ਲਈ ਅਨਮੋਲ ਸ਼ਬਦ ਲਿਖੇ। ਡਾ ਜੌਹਲ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਰਮ ਸ਼ਰਧਾਲੂ ਸਿੱਖ ਹਨ।ਆਪ ਜੀ ਦੇ ਅਹੁਦਿਆਂ ਦੀ ਲਿਸਟ ਏਨੀ ਲੰਮੀ ਹੈ ਕਿ ਜੇ ਵੇਰਵਾ ਦੇਣ ਲੱਗੀਏ ਤਾਂ ਕਈ ਪੰਨੇ ਭਰ ਜਾਣਗੇ।

ਮੈਂ ਅਤੀ ਧੰਨਵਾਦੀ ਹਾਂ, ਸੰਤ ਜਗਤਾਰ ਸਿੰਘ ਪਨਿਹਾਰੀ (ਸੰਤ ਜਿਊਣ ਸਿੰਘ, ਸੂਬਾ ਮੀਹਾਂ ਸਿੰਘ ਸਰਹਾਲੀ, ਸੁਤੰਤਰਤਾ ਸੰਗ੍ਰਾਮੀਆਂ ਦੇ ਪਰਿਵਾਰ ਵਿਚੋਂ) ਦੀ ਜਿਹੜੇ ਸਮੇਂ ਸਮੇਂ ਤੇ ਮੈਨੂੰ ਮੇਰੀਆਂ ਪੁਸਤਕਾਂ ਬਾਰੇ ਸੁਝਾਓ ਦਿੰਦੇ ਰਹਿੰਦੇ ਹਨ।

ਮੈਂ ਸੂਬਾ ਜਗੀਰ ਸਿੰਘ ਛਾਪਿਆਂ ਵਾਲੀ ਦੀ ਅਤੀ ਧੰਨਵਾਦੀ ਹਾਂ ਜਿਨ੍ਹਾਂ ਨੇ ਮੈਨੂੰ ਮੇਰੀ ਇਸ ਪੁਸਤਕ ਲਈ ਭਰਪੂਰ ਉਤਸ਼ਾਹ ਤੇ ਸਹਿਯੋਗ ਦਿੱਤਾ।

ਹਜ਼ੂਰੀ ਸੇਵਕਾਂ ਹਰਪਾਲ ਸਿੰਘ ਅਤੇ ਰਛਪਾਲ ਸਿੰਘ ਦੀ ਮੈਂ ਬਹੁਤ ਧੰਨਵਾਦੀ ਹਾਂ ਜਿਹੜੇ ਮੈਨੂੰ ਲਿਖਦੇ ਰਹਿਣ ਲਈ ਉਤਸ਼ਾਹਿਤ ਕਰਦੇ ਤੇ ਸਹਿਯੋਗ ਦਿੰਦੇ ਰਹਿੰਦੇ ਹਨ। ਸ. ਜਸਵਿੰਦਰ ਸਿੰਘ ਹਿਸਟੋਰੀਅਨ ਦਾ ਮੈਂ ਧੰਨਵਾਦ ਕਰਦੀ ਹਾਂ ਜਿਨ੍ਹਾਂ ਨੇ ਮੇਰੀ ਇਸ ਪੁਸਤਕ ਲਈ ਕੁਝ ਸ਼ਬਦ ਲਿਖੇ।

ਗਊਸ਼ਾਲਾ ਦੇ ਪ੍ਰਬੰਧਕਾਂ- ਸੰਤ ਅਮਰ ਸਿੰਘ ਗਰੇਟਾ, ਸੰਤ ਸਾਧੂ ਸਿੰਘ ਭੰਗੂਰ, ਸੰਤ ਬਲਦੇਵ ਸਿੰਘ ਗਹਿਲਾਂ, ਸੰਤ ਮੱਘਰ ਸਿੰਘ, ਸੰਤ ਰੌਣਕ ਸਿੰਘ, ਸੰਤ ਗੁਰਨਾਮ ਸਿੰਘ ਆਦਿ ਨੇ ਮੈਨੂੰ ਭਰਪੂਰ ਜਾਣਕਾਰੀ ਦਿੱਤੀ ਹੈ, ਮੈਂ ਉਨ੍ਹਾਂ ਦਾ ਵੀ ਧੰਨਵਾਦ ਕਰਦੀ ਹਾਂ। ਸਾਰਿਆਂ ਦੇ ਨਾਂ ਸ਼ਾਇਦ ਮੈਂ ਨਾ ਲਿਖ ਸਕਾਂ, ਜਿੰਨ੍ਹਾਂ ਜਿੰਨ੍ਹਾਂ ਨੇ ਮੈਨੂੰ ਸਹਿਯੋਗ ਦਿੱਤਾ, ਉਨ੍ਹਾਂ ਸਭ ਦਾ ਮੈਂ ਧੰਨਵਾਦ ਕਰਦੀ ਹਾਂ। ਸ੍ਰੀ ਜੀਵਨ ਨਗਰ ਦੇ ਨੰਬਰਦਾਰ ਅਮਰ ਸਿੰਘ, ਸੰਤ ਇਕਬਾਲ ਸਿੰਘ ਬੱਲ ਅਤੇ ਸੰਤ ਸੁਖਦੇਵ ਸਿੰਘ

(ਟਿੱਬੇ ਵਾਲੇ) ਵਲੋਂ ਦਿੱਤੇ ਸਹਿਯੋਗ ਅਤੇ ਜਾਣਕਾਰੀ ਲਈ ਵੀ ਮੈਂ ਉਨ੍ਹਾਂ ਦਾ ਅਤੀ ਧੰਨਵਾਦ ਕਰਦੀ ਹਾਂ। ਹਜ਼ੂਰੀ ਸੇਵਕ ਰਛਪਾਲ ਸਿੰਘ, ਫੋਟੋਗ੍ਰਾਫਰ ਸੁਰਤਪਾਲ ਸਿੰਘ ਤੇ ਬੰਤਾ ਸਿੰਘ ਨੇ ਇਸ ਪੁਸਤਕ ਵਿੱਚ ਛਾਪੀਆਂ ਗਈਆਂ ਤਸਵੀਰਾਂ ਮੁਹੱਈਆ ਕਰਵਾਈਆਂ, ਉਨ੍ਹਾਂ ਦਾ ਵੀ ਮੈਂ ਧੰਨਵਾਦ ਕਰਦੀ ਹਾਂ।

ਮੈਂ ਆਪਣੇ ਪਰਿਵਾਰ ਦਾ ਵੀ ਧੰਨਵਾਦ ਕਰਦੀ ਹਾਂ। ਮੇਰੇ ਪਤੀ ਸ. ਭਗਵੰਤ ਸਿੰਘ ਮੈਨੂੰ ਹਰ ਪੱਖੋਂ ਖੋਜ-ਕਾਰਜ ਅਤੇ ਲੇਖਣ-ਕਾਰਜ ਸਮੇਂ ਸਾਥ, ਸਹਿਯੋਗ ਤੇ ਉਤਸ਼ਾਹ ਪ੍ਰਦਾਨ ਕਰਦੇ ਹਨ। ਬੇਟੀ ਰੁਪਿੰਦਰ ਕੌਰ ਨੇ ਬੜੀ ਮਿਹਨਤ ਨਾਲ ਕੰਪਿਊਟਰ 'ਤੇ ਇਸ ਪੁਸਤਕ ਦਾ ਖਰੜਾ ਤਿਆਰ ਕਰ ਕੇ ਮੈਨੂੰ ਪੂਰਾ ਸਹਿਯੋਗ ਦਿੱਤਾ ਹੈ, ਉਸ ਦਾ ਧੰਨਵਾਦ ਕਰਦਿਆਂ ਸ਼ਾਬਾਸ਼ ਦਿੰਦੀ ਹਾਂ। ਬੇਟੇ ਯਾਦਵਿੰਦਰ ਸਿੰਘ, ਨੂੰਹ ਹਰਦੀਪ ਕੌਰ, ਪੋਤੇ ਯਸ਼ਵੰਤ ਸਿੰਘ ਤੇ ਯਮੁਨਾ ਸਿੰਘ ਦੇ ਸਹਿਯੋਗ ਲਈ ਵੀ ਅਤੀ ਧੰਨਵਾਦੀ ਹਾਂ।

ਮੈਂ ਅਤੀ ਧੰਨਵਾਦੀ ਹਾਂ ਲੋਕਗੀਤ ਪ੍ਰਕਾਸ਼ਨ ਚੰਡੀਗੜ੍ਹ ਦੇ ਸ਼੍ਰੀ ਹਰੀਸ਼ ਜੈਨ ਜੀ ਅਤੇ ਸ਼੍ਰੀ ਰੋਹਿਤ ਜੈਨ ਜੀ ਦੀ ਜਿਨ੍ਹਾਂ ਨੇ ਬੜੇ ਧਿਆਨ ਤੇ ਦਿਲਚਸਪੀ ਨਾਲ ਮੇਰੀ ਇਸ ਪੁਸਤਕ ਨੂੰ ਛਾਪ ਕੇ ਮੇਰੇ ਸੁਫ਼ਨੇ ਨੂੰ ਪੂਰਾ ਕੀਤਾ ਹੈ।

ਇਸ ਪੁਸਤਕ ਨੂੰ ਲਿਖਦਿਆਂ ਕੁਝ ਉਣਤਾਈਆਂ ਵੀ ਰਹਿ ਗਈਆਂ ਹੋਣਗੀਆਂ, ਉਨ੍ਹਾਂ ਲਈ ਮੈਂ ਖਿਮਾਂ ਦੀ ਜਾਚਕ ਹਾਂ। ਸ੍ਰੀ ਸਤਿਗੁਰੂ ਜੀ ਕਿਰਪਾ ਕਰਨ, ਮੈਂ ਹੋਰ ਵਧੀਆ ਲਿਖ ਸਕਾਂ।

- ਸੂਬਾ ਸੁਰਿੰਦਰ ਕੌਰ ਖਰਲ

(20 ਅਗਸਤ, ਸੰਨ 2010)

# ਗਊ ਦੀ ਮਹੱਤਤਾ

ਭਾਰਤੀ ਜਨਜੀਵਨ ਵਿਚ ਗਾਂ ਨੂੰ ਇਕ ਵਿਸ਼ੇਸ਼ ਥਾਂ ਪ੍ਰਾਪਤ ਹੈ।

ਪ੍ਰਾਚੀਨ ਭਾਰਤ ਦੁੱਧ ਘਿਓ ਦੀਆਂ ਨਦੀਆਂ ਵਾਲਾ ਦੇਸ਼ ਕਹਾਉਂਦਾ ਸੀ। ਗਊ-ਧਨ ਨੂੰ ਦੇਸ਼ ਦੀ ਦੌਲਤ ਅਤੇ ਸੰਪਤੀ ਸਮਝਿਆ ਜਾਂਦਾ ਰਿਹਾ ਹੈ। ਉਸ ਵੇਲੇ ਖੇਤੀ ਬਾੜੀ ਵਿਵਸਥਾ ਗਊ ਵੰਸ਼ 'ਤੇ ਆਧਾਰਿਤ ਸੀ। ਬਲਦਾਂ ਨਾਲ ਖੇਤੀ ਕੀਤੀ ਜਾਂਦੀ ਸੀ। ਗੋਹੇ ਦੀ ਖਾਦ ਜੋ ਧਰਤੀ ਦਾ ਕੁਦਰਤੀ ਭੋਜਨ ਹੈ, ਨਾਲ ਅਨਾਜ ਦੀ ਪੈਦਾਵਾਰ ਹੁੰਦੀ ਸੀ। ਸਿੱਟੇ ਵਜੋਂ ਦੇਸ਼ ਅਤੇ ਦੇਸ਼ ਦੇ ਕਿਸਾਨ ਖੁਸ਼ਹਾਲ ਸਨ।

ਉਂਜ ਤਾਂ ਦੁੱਧ ਸਾਰੇ ਹੀ ਪਸ਼ੂਆਂ ਦਾ ਉੱਤਮ ਹੈ, ਪਰ ਗਊਆਂ ਦਾ ਦੁੱਧ ਸਰਵੋਤਮ ਮੰਨਿਆ ਜਾਂਦਾ ਹੈ। ਬਚਪਨ ਵਿਚ ਅਸੀਂ ਗਊ ਦਾ ਦੁੱਧ ਪੀਂਦੇ ਹਾਂ, ਸੋ ਗਊ ਮਾਤਾ ਸਮਾਨ ਸਾਡੀ ਪਾਲਣਾ ਕਰਦੀ ਹੈ। ਇਸ ਲਈ ਪੁਰਾਤਨ ਕਾਲ ਤੋਂ ਹੀ ਭਾਰਤ ਵਿਚ ਗਊ ਨੂੰ ਮਾਤਾ ਕਰਕੇ ਪੂਜਿਆ, ਸਤਿਕਾਰਿਆ ਅਤੇ ਸੇਵਿਆ ਜਾਂਦਾ ਰਿਹਾ ਹੈ।

ਵਿਸ਼ਵ ਸਵਾਸਥ ਸੰਗਠਨ ਅਨੁਸਾਰ ਮਾਂ ਦੇ ਦੁੱਧ ਮਗਰੋਂ, ਗਾਂ ਦਾ ਦੁੱਧ ਹੀ ਮਨੁੱਖ ਲਈ ਸਭ ਤੋਂ ਵੱਧ ਉਪਯੋਗੀ ਹੈ। ਜਿਸ ਛੋਟੇ ਬੱਚੇ ਦੀ ਮਾਂ ਦੀ ਮੌਤ ਹੋ ਜਾਂਦੀ ਹੈ, ਉਸ ਨੂੰ ਗਾਂ ਦੇ ਦੁੱਧ ਨਾਲ ਹੀ ਪਾਲਿਆ ਜਾਂਦਾ ਹੈ। ਗਾਂ ਦਾ ਦੁੱਧ ਪਤਲਾ ਹੁੰਦਾ ਹੈ ਅਤੇ ਜਲਦੀ ਹਜ਼ਮ ਹੋ ਜਾਦਾ ਹੈ। ਬੀਮਾਰ ਵਿਅਕਤੀ ਨੂੰ ਵੀ ਗਊ ਦਾ ਦੁੱਧ ਦਿਤਾ ਜਾਂਦਾ ਹੈ।

ਗਊ ਮਾਤਾ ਵਲੋਂ ਦਿੱਤੇ ਉਤਪਾਦ ਅੰਮ੍ਰਿਤ ਸਮਾਨ ਹਨ। ਇਨ੍ਹਾਂ ਦੇ ਸੇਵਨ ਨਾਲ ਵੱਖ ਵੱਖ ਤਰ੍ਹਾਂ ਦੇ ਰੋਗਾਂ ਦਾ ਨਾਸ਼ ਹੁੰਦਾ ਹੈ ਅਤੇ ਮਾਨਸਿਕ ਵਿਕਾਸ ਹੁੰਦਾ ਹੈ। ਗਊ ਦਾ ਦੁੱਧ ਬੇਹਦ ਤਾਕਤਵਰ ਅਤੇ ਬੁੱਧੀ ਦੇ ਵਿਕਾਸ 'ਚ ਵਾਧਾ ਕਰਨ ਵਾਲਾ ਹੁੰਦਾ ਹੈ।

ਸੰਨ 2009-10 ਨੂੰ ਕੀਤੀ ਗਈ ਵਿਸ਼ਵ ਮੰਗਲ ਗੌ ਗ੍ਰਾਮ ਯਾਤਰਾ ਸਮੇਂ ਛਪਾ ਕੇ ਵੰਡੇ ਗਏ ਪੈਫਲਟਾਂ ਦੇ ਪੰਨਾ ਨੰ. 5 'ਤੇ ਲਿਖੇ ਗਏ ਲੇਖ ' ਦੇਸੀ ਗਊ ਦੇ ਗੁਣ ਅਨੇਕ' ਅਨੁਸਾਰ-

ਗਊ ਦੇ ਦੁੱਧ ਵਿੱਚ ਵਿਗਿਆਨਿਕਾਂ ਦੇ ਮੁਤਾਬਕ 8 ਤਰ੍ਹਾਂ ਦੇ ਪ੍ਰੋਟੀਨ, 6 ਤਰ੍ਹਾਂ ਦੇ ਵਿਟਾਮਿਨ, 21 ਤਰ੍ਹਾਂ ਦੇ ਅਮਿਨੋ ਏਸਿਡ,11 ਤਰ੍ਹਾਂ ਦੇ ਚਰਬੀਯੁਕਤ ਏਸਿਡ, 25 ਤਰ੍ਹਾਂ ਦੇ ਖਣਿਜ ਤੱਤ,16 ਤਰ੍ਹਾਂ ਦੇ ਨਾਇਟ੍ਰੋਜਨ,4 ਤਰ੍ਹਾਂ ਦੇ ਫਾਸਫੋਰਸ ਯੋਗਿਕ, 2 ਤਰ੍ਹਾਂ ਦੀ ਸ਼ਰਕਰਾ ਹੁੰਦੀ ਹੈ।

– ਕਾਰਨੇਲ ਵਿ.ਵਿ. ਦੇ ਪਸ਼ੂ ਵਿਗਿਆਨਕ ਪ੍ਰੋ. ਰੋਨਾਲਡੋ ਗੋਰਸਟੋਂ

4 ਮਾਰਚ ਸੰਨ 2009 ਨੂੰ ਰੋਜ਼ਾਨਾ ਅਖਬਾਰ ਜਗਬਾਣੀ ਵਿਚ ਛਪੇ ਲੇਖ 'ਪੰਜਾਬ ਸਰਕਾਰ ਵੀ ਗਊ ਰੱਖਿਆ ਲਈ ਸਖਤ ਕਾਨੂੰਨ ਬਣਾਵੇ' (ਲੇਖਕ ਸ੍ਰੀ ਕੀਮਤੀ ਭਗਤ) ਅਨੁਸਾਰ-

" ਗਊ ਦੇ ਦੁੱਧ ਅਤੇ ਘਿਓ ਨਾਲ ਕੈਲੇਸਟ੍ਰੋਲ ਨਹੀਂ ਬਣਦਾ। ਇਸ ਵਿਚ ਮਨੁੱਖ ਦੀਆਂ ਸਾਰੀਆਂ ਲੋੜਾਂ ਪੂਰੀਆਂ ਕਰਨ ਦੀ ਸਮਰੱਥਾ ਹੁੰਦੀ ਹੈ। ਗਊ ਦੇ ਘਿਓ ਅਤੇ ਚਾਵਲਾਂ ਦੇ ਹਵਨ ਨਾਲ ਚੌਗਿਰਦਾ ਸ਼ੁੱਧ ਹੁੰਦਾ ਹੈ।

" ਗਊ ਦੇ ਮੂਤਰ ਵਿਚ 24 ਰਸਾਇਣ ਅਤੇ ਗੋਹੇ 'ਚ 16 ਖਣਿਜ ਤੱਤ ਹੁੰਦੇ ਹਨ। ਗਊ ਅਤੇ ਗਊਵੰਸ਼ ਦੇ ਗੋਹੇ ਅਤੇ ਗਊ ਮੂਤਰ ਨਾਲ ਬਨਣ ਵਾਲੀ ਖਾਦ ਦਾ ਇਸਤੇਮਾਲ ਕਰਨ ਨਾਲ ਧਰਤੀ ਦੀ ਉਪਜਾਊ ਸ਼ਕਤੀ ਵੱਧ ਜਾਂਦੀ ਹੈ ਅਤ ਧਰਤੀ ਅੰਨ ਤੇ ਧਨ ਨਾਲ ਭਰ ਜਾਂਦੀ ਹੈ। ਗਊ ਦੇ ਗੋਹੇ ਵਿਚ ਜਲਣਸ਼ੀਲ ਮਿਥੇਨ ਗੈਸ ਹੁੰਦੀ ਹੈ, ਜੋ ਉਰਜਾ ਦਾ ਉੱਤਮ ਬਦਲ ਹੈ। ਗਾਂ ਦੇ ਗੋਹੇ ਨਾਲ ਗੋਬਰ ਗੈਸ ਅਤੇ ਧਰਤੀ ਨੂੰ ਲੋੜੀਂਦੀ ਅਨੇਕ ਤਰ੍ਹਾਂ ਦੀ ਖਾਦ ਮਿਲਦੀ ਹੈ।

" ਗਊ ਦਾ ਗੋਬਰ ਅਤੇ ਮੂਤਰ ਬੇਹੱਦ ਸਸਤੇ ਤੇ ਹਾਨੀ ਕਾਰਕ ਕੀਟ-ਨਾਸ਼ਕ ਹਨ। ਇਸ ਨੂੰ ਦੇਸ਼ ਦੀ ਬਦਕਿਸਮਤੀ ਹੀ ਕਿਹਾ ਜਾਵੇਗਾ ਕਿ ਗਊਵੰਸ਼ ਦੀ ਖਾਦ ਨੂੰ ਛੱਡ ਕੇ ਅਸੀਂ ਰਸਾਇਣਕ ਖਾਦਾਂ ਅਤੇ ਰਸਾਇਣਕ ਕੀੜੇਕਾਰ ਦਵਾਈਆਂ ਦੇ ਇਸਤੇਮਾਲ ਨੂੰ ਤਰਜੀਹ ਦਿੰਦੇ ਹਾਂ, ਜਿਸ ਦੇ ਬੁਰੇ ਨਤੀਜੇ ਸਾਡੇ ਸਾਹਮਣੇ ਹਨ। ਜ਼ਮੀਨ ਦੀ ਉਪਜਾਊ ਸ਼ਕਤੀ ਘੱਟ ਗਈ, ਪਾਣੀ ਦਾ ਪੱਧਰ ਹੇਠਾਂ ਚਲਾ ਗਿਆ, ਪ੍ਰਦੂਸ਼ਣ ਦੀਆਂ ਸਮੱਸਿਆਵਾਂ ਵਧ ਗਈਆਂ, ਜਿਸ ਕਾਰਨ ਅਨਾਜ, ਸਬਜ਼ੀਆਂ, ਫਲ, ਦੁੱਧ ਅਤੇ ਪਾਣੀ ਤੋਂ ਮਨੁੱਖ ਅਤੇ ਪਸ਼ੂਆਂ ਦੀ ਸਿਹਤ ਨੂੰ ਖਤਰਾ ਵਧ ਗਿਆ।

" ਗਊ ਹੀ ਇਕ ਅਜਿਹਾ ਪ੍ਰਾਣੀ ਹੈ, ਜਿਸ ਦੀ ਵੱਡੀ ਅੰਤੜੀ 180 ਫੁੱਟ ਲੰਮੀ ਹੁੰਦੀ ਹੈ। ਇਸ ਦੀ ਖਾਸਿਅਤ ਇਹ ਹੈ ਕਿ ਇਸ ਦੇ ਦੁੱਧ ਚ ਕੈਰੋਟੀਨ ਨਾਮੀ ਪਦਾਰਥ ਬਣਦਾ ਹੈ, ਜੋ ਸਰੀਰ 'ਚ ਪਹੁੰਚ ਕੇ ਵਿਟਾਮਿਨ-ਏ ਤਿਆਰ ਕਰਦਾ ਹੈ। ਇਹ ਅੱਖਾਂ ਦੀ ਰੋਸ਼ਨੀ ਲਈ ਬਹੁਤ ਜ਼ਰੂਰੀ ਹੈ।

" ਗਊ ਦੀ ਰੀੜ੍ਹ ਦੀ ਹੱਡੀ ਚ ਸੂਰਜਕੇਤੂ ਨਾਂ ਦੀ ਨਾੜੀ ਹੁੰਦੀ ਹੈ, ਜੋ ਸੂਰਜ ਦੀ ਰੌਸ਼ਨੀ ਚ ਕਿਰਿਆਸ਼ੀਲ ਹੁੰਦੀ ਹੈ ਤੇ ਪੀਲੇ ਰੰਗ ਦਾ ਪਦਾਰਥ ਛੱਡਦੀ ਹੈ, ਇਸ ਲਈ ਗਊ ਦਾ ਦੁੱਧ, ਮੱਖਣ ਅਤੇ ਘਿਓ ਪੀਲੇ ਰੰਗ ਦਾ ਹੁੰਦਾ ਹੈ। ਇਹ ਤੱਤ ਸਰਵ-ਰੋਗ ਨਾਸ਼ਕ ਅਤੇ ਜ਼ਹਿਰ ਨਾਸ਼ਕ ਹੈ।

" ਗਊ ਨੂੰ ਹਰੇਕ ਨਜ਼ਰੀਏ ਤੋਂ, ਚਾਹੇ ਉਹ ਆਯੁਰਵੇਦ ਹੋਵੇ ਜਾਂ ਵਿਗਿਆਨਕ, ਅਧਿਆਤਮਕ, ਸਮਾਜਿਕ ਜਾਂ ਆਰਥਿਕ, ਸੰਸਾਰ ਦਾ ਸਰਵਉੱਤਮ ਪ੍ਰਾਣੀ ਮੰਨਿਆ ਜਾਂਦਾ ਹੈ।

"ਭਾਰਤ ਦੀਆਂ ਸਾਰੀਆਂ ਨਸਲਾਂ ਦੀਆਂ ਗਊਆਂ ਦਾ ਦੁੱਧ ਯੂਰਪੀਅਨ ਗਊਆਂ ਦੇ ਦੁੱਧ ਨਾਲੋਂ ਉੱਤਮ ਮੰਨਿਆ ਜਾਂਦਾ ਹੈ। "

- ਲੇਖਕ ਸ੍ਰੀ ਕੀਮਤੀ ਭਗਤ

ਦੇਸੀ ਗਾਂ ਦੇ ਦੁੱਧ ਵਿਚ ਥੰਦਿਆਈ ਦੀ ਮਾਤਰਾ, ਅਮਰੀਕਨ ਗਾਂ ਦੇ ਦੁੱਧ ਨਾਲੋ ਕ੍ਰੀਬ ਦੁਗਣੀ ਹੁੰਦੀ ਹੈ ਅਤੇ ਦੁੱਧ, ਦਹੀਂ,ਲੱਸੀ, ਮੱਖਣ ਅਤੇ ਘਿਓ ਵੀ ਜ਼ਿਆਦਾ ਸਵਾਦ ਹੁੰਦਾ ਹੈ।

ਗਊ ਦੇ ਗੋਹੇ ਦੀ ਖਾਦ ਨਾਲ ਧਰਤੀ ਤੋਂ ਪੈਦਾ ਕੀਤਾ ਗਿਆ ਅੰਨ ਅਤੇ ਹੋਰ ਪਦਾਰਥ ਸਵਾਦਲੇ, ਪੌਸ਼ਟਿਕ ਅਤੇ ਸਿਹਤ ਵਰਧਕ ਹੁੰਦੇ ਹਨ।

ਪੁਰਾਣੇ ਸਮੇਂ ਵਿਚ ਘਰਾਂ ਵਿੱਚ ਪਵਿੱਤਰ ਸਥਾਨ-ਰਸੋਈ ਘਰ, ਚੁੱਲਾ, ਯੱਗ ਵੇਦੀ, ਪੂਜਾ ਸਥਾਨ ਆਦਿ ਪਵਿੱਤਰ ਅਤੇ ਕਿਟਾਣੂੰ ਰਹਿਤ ਬਨਾਉਣ ਲਈ ਗਾਂ ਦੇ ਗੋਹੇ ਨਾਲ ਲਿੱਪੇ ਜਾਂਦੇ ਸਨ। ਇਹ ਲਿਪਾਈ ਫਿਨਾਇਲ ਦਾ ਕੰਮ ਕਰਦੀ ਸੀ। ਦੁਨੀਆਂ ਵਿਚ ਗੰਗਾਜਲ ਤੋਂ ਬਾਅਦ ਗਊ ਮੂਤਰ ਹੀ ਹੈ ਜਿਸ ਵਿਚ ਕੀੜੇ ਨਹੀਂ ਪੈਂਦੇ ਅਤੇ ਲੰਮੇ ਸਮੇਂ ਤੀਕ ਇਹ ਖਰਾਬ ਨਹੀਂ ਹੁੰਦਾ।

ਅੱਜ ਕੱਲ੍ਹ ਇਹ ਵੀ ਕਿਹਾ ਜਾਂਦਾ ਹੈ ਕਿ ਜੇ ਕਿਸੇ ਵਿਅਕਤੀ ਨੂੰ ਬਲੱਡ ਪ੍ਰੈਸ਼ਰ ਘੱਟ ਹੋਵੇ ਤਾਂ ਗਊ ਨੂੰ ਆਪਣੇ ਦੋਵੇਂ ਹੱਥ ਚਟਾਉਣ ਨਾਲ ਤਾਂ ਬੀ.ਪੀ. ਠੀਕ ਹੋ ਜਾਂਦਾ ਹੈ, ਜੇ ਬਲੱਡ ਪ੍ਰੈਸ਼ਰ ਵੱਧ ਹੋਵੇ ਤਾਂ ਗਊ ਦੇ ਸਿਰ ਅਤੇ ਪਿੱਠ 'ਤੇ ਹੱਥ ਫੇਰਨ ਨਾਲ ਬੀ.ਪੀ. ਠੀਕ ਹੋ ਜਾਂਦਾ ਹੈ।

ਗਊਆਂ ਦੇ ਦੁੱਧ, ਘਿਓ ਤੇ ਗੋਹੇ ਦੀ ਖਾਦ ਨਾਲ ਹੀ ਗਊਆਂ ਅਤੇ ਗਊਆਂ ਰੱਖਣ ਵਾਲੇ ਦੇ ਪਰਿਵਾਰ ਨੂੰ ਪਾਲਣ ਦਾ ਖਰਚਾ ਨਿਕਲ ਆਉਂਦਾ ਹੈ ।

'ਸਰਵਦੇਵਮਯੀ ਗਊ ਮਾਤਾ ਦੀ ਪੁਕਾਰ' ਸੱਤਵਾਂ ਸੰਸਕਰਣ,ਵਲੋਂ ਚੌਧਰੀ ਦੇਸ਼ਰਾਮ ਮੈਮੋਰੀਅਲ ਗਊ ਸੇਵਾ ਟਰੱਸਟ (ਰਜਿ.) ਦਿੱਲੀ ਅਨੁਸਾਰ-

"ਗਊ ਯਦੀ ਦੂੱਧ ਔਰ ਬੱਚੇ ਨਾ ਭੀ ਦੇ ਤੋ, ਉਸ ਕੇ ਗੋਬਰ-ਗੋਮੂਤਰ ਸੇ ਹੀ ਇਤਨੀ ਆਮਦਨੀ ਹੋ ਸਕਤੀ ਹੈ ਕਿ ਉਤਨੇ ਪੈਸੋਂ ਕਾ ਚਾਰਾ ਵਹ ਖਾ ਹੀ ਨਹੀਂ ਸਕਤੀ। -(ਪੰਨਾ 25)

"ਆਮ ਆਦਮੀ ਜਿਸ ਦਿਨ ਯਹ ਬਾਤ ਜਾਨ ਜਾਏਗਾ ਕਿ ਗਊ ਮਾਤਾ ਧਰਤੀ ਕੇ ਲਿਏ ਵਰਦਾਨ ਹੈ, ਤੋ ਉਸਕੀ ਰਕਸ਼ਾ ਮੇਂ ਵਹ ਸਵਯਮ ਖੜਾ ਹੋ ਜਾਏਗਾ। (ਪੰਨਾ 31)

"ਕੂਕਾ ਨਾਮਧਾਰੀ ਸਿੱਖੋਂ ਨੇ ਗੋਰਕਸ਼ਾ ਕੋ ਨਾਮਧਾਰੀ ਸੰਪਰਦਾਇ ਕਾ ਪ੍ਰਮੁੱਖ ਸੂਤਰ ਬਨਾਇਆ। -(ਪੰਨਾ 20)

# ਭਾਰਤੀ ਸੰਸਕ੍ਰਿਤੀ ਵਿਚ ਗਊ ਦਾ ਸਥਾਨ

ਗਊ ਨੂੰ ਭਾਰਤੀ ਸੰਸਕ੍ਰਿਤੀ ਦਾ ਮੂਲ ਅਧਾਰ ਸਮਝਿਆ ਜਾਂਦਾ ਹੈ।

ਸਾਰੇ ਧਰਮਾਂ 'ਚ ਗਊ ਪ੍ਰਤੀ ਆਸਥਾ ਪ੍ਰਗਟਾਈ ਗਈ ਹੈ।

ਵੈਦਿਕ ਧਰਮ 'ਚ ਗਊ ਨੂੰ ਸਰਵ-ਦੇਵਮਈ, ਸਰਵ-ਤੀਰਥ ਮਈ ਅਤੇ ਪਰਮ ਪਵਿੱਤਰ ਕਿਹਾ ਗਿਆ ਹੈ।

ਹਿੰਦੂ ਧਰਮ ਦੇ ਚਾਰ ਵੇਦ- ਰਿਗਵੇਦ, ਸਾਮ ਵੇਦ, ਯਜੁਰਵੇਦ ਤੇ ਅਥਰਵ ਵੇਦ ਅਤੇ ਉਪਨਿਸ਼ਦਾਂ ਤੇ ਸਿੰਮ੍ਰਤੀਆਂ ਅਤੇ ਭਾਗਵਤ ਗੀਤਾ ਆਦਿ ਵਿਚ, ਗਊ ਦੀ ਮਹੱਤਤਾ ਬਾਰੇ ਲਿਖਿਆ ਹੋਇਆ ਹੈ। ਰਿਗ ਵੇਦ ਵਿਚ ਰਾਜੇ ਨੂੰ ਹੁਕਮ ਹੈ ਕਿ ਉਹ ਗਊ-ਘਾਤਕਾਂ ਨੂੰ, ਜੋ ਲੋਕਾਂ ਨੂੰ ਦੁੱਧ ਰੂਪੀ ਅੰਮ੍ਰਿਤ ਤੋਂ ਸੱਖਣੇ ਕਰਦੇ ਹਨ, ਦੰਡ ਦੇਵੇ।

ਸਾਰੀਆਂ ਇੱਛਾਵਾਂ ਦੀ ਪੂਰਤੀ ਕਰਨ ਵਾਲੀ 'ਕਾਮਧੇਨੂ ਗਊ' ਦਾ ਜ਼ਿਕਰ ਵੀ ਹਿੰਦੂ ਗ੍ਰੰਥਾਂ ਵਿਚ ਆਉਂਦਾ ਹੈ।

ਕਿਹਾ ਜਾਂਦਾ ਹੈ ਕਿ ਭਗਵਾਨ ਦੇ ਅਵਤਾਰ ਦਾ ਮੂਲ ਕਾਰਨ ਗਊ ਦੀ ਰੱਖਿਆ ਹੈ। ਸਰਵਹਿੱਤਕਾਰੀ ਧਨ ਗਊ ਹੈ। ਗਊ ਵਰਗਾ ਉਪਯੋਗੀ ਪ੍ਰਾਣੀ ਇਕ ਕੁਦਰਤੀ ਜਾਇਦਾਦ ਹੈ।

ਭਗਵਾਨ ਸ਼੍ਰੀ ਕ੍ਰਿਸ਼ਨ ਦੀ ਗੱਲ ਕਰੀਏ ਤਾਂ ਗਊ ਮਾਤਾ ਦੀ ਚਰਚਾ ਸੁਭਾਵਿਕ ਹੈ। ਗਊਆਂ ਦੀ ਰੱਖਿਆ ਕਰਨ ਅਤੇ ਪ੍ਰੇਮ ਨਾਲ ਪਾਲਣ ਕਰਨ ਕਰ ਕੇ ਹੀ ਭਗਵਾਨ ਸ਼੍ਰੀ ਕ੍ਰਿਸ਼ਨ ਨੂੰ 'ਗੋਪਾਲ' ਆਖਿਆ ਜਾਂਦਾ ਹੈ। ਜਦੋਂ ਭਗਵਾਨ ਬੰਸਰੀ ਵਜਾਉਂਦੇ ਤਾਂ ਗਊਆਂ, ਵੱਛੇ ਉਨ੍ਹਾਂ ਨੂੰ ਘੇਰ ਲੈਂਦੇ ਸਨ। ਉਹ ਇਕ-ਇਕ ਗਊ ਨੂੰ ਉਸ ਦੇ ਨਾਂ ਨਾਲ ਬੁਲਾਉਂਦੇ ਸਨ, ਤਾਂ ਹੀ ਕਿਹਾ ਜਾਂਦਾ ਹੈ ਕਿ ਗਾਂ ਦੀ ਸੇਵਾ ਕਰਨ ਵਾਲੇ ਤੋਂ ਗੋਪਾਲ ਖ਼ੁਸ਼ ਹੁੰਦੇ ਹਨ ਤੇ ਸੇਵਾ ਕਰਨ ਵਾਲੇ ਨੂੰ ਲੋਕ ਪਰਲੋਕ ਦੇ ਸਾਰੇ ਸੁਖ ਮਿਲਦੇ ਹਨ।

ਗੋਪੀਆਂ ਦੇ ਬ੍ਰਿਹਾ-ਨਾਟਕ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਭਗਵਾਨ ਕ੍ਰਿਸ਼ਨ ਨੂੰ ' ਗਊਅਨ ਕੇ ਰਖਵਾਰੇ ' ਕਹਿ ਕੇ ਲਿਖਦੇ ਹਨ- ਗੋਪੀਆਂ ਵਿਰਲਾਪ ਕਰਦੀਆਂ ਭਗਵਾਨ ਸ੍ਰੀ ਕ੍ਰਿਸ਼ਨ ਨੂੰ ਆਖਦੀਆਂ ਹਨ-

**" ਹੇ ਸਭ ਗਊਅਨ ਕੇ ਰਖਵਾਰੇ,**
**ਕਬ ਘਰ ਆਵਹੁਗੇ ਹਮ ਹਾਰੇ। "**

ਪੁਰਾਤਨ ਸਮੇਂ ਵਿਚ ਰਿਸ਼ੀ-ਮੁਨੀ ਵੀ ਆਪਣੇ ਆਸ਼ਰਮਾਂ ਵਿਚ ਗਊਆਂ ਰਖਦੇ ਸਨ। ਘਰਾਂ ਵਿਚ ਵੀ ਤਕਰੀਬਨ ਹਰ ਪਰਿਵਾਰ, ਘੱਟੋ-ਘੱਟ ਇਕ ਗਊ ਜ਼ਰੂਰ

ਪਾਲਦਾ ਸੀ। ਜਿਸ ਪਰਿਵਾਰ ਵਿਚ ਗਊਆਂ ਦੀ ਗਿਣਤੀ ਵਧੇਰੇ ਹੁੰਦੀ ਸੀ, ਉਹੀ ਧਨੀ ਮੰਨਿਆ ਜਾਂਦਾ ਸੀ। ਰਾਜੇ ਮਹਾਰਾਜੇ ਹਰ ਸ਼ੁੱਭ ਅਵਸਰ ' ਤੇ ਗਊਆਂ ਦਾਨ ਕਰਿਆ ਕਰਦੇ ਸਨ। ਹਿੰਦੂ ਲੋਕ ਲੜਕੀ ਦੇ ਵਿਆਹ ਸਮੇਂ ਕੰਨਿਆਂ ਦਾਨ ਦੇ ਨਾਲ ਗਊ ਵੀ ਦਾਨ ਕਰਦੇ ਸਨ।

ਭਗਵਾਨ ਸ਼੍ਰੀ ਰਾਮ, ਗਊ ਧਨ ਨੂੰ ਸਭ ਤੋਂ ਜ਼ਿਆਦਾ ਮਹੱਤਵ ਦਿੰਦੇ ਸਨ ਅਤੇ ਗਊ ਦਾਨ ਨੂੰ ਸਭ ਤੋਂ ਸ੍ਰੇਸ਼ਟ ਮੰਨਦੇ ਸਨ।

" ਭਗਵਾਨ ਸ਼੍ਰੀ ਰਾਮ ਨੂੰ ਬਣਵਾਸ ਮਿਲਣ ਮਗਰੋਂ ਸ਼੍ਰੀ ਭਰਤ ਨੇ ਆਪਣੇ ਬਾਰੇ ਮਾਤਾ ਕੌਸ਼ਲਿਆ ਦੇ ਮਨ ਵਿਚ ਪਏ ਭੁਲੇਖੇ ਨੂੰ ਦੂਰ ਕਰਨ ਲਈ ਕਿਹਾ,

' ਹੇ ਮਾਤਾ, ਜੇ ਰਾਮ-ਬਣਵਾਸ ਵਿਚ ਮੇਰਾ ਜ਼ਰਾ ਜਿੰਨਾ ਵੀ ਹੱਥ ਹੋਵੇ ਤਾਂ ਮੈਨੂੰ ਉਹ ਪਾਪ ਲੱਗੇ ਜੋ ਇਕ ਗਊ ਘਾਤਕ ਨੂੰ ਲਗਦਾ ਹੈ। "

-ਸਤਿਜੁਗ ਦਾ ਗਊ ਅੰਕ (9 ਚੇਤਰ 2024)
ਪੰਨਾ-24, ਲੇਖਕ ਸ੍ਰੀ ਰਾਜਿੰਦਰ ਸਿੰਘ ਜੀ ਗੁਰੂਸਰ

ਆਪਣੀ ਗੱਲ ਦੀ ਸੱਚਾਈ ਦਾ ਸਬੂਤ ਦੇਣ ਲਈ ਪੁਰਾਣੇ ਸਮਿਆਂ ਵਿਚ ਗਊ ਦੀ ਸਹੁੰ ਵੀ ਖਾਧੀ ਜਾਂਦੀ ਸੀ।

" ਵੈਦਿਕ ਕਾਲ ਤੋਂ ਹੁਣ ਤਕ ਗਊ ਭਾਰਤੀ ਸੰਸਕ੍ਰਿਤੀ ਦੀ ਨਿਸ਼ਾਨੀ ਮੰਨੀ ਗਈ ਹੈ। ਭਾਰਤ 'ਚ ਕੇਵਲ ਹਿੰਦੂ ਜਨਤਾ ਨੇ ਹੀ ਨਹੀਂ, ਸਗੋਂ ਸਿੱਖ, ਪਾਰਸੀ, ਜੈਨ, ਇਸਾਈ ਆਦਿ ਸਾਰੇ ਧਰਮ ਵਾਲਿਆਂ ਨੇ ਵੀ ਗਾਂ ਦਾ ਸਨਮਾਨ ਕੀਤਾ ਹੈ। ਧਾਰਮਿਕ, ਸਾਂਸਕ੍ਰਿਤ, ਆਰਥਿਕ, ਰਾਸ਼ਟਰੀ ਦ੍ਰਿਸ਼ਟੀ ਤੋਂ ਮਹੱਤਵਪੂਰਨ ਹੋਣ ਦੇ ਕਾਰਨ ਹੀ ਗਾਂ ਨੂੰ ਕਤਲ ਦੀ ਆਗਿਆ ਨਹੀਂ ਦਿੱਤੀ ਗਈ। ਮੁਸਲਮ ਸ਼ਾਸਨ-ਕਾਲ ਵਿਚ ਵੀ ਗਾਂ ਦੀ ਇੱਜ਼ਤ ਕੀਤੀ ਜਾਂਦੀ ਸੀ।"

-ਸਤਿਜੁਗ ਦਾ ਗਊ ਅੰਕ (9 ਚੇਤਰ 2024) ਪੰਨਾ-129

" ਸੱਚ ਤਾਂ ਇਹ ਹੈ ਕਿ ਕਿਸੇ ਵੀ ਧਰਮ ਇਥੋਂ ਤਕ ਕਿ ਇਸਲਾਮ ਵਿਚ ਵੀ ਗਊ-ਹੱਤਿਆ ਨੂੰ ਧਾਰਮਿਕ ਅਧਿਕਾਰ ਨਹੀਂ ਦੱਸਿਆ ਗਿਆ।

"ਇਸਲਾਮ ਧਰਮ 'ਚ ਹਜ਼ਰਤ ਮੁਹੰਮਦ ਸਾਹਿਬ ਨੇ ਕਿਹਾ ਕਿ ਗਊ ਦਾ ਦੁੱਧ ਅਤੇ ਘਿਓ ਸਰੀਰਕ ਤੰਦਰੁਸਤੀ ਲਈ ਬਹੁਤ ਜ਼ਰੂਰੀ ਹੈ। ਇਸ ਦਾ ਮਾਸ ਨੁਕਸਾਨਦੇਹ ਅਤੇ ਬੀਮਾਰੀ ਪੈਦਾ ਕਰਦਾ ਹੈ। ਗਊ ਨੂੰ 'ਦੌਲਤ ਦੀ ਰਾਣੀ ' ਦੱਸਿਆ ਗਿਆ ਹੈ।

- ਸ੍ਰੀ ਕੀਮਤੀ ਭਗਤ

ਬੁੱਧ ਧਰਮ ਵਿਚ ਵੀ ਗਊ ਨੂੰ ਮਾਤਾ-ਪਿਤਾ ਵਾਂਗ ਉਪਕਾਰੀ ਦੱਸਿਆ ਗਿਆ ਹੈ।

"ਗਊ-ਪ੍ਰਤੀ ਆਪਣੀ ਸ਼ਰਧਾ ਪ੍ਰਗਟ ਕਰਦਿਆਂ ਮਹਾਤਮਾ ਬੁੱਧ ਨੇ ਕਿਹਾ ਸੀ,

" ਜਿਵੇਂ ਮਾਤਾ, ਪਿਤਾ, ਭੈਣ, ਭਰਾ ਸਾਡੇ ਹਨ, ਉਸੇ ਤਰ੍ਹਾਂ ਹੀ ਗਊਆਂ ਵੀ

ਸਾਡੀਆਂ ਪਰਮ ਮਿੱਤਰ ਹਨ ਜਿਨ੍ਹਾਂ ਤੋਂ ਔਸ਼ਧੀ, ਦੁੱਧ, ਘਿਉ, ਮੱਖਣ, ਖੋਆ ਤੇ ਪਨੀਰ ਆਦਿ ਪੈਦਾ ਹੁੰਦਾ ਹੈ। ਅੰਨ ਦਾਤਾ, ਬਲਦਾਤਾ ਤੇ ਸੁਖ ਦਾਤਾ ਹੋਣ ਕਾਰਨ ਗਊ ਕਤਲ ਕਰਨੀ ਯੋਗ ਨਹੀਂ। "

" ਨੇਪਾਲ ਵਿਚ ਗਊ-ਹੱਤਿਆ ਨੂੰ ਨਰ ਹੱਤਿਆ ਦੇ ਬਰਾਬਰ ਸਮਝ ਕੇ ਹੱਤਿਆਰੇ ਨੂੰ ਸਜ਼ਾ ਦਿਤੀ ਜਾਂਦੀ ਸੀ।

" ਇਨ੍ਹਾਂ ਲਿਖਤਾਂ ਤੋਂ ਸਪਸ਼ਟ ਹੈ ਕਿ ਪੁਰਾਤਨ ਸਮੇਂ ਵਿਚ ਗਊ ਮਾਰਨ ਦਾ ਵਿਧਾਨ ਨਹੀਂ ਹੁੰਦਾ ਸੀ, ਇਹ ਰੀਤ ਅੰਗਰੇਜ਼ ਰਾਜ ਲਾਗੂ ਹੋਣ ਤੱਕ ਚਲਦੀ ਰਹੀ ਹੈ।" - ਗਊ ਅੰਕ ਪੰਨਾ 24

ਭਾਰਤ ਦੇ ਬਹੁਤੇ ਮੁਸਲਮ ਸ਼ਾਸਕਾਂ ਨੇ ਆਪਣੇ ਰਾਜ ਵਿਚ ਗਊ-ਹੱਤਿਆ 'ਤੇ ਰੋਕ ਲਾ ਰੱਖੀ ਸੀ।

" ਬਾਬਰ ਨੇ ਵੀ ਆਪਣੀ ਮੌਤ ਸਮੇਂ ਹਮਾਯੂੰ ਨੂੰ, ਹਿੰਦੂਆਂ ਦੀਆਂ ਗਊ ਲਈ ਸ਼ਰਧਾ ਭਾਵਨਾਵਾਂ ਦਾ ਸਤਿਕਾਰ ਕਰਨ ਤੇ ਗਊ-ਰੱਖਿਆ ਲਈ ਕੋਈ ਵੀ ਕਸਰ ਬਾਕੀ ਨਾ ਰੱਖਣ ਦਾ ਉਪਦੇਸ਼ ਦਿਤਾ ਸੀ। ਅਕਬਰ ਬਾਦਸ਼ਾਹ ਦਾ ਵਿਸ਼ੇਸ਼ ਹੁਕਮ ਸੀ ਕਿ ਗਊ ਨੂੰ ਕਤਲ ਕਰਨ ਵਾਲੀ ਨਿਗ੍ਹਾ ਨਾਲ ਵੇਖਣ ਵਾਲੇ ਦੇ ਹੱਥ ਵੱਢ ਦਿੱਤੇ ਜਾਣ।" -ਗਊ ਅੰਕ ਪੰਨਾ 24

" ਮੁਸਲਮਾਨ ਬਾਦਸ਼ਾਹ ਔਰੰਗਜੇਬ ਆਪਣੀ ਕਲਮ ਨਾਲ ਲਿਖਦਾ ਹੈ :-

" ਗਊ ਘਾਤਕ ਹਿੰਦੁਸਤਾਨ 'ਤੇ ਰਾਜ ਨਹੀਂ ਕਰ ਸਕਦਾ। " ਭਾਵ ਉਸ ਦਾ ਰਾਜ ਜਲਦੀ ਨਸ਼ਟ ਹੋਵੇਗਾ।"

-ਗਊ ਅੰਕ ਪੰਨਾ 108

ਭਾਰਤ ਵਾਸੀਆਂ ਦੇ ਧਰਮ ਦਾ ਇਕ ਵਿਸ਼ੇਸ਼ ਅੰਗ ਹੈ-ਗਊ ਗ੍ਰੀਬ ਦੀ ਰੱਖਿਆ ਕਰਨਾ।

" ਨਜ਼ਾਮ ਹੈਦਰਬਾਦ ਨੇ ਗਊ-ਬੱਧ ਪੂਰਨ ਤੌਰ 'ਤੇ ਬੰਦ ਕੀਤਾ ਹੋਇਆ ਸੀ। ਮਹਾਤਮਾ ਗਾਂਧੀ ਜੀ ਨੇ ਵੀ ਲਿਖਿਆ ਸੀ : " ਮੈਂ ਗਊ-ਰੱਖਿਆ ਨੂੰ ਸੁ-ਰਾਜ ਨਾਲੋਂ ਵੀ ਵਧੇਰੇ ਮਹੱਤਵਪੂਰਨ ਸਮਝਦਾ ਹਾਂ। "

"ਨਹਿਰੂ ਜੀ ਨੇ ਆਪਣੀ ਸਵੈ-ਜੀਵਨੀ ਵਿਚ ਇਹ ਮੰਨਿਆ ਹੈ ਕਿ "ਗਊ ਹਿੰਦੂਆਂ ਦੀ ਮਾਂ-ਸਮਾਨ ਪਸ਼ੂ ਹੈ ਤੇ ਇਹ ਹੈਰਾਨੀ ਦੀ ਗੱਲ ਨਹੀਂ ਕਿ ਹਿੰਦੂ ਅਹਿੰਸਕ ਤੇ ਸ਼ਾਂਤੀ ਪ੍ਰੇਮੀ ਹਨ। ਗਊ ਨੂੰ ਮੈਂ ਸੰਪੰਨਤਾ ਅਤੇ ਸੁਭਾਗ ਦੀ ਜਣਨੀ ਮੰਨਦਾ ਹਾਂ।" -ਗਊ ਅੰਕ ਪੰਨਾ 24

ਗੁਰੂ ਗੋਲਵਲਕਰ ਜੀ ਨੇ ਕਿਹਾ,

" ਅਵਸਥਾ ਦਾ ਵਿਚਾਰ ਕੀਤੇ ਬਿਨਾਂ ਗਊਵੰਸ਼ ਦੀ ਹੱਤਿਆ ਜਦੋਂ ਤਕ ਅਸੀਂ ਪੂਰੀ ਤਰ੍ਹਾਂ ਬੰਦ ਨਹੀਂ ਕਰਦੇ, ਉਦੋਂ ਤਕ ਸਾਡਾ ਸਵਰਾਜ ਅਧੂਰਾ ਹੈ।

" ਸ੍ਰੀ ਮਾਲਵੀਆ ਜੀ ਨੇ ਕਿਹਾ ਹੈ ਕਿ ਗਊ ਵੰਸ਼ ਦੀ ਰੱਖਿਆ 'ਚ ਹੀ ਦੇਸ਼ ਦੀ

ਰੱਖਿਆ ਸਮਾਈ ਹੋਈ ਹੈ। ਸਿੱਖ ਧਰਮ ਵੀ ਗਊ ਰੱਖਿਆ ਨਾਲ ਵਚਨਬੱਧ ਹੈ।"

- ਸ੍ਰੀ ਕੀਮਤੀ ਭਗਤ

" ਸਾਰੇ ਹੀ ਕਾਰਜ ਸਵਾਰ ਦੇਣ ਵਾਲੀ ਗਊ ਦੀ ਮਹਾਨਤਾ ਨੂੰ ਭਾਰਤ ਤੇ ਹੋਰ ਦੂਜੇ ਦੇਸ਼ਾਂ ਦੇ ਸਿਆਣਿਆਂ ਨੇ ਭੀ ਅਨੁਭਵ ਕੀਤਾ ਹੈ। ਅਮਰੀਕਾ ਦੇ ਇਕ ਗਵਰਨਰ ਮੇਲ-ਕਮ-ਆਰ-ਵੈਟਰਸਨ ਦੇ ਅਨੁਸਾਰ -

'ਗਊ ਬਿਨਾਂ ਤਾਜ ਦੇ ਮਹਾਰਾਣੀ ਏ। ਉਸ ਦਾ ਰਾਜ ਸਾਰੀ ਪ੍ਰਿਥਵੀ 'ਤੇ ਹੈ। ਸੇਵਾ ਉਸ ਦਾ ਵਿਰਦ ਹੈ ਤੇ ਉਹ ਜੋ ਕੁਝ ਲੈਂਦੀ ਹੈ, ਸੌ ਗੁਣਾ ਕਰਕੇ ਦੇਂਦੀ ਹੈ।'

-ਗਊ ਅੰਕ ਪੰਨਾ 138, ਸ੍ਰੀ ਮਿਹਰ ਸਿੰਘ ਜੀ ਕਾਨ੍ਹਪੁਰ

ਸਿੱਖ ਗੁਰੂਆਂ ਦੇ ਜੀਵਨ ਅਤੇ ਸਿੱਖ ਧਰਮ ਦੀ ਪਰੰਪਰਾ ਵਿਚ ਗਊ-ਗ੍ਰੀਬ ਦੀ ਰੱਖਿਆ ਦਾ ਵਿਸ਼ੇਸ਼ ਵਰਣਨ ਹੈ। **ਸ੍ਰੀ ਗੁਰੂ ਨਾਨਕ ਦੇਵ ਜੀ** ਨੇ ਹਰ ਪ੍ਰਕਾਰ ਦੇ ਜੀਵਾਂ ਦੀ ਹਿੰਸਾ ਕਰਨ ਤੋਂ ਮਨ੍ਹਾਂ ਕੀਤਾ ਅਤੇ ਗਊ-ਰੱਖਿਆ ਨੂੰ ਸਿੱਖੀ ਧਰਮ ਦਾ ਇਕ ਖਾਸ ਕਰਤੱਵਯ ਦੱਸਿਆ।

ਮੱਕੇ ਮਦੀਨੇ ਦੀ ਗੋਸ਼ਟ ਸਮੇਂ ਜਦ ਕਾਜੀ ਰੁਕਨਦੀਨ ਨੇ ਗਊ-ਸੂਰ ਦੀ ਮਹੱਤਤਾ ਜਾਨਣੀ ਚਾਹੀ ਤਾਂ **ਸ੍ਰੀ ਗੁਰੂ** ਨਾਨਕ ਦੇਵ **ਜੀ** ਨੇ ਫਰਮਾਇਆ,

**" ਨਾਨਕ ਆਖੇ ਰੁਕਨਦੀਨ ਲਿਖਿਆ ਵਿਚ ਕਿਤਾਬ।**
**ਗਊ-ਸੂਰ ਨੂੰ ਮਾਰਿਆਂ ਲਗਨ ਬਹੁਤ ਅਜ਼ਾਬ।**
**ਗਊ-ਚੌਧਵਾਂ ਰਤਨ ਹੈ, ਕਾਮਧੇਨ ਤਿਹ ਨਾਮੁ।**
**ਪੂਜਨ ਸਭ ਅਵਤਾਰ ਤਿਹ ਕਰਕੇ ਮਾਤ ਸਮਾਨ।**
**ਸ਼ੀਰ ਜਿਨਾਂ ਦਾ ਪੀਵੀਐ ਤਿਸ ਮਾਰਿਆਂ ਬਹੁਤ ਗੁਨਾਹ। "**

(22 ਜਵਾਬ ਪੰਨਾ 156 ਕਰਨੀ ਨਾਮਾ)

ਵਰਤਮਾਨ ਯੁਗ 'ਚ, ਸਾਰੇ ਮਹਾਂਪੁਰਖਾਂ ਦੀ ਇਹੋ ਸੋਚ ਹੈ ਕਿ ਪਿੰਡ-ਪਿੰਡ, ਸ਼ਹਿਰ- ਸ਼ਹਿਰ ਗਊਸ਼ਾਲਾਵਾਂ ਦਾ ਨਿਰਮਾਣ ਕੀਤਾ ਜਾਣਾਂ ਚਾਹੀਦਾ ਹੈ ਤੇ ਗਊਆਂ ਨੂੰ ਸੜਕਾਂ 'ਤੇ ਭਟਕਣ ਲਈ ਮਜਬੂਰ ਨਹੀਂ ਹੋਣ ਦੇਣਾ ਚਾਹੀਦਾ।

ਅੱਜ ਗੁਰੂਆਂ,ਪੀਰਾਂ, ਰਿਸ਼ੀਆਂ-ਮੁਨੀਆਂ ਦੀ ਧਰਤੀ ਭਾਰਤ 'ਚ ਜਗ੍ਹਾ-ਜਗ੍ਹਾ ਗਊ ਹੱਤਿਆ ਹੋ ਰਹੀ ਹੈ।

ਸਮੁੱਚੀ ਮਨੁੱਖਤਾ ਦੀਆਂ ਭਾਵਨਾਵਾਂ ਦਾ ਸਨਮਾਨ ਕਰਦਿਆਂ ਭਾਰਤ 'ਚ ਗਊ ਹੱਤਿਆ 'ਤੇ ਰੋਕ ਲਗਾਉਣ ਲਈ ਸਖਤ ਕਾਨੂੰਨ ਬਣਾਇਆ ਜਾਣਾਂ ਚਾਹੀਦਾ ਹੈ। ਸੰਨ 1857 ਦੇ ਜੰਗੇ-ਅਜ਼ਾਦੀ ਮੋਰਚੇ ਵਿਚ ਭਾਵੇਂ ਸਾਰੇ ਦੇਸ਼ ਵਿਚ ਹੀ ਆਜ਼ਾਦੀ ਦੀ ਚੰਗਿਆੜੀ ਸੁਲਗ ਰਹੀ ਸੀ ਫਿਰ ਵੀ ਭਾਂਬੜ ਇਥੋਂ ਹੀ ਮੱਚੇ ਸਨ ਕਿ ਸੰਗੀਨਾਂ ਦੇ ਚਲਾਉਣ ਲਈ ਕਾਰਤੂਸਾਂ 'ਤੇ ਗਊ ਤੇ ਸੂਰ ਦੀ ਚਰਬੀ ਲੱਗੀ ਹੋਈ ਸੀ।

ਜਿਸ ਦੇਸ਼ ਵਿਚ ਸਦੀਆਂ ਤੋਂ ਗਊ ਪੂਜਾ ਹੁੰਦੀ ਚਲੀ ਆ ਰਹੀ ਹੈ, ਉਸ ਦੇਸ਼ ਵਿਚ ਗਊਆਂ ਦੇ ਗਲ 'ਤੇ ਛੁਰੀ ਨਹੀਂ ਸਹਾਰੀ ਜਾਣੀਂ ਚਾਹੀਦੀ।

# ਸਿੱਖ ਧਰਮ ਦੀ ਪਰੰਪਰਾ

ਸਾਰੇ ਗੁਰੂ ਸਹਿਬਾਨਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਥਾਪਤ ਕੀਤੇ ਗਊ ਗ੍ਰੀਬ ਦੀ ਰੱਖਿਆ ਤੇ ਸੇਵਾ ਦੇ ਅਸੂਲ ਨੂੰ ਨਿਭਾਇਆ।

**ਸ੍ਰੀ ਗੁਰੂ ਅਮਰਦਾਸ ਜੀ** ਨੇ ਗਊ-ਘਾਤਕ ਮਨੁੱਖ ਨੂੰ ਕੋਹੜੀ ਤੇ ਫਿਟਕਿਆ ਹੋਇਆ ਪਾਪੀ ਪੁਰਸ਼ ਦੱਸਿਆ।

**ਸ੍ਰੀ ਗੁਰੂ ਅਰਜਨ ਦੇਵ ਜੀ** ਨੇ ਤੱਤੀ ਲੋਹ, ਤੱਤੇ ਰੇਤੇ ਅਤੇ ਉਬਲਦੀ ਦੇਗ ਦੇ ਕਸ਼ਟ ਸਹੇ ਪਰ ਜਦੋਂ ਉਨ੍ਹਾਂ ਨੂੰ ਪਤਾ ਲਗਿਆ ਕਿ ਹੁਣ ਉਨ੍ਹਾਂ ਨੂੰ ਗਊ ਦੇ ਗਿੱਲੇ ਤੇ ਕੱਚੇ ਚਮੜੇ ਵਿਚ ਮੜ੍ਹਾ ਦਿਤੇ ਜਾਣ ਦੀ ਮੁਗਲ ਹਕੂਮਤ ਵਲੋਂ ਵਿਉਂਤ ਬਣ ਰਹੀ ਹੈ ਤਾਂ ਸੱਚੇ ਪਾਤਸ਼ਾਹ ਜੀ, ਰਾਵੀ ਵਿਚ ਇਸ਼ਨਾਨ ਕਰਨ ਦੇ ਬਹਾਨੇ, ਦਰਿਆ ਵਿਚ ਅਲੋਪ ਹੋ ਗਏ ਪਰ ਗਊ-ਧਰਮ ਦੀ ਪਾਲਣਾ ਨੂੰ ਠੇਸ ਨਾ ਲਗਣ ਦਿਤੀ।

**ਸ੍ਰੀ ਗੁਰੂ ਹਰਿਗੋਬਿੰਦ ਜੀ** ਨੂੰ ਇਕ ਵਾਰ, ਇਕ ਗਊ ਮਾਰੇ ਜਾਣ ਦੀ ਖਬਰ ਉਸ ਵੇਲੇ ਮਿਲੀ, ਜਦ ਆਪ ਪ੍ਰਸ਼ਾਦਾ ਛਕਣ ਲੱਗੇ ਸਨ। ਆਪ ਜੀ ਨੇ ਪ੍ਰਸ਼ਾਦਾ ਨਹੀਂ ਛਕਿਆ, ਉਸੇ ਵੇਲੇ ਜਾ ਕੇ ਗਊ ਦੇ ਕਾਤਲਾਂ ਨੂੰ ਕਰੜਾ ਡੰਨ ਦਿਤਾ ਅਤੇ ਫਿਰ ਵਾਪਸ ਆਏ।

**ਸ੍ਰੀ ਗੁਰੂ ਹਰਿਗੋਬਿੰਦ ਜੀ** ਨੇ, ਗੁਰੂ ਘਰ ਦੇ ਸੱਚੇ ਸੇਵਕ ਬਾਬਾ ਬੁੱਢਾ ਜੀ ਦੇ ਸਸਕਾਰ ਸਮੇਂ ਅਲਾਹਣੀਆਂ ਦਾ ਪਾਠ ਵਿੱਚੇ ਹੀ ਛੱਡ ਕੇ ਤੁਰਕਾਂ ਤੋਂ ਗਊ ਕਤਲ ਹੁੰਦੀ ਜਾ ਛੁਡਾਈ। ਸਿੱਖਾਂ ਦੇ ਪੁੱਛਣ 'ਤੇ ਸ੍ਰੀ ਸਤਿਗੁਰੂ ਜੀ ਨੇ ਫਰਮਾਇਆ ਕਿ **ਪਾਠ ਜਾਂ ਸਸਕਾਰ ਦੇ ਪੁੰਨ ਨਾਲੋਂ ਗਊ ਦਾ ਮਾਰਿਆ ਜਾਣਾ ਵੱਡਾ ਪਾਪ ਹੈ।**

**ਸ੍ਰੀ ਗੁਰੂ ਗੋਬਿੰਦ ਸਿੰਘ ਜੀ** ਨੇ ਨੈਣਾਂ ਦੇਵੀ ਦੀ ਪਹਾੜੀ 'ਤੇ ਹਵਨ ਕਰਨ ਉਪ੍ਰੰਤ ਸ਼ਕਤੀ ਤੋਂ ਤੁਰਕਾਂ ਦਾ ਨਾਸ਼ ਕਰਨ ਦੀ ਆਗਿਆ, ਇਸ ਕਰਕੇ ਮੰਗੀ ਸੀ ਕਿਉਂਕਿ ਤੁਰਕ ਗਊ ਘਾਤਕ ਸਨ ਅਤੇ ਸ੍ਰੀ ਦਸਮੇਸ਼ ਜੀ ਗਊ ਰੱਖਿਅਕ ਸਨ। ਦੁਸ਼ਟ ਦਮਨ ਸਾਹਿਬ ਸ੍ਰੀ ਗੁਰੂ ਦਸਮ ਪਾਤਸ਼ਾਹ ਜੀ ਆਪਣੀ ਬਾਣੀ ਵਿਚ ਅਕਾਲ ਪੁਰਖ ਅੱਗੇ ਸਾਰੀ ਪ੍ਰਿਥਵੀ ਤੋਂ ਗਊ ਘਾਤ ਖਤਮ ਕਰਨ ਲਈ ਬੇਨਤੀ ਕਰਦੇ ਹੋਏ ਇਸ ਪ੍ਰਕਾਰ ਅਰਦਾਸ ਕਰਦੇ ਹਨ–

**" ਯਹੀ ਦੇਹ ਆਗਿਆ ਤੁਰਕਨ ਗਹਿ ਖਪਾਊਂ।**
**ਗਊ-ਘਾਤ ਕਾ ਦੋਖ ਜਗ ਸਿਉਂ ਮਿਟਾਊਂ। "** (ਛੰਦ ਪੰਜਵਾਂ)
**" ਯਹੀ ਆਸ ਪੂਰਨ ਕਰਹੁ ਤੁਮ ਹਮਾਰੀ।**
**ਮਿਟੈ ਕਸ਼ਟ ਗਊਅਨ ਛੁਟੈ ਖੇਦ ਭਾਰੀ। "** (ਛੰਦ ਪੰਜਵਾਂ)

" ਯਹੀ ਬੇਨਤੀ ਖਾਸ ਹਮਰੀ ਸੁਣੀਜੈ।
ਅਸੁਰ ਮਾਰ ਕਰ ਰੱਛਾ ਗਊਅਨ ਕਰੀਜੈ।"

-ਉਗ੍ਰਦੰਤੀ ਸ੍ਰੀ ਮੁਖਵਾਕ ਪਾ: 10

ਜਦੋਂ ਅਨੰਦਪੁਰ ਸਾਹਿਬ ਦੇ ਕਿਲੇ ਨੂੰ ਮੁਗਲ ਬਾਦਸ਼ਾਹ ਔਰੰਗਜ਼ੇਬ ਅਤੇ ਪਹਾੜੀ ਰਾਜਿਆਂ ਦੀਆਂ ਫੌਜਾਂ ਨੇ ਘੇਰਾ ਪਾਇਆ ਹੋਇਆ ਸੀ, ਸਿੱਖਾਂ ਅਤੇ ਮਾਤਾ ਜੀ ਦੇ ਕਹਿਣ 'ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਿਲਾ ਨਹੀਂ ਸੀ ਛੱਡਿਆ। ਦੁਸ਼ਮਣ ਪਹਾੜੀ ਰਾਜੇ ਚਾਹੁੰਦੇ ਸਨ ਕਿ ਕਿਵੇਂ ਨਾ ਕਿਵੇਂ ਗੁਰੂ ਜੀ ਬਾਹਰ ਨਿਕਲਣ। ਰਾਜਿਆਂ ਨੇ ਚਾਲ ਚਲੀ, ਆਟੇ ਦੀ ਗਊ ਬਣਾ ਕੇ ਕਿਲੇ ਦੇ ਦਰਵਾਜੇ ਅਗੇ ਲਿਆ ਧਰੀ ਅਤੇ ਗਊ ਦਾ ਵਾਸਤਾ ਪਾ ਕੇ ਗੁਰੂ ਜੀ ਨੂੰ ਬਾਹਰ ਨਿਕਲਣ ਲਈ ਮਜ਼ਬੂਰ ਕਰ ਦਿਤਾ। ਦੁਸ਼ਮਣਾਂ ਦੀ ਕਪਟ ਨੀਤੀ ਜਾਣਦਿਆਂ ਵੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗਊ ਦੀ ਆਣ ਬਦਲੇ ਆਪਣਾ ਸਰਬੰਸ ਵਾਰ ਦਿਤਾ। ਦਸਮ ਪਾਤਸ਼ਾਹ ਜੀ ਨੇ ਉਨਾਂ ਦੀ ਝੂਠੀ ਗਊ ਦੀ ਕਸਮ 'ਤੇ ਇਤਬਾਰ ਕਰ ਕੇ ਅਨੰਦਪੁਰ ਸਾਹਿਬ ਦਾ ਕਿਲਾ ਛੱਡ ਦਿੱਤਾ ਤਾਂ ਪਹਾੜੀ ਰਾਜਿਆਂ ਨੇ ਝੂਠੀ ਕਸਮ ਦਾ ਤਿਆਗ ਕਰ ਕੇ ਗੁਰੂ ਜੀ ਦੀਆਂ ਫੌਜਾਂ 'ਤੇ ਹਮਲਾ ਕਰ ਦਿੱਤਾ ਸੀ। 'ਸੂਰਜ ਪ੍ਰਕਾਸ਼ ' ਵਿਚ ਇਸ ਦਾ ਵਰਣਨ ਇਸ ਪ੍ਰਕਾਰ ਕੀਤਾ ਗਿਆ ਹੈ,

" ਆਨ ਗਊ ਸਹਿ ਨ ਸਕੇ ਪ੍ਰਭ,
ਤਤ ਛਿਨ ਕੀਨਸ ਤਯਾਰੀ
ਕੂਚ ਕਰਨ ਕੋ ਬਜਯੋ ਤਮਾਮਾ,
ਸਭ ਕੇ ਸੂਰਤ ਧੁਨ ਡਾਰੀ।(34)

ਹੋਇ ਰੰਕ ਸਮ ਦਈ ਸਪਥ 'ਗਊ '
ਹੈਫ ਫੌਜੁ ਰਾਜ ਸਮਾਜਾ।
ਮਮ ਜੈਸੇ ਛਤ੍ਰੀ ਨਹੀ ਮਾਨੈ,
ਤੋ ਭੀ ਨੀਕ ਨ ਕਾਜਾ।(43)

ਜੇ ਹਮ ਧੇਨ ਸੱਪਥ ਨਹਿ ਮਾਨੈ,
ਆਨ ਕੌਨ ਤਬ ਮਾਨੇ।
ਦਯਾ ਸਿੰਘ ਦਿਤ ਸਮਝ ਬਿਚਾਰਹੁ
ਰਿਪ ਜੀਵਤ ਹਤ ਜਾਨੇ।" (45)

-ਗੁਰ ਪ੍ਰਤਾਪ ਸੂਰਜ 234 ਅੰਸੂ 37

ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਲਿਖਿਆ ਹੈ :-

"ਗਾਂਈ ਰੰਗ ਬਰੰਗ ਬਹੁ ਦੁਧ ਉਜਲ ਵਰਨਾ।
ਦੁਧੋਂ ਦਹੀਂ ਜਮਾਈਏ ਕਰ ਨਿਹਚਲ ਧਰਨਾ।
ਦਹੀਂ ਵਿਲੋਇ ਅਲੋਏ ਕੇਛਾਹ ਮਖਨ ਕਰਨਾ।
ਮਖਨ ਤਾਏ ਔਟਾਏਕੇ ਘਿਓ ਨਿਰਮਲ ਕਰਨਾ।
ਘਿਓ ਤੇ ਹੋਵਨ ਹੋਮ ਜੱਗ ਸਭ ਕਾਰਜ ਸਰਨਾ।"

ਇਤਿਹਾਸ ਅਨੁਸਾਰ ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਿਵਾਜੇ ਬਾਬਾ ਬੰਦਾ ਬਹਾਦਰ ਦੁਸ਼ਟਾਂ ਦਾ ਸੰਘਾਰ ਕਰਨ ਪੰਜਾਬ ਆਏ ਤਾਂ ਉਹ ਜਿਸ ਵੀ ਜ਼ਾਲਮ ਨਵਾਬ ਨੂੰ ਮਾਰ ਕੇ ਉਸ ਦੇ ਇਲਾਕੇ 'ਤੇ ਕਬਜ਼ਾ ਕਰਦੇ ਤਾਂ ਸ੍ਰੀ ਦਸਮੇਸ਼ ਜੀ ਦੇ ਸਿਧਾਂਤ ਅਨੁਸਾਰ ਸਭ ਤੋਂ ਪਹਿਲੋਂ ਉੱਥੇ ਗਊ-ਹੱਤਿਆ ਬੰਦ ਕਰਵਾਉਂਦੇ ਸਨ। ਬੰਦਾ ਬਹਾਦਰ ਨੇ ਸਮੁੱਚੇ ਪੰਜਾਬ 'ਤੇ ਖਾਲਸਾਈ ਝੰਡਾ ਝੁਲਾ ਦਿੱਤਾ ਅਤੇ ਕੁਝ ਸਮੇਂ ਲਈ ਪੰਜਾਬ ਵਿਚੋਂ ਪੂਰੀ ਤਰ੍ਹਾਂ ਮੁਗਲ ਰਾਜ ਖਤਮ ਕਰ ਦਿੱਤਾ। ਉਪਰੰਤ ਪੰਜਾਬ ਵਿਚ ਸਿੱਖ ਮਿਸਲਾਂ ਦਾ ਰਾਜ ਸਥਾਪਤ ਹੋ ਗਿਆ। ਸਿੱਖ ਮਿਸਲਾਂ ਦੇ ਰਾਜ ਤੋਂ ਬਾਅਦ ਪੰਜਾਬ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਦੇਖ ਰੇਖ ਹੇਠ ਖਾਲਸਾ ਰਾਜ ਕਾਇਮ ਹੋਇਆ ਜਿਸਨੇ ਵਿਦੇਸ਼ੀ ਧਾੜਵੀਆਂ ਤੇ ਹਮਲਾਵਰਾਂ ਨੂੰ ਦੱਰਾ ਖੈਬਰ ਵਲੋਂ ਆਉਣ ਲਈ ਉਹਨਾਂ ਦਾ ਰਸਤਾ ਹਮੇਸ਼ਾਂ ਲਈ ਬੰਦ ਕਰ ਦਿੱਤਾ।

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵੇਲੇ ਸਾਰੇ ਪੰਜਾਬ ਵਿਚ ਗਊ-ਹੱਤਿਆ ਉਤੇ ਸਖਤ ਪਾਬੰਦੀ ਤੋਂ ਇਲਾਵਾ ਇਹ ਵੀ ਹੁਕਮ ਜਾਰੀ ਸੀ ਕਿ ਪੰਜਾਬ ਦੇ ਰਸਤੇ ਏਧਰ ਉਧਰ ਜਾਂਦਾ ਕੋਈ ਸੈਲਾਨੀ ਜਾਂ ਹੁਕਮਰਾਨ ' ਗਊ ਮਾਸ ' ਦਾ ਪ੍ਰਯੋਗ ਕਿਸੇ ਵੀ ਹਾਲਤ ਵਿਚ ਨਾ ਕਰੇ। ਇਨ੍ਹਾਂ ਹੁਕਮਾਂ ਉਤੇ ਸਖਤੀ ਨਾਲ ਅਮਲ ਕਰਵਾਇਆ ਜਾਂਦਾ ਸੀ। ਇਸ ਰਾਜ ਵਿਚ ਗਊ ਮਾਰਨ ਵਾਲੇ ਨੂੰ ਮੌਤ ਦੀ ਸਜ਼ਾ ਦਾ ਸਿੱਧਾ ਹੁਕਮ ਸੀ। ਇਸ ਬਾਰੇ ਜੇ. ਡਬਲਿਊ ਮੈਕਨਬ ਕਮਿਸ਼ਨਰ ਅੰਬਾਲਾ 9 ਫਰਵਰੀ 1872 ਈ. ਨੂੰ ਟਾਈਮਜ਼ ਅਖਬਾਰ ਨੂੰ ਲਿਖਦਾ ਹੈ—

"Your readers will be aware that the killing of kine is an abomination to all Hindus of whom the Sikhs are an off shoot. When the Sikhs were in power, penality for killing kine was death."

"ਤੁਹਾਡੇ ਪਾਠਕ ਇਹ ਜਾਣਦੇ ਹੋਣਗੇ ਕਿ ਸਿੱਖ ਜੋ ਹਿੰਦੂਆਂ ਵਿਚੋਂ ਹੀ ਹਨ ਅਤੇ ਸਾਰੇ ਹਿੰਦੂ ਗਊ ਮਾਰਨ ਵਾਲਿਆਂ ਤੋਂ ਬੜੀ ਘਿਰਣਾ ਕਰਦੇ ਹਨ। ਸਿੱਖ ਰਾਜ ਸਮੇਂ ਗਊ ਮਾਰਨ ਵਾਲੇ ਨੂੰ ਮੌਤ ਦੀ ਸਜ਼ਾ ਦਾ ਹੁਕਮ ਸੀ। "

"ਚੇਲਿਆਂ ਵਾਲੇ ਯੁੱਧ ਵਿਚ ਗੋਰੇ ਭੇਡਾਂ ਵਾਂਗ ਸਿੱਖਾਂ ਅੱਗੇ ਭੱਜੇ ਜਾਂਦੇ ਮੂੰਹ

ਵਿਚ ਘਾਹ ਲੈ ਕੇ ਡਊ ਡਊ (ਗਊ ਗਊ) ਕਰਦੇ ਸਨ। ਉਨ੍ਹਾਂ ਨੂੰ ਪਤਾ ਸੀ ਕਿ ਸਿੱਖ ਗਊ ਆਖਿਆਂ ਛੱਡ ਦੇਣਗੇ, ਮਾਰਨਗੇ ਨਹੀਂ।"

–ਗਊਅਨ ਕੇ ਰਖਵਾਰੇ, ਪੰਨਾ 5, ਲੇਖਕ ਸੰਤ ਹਰਪਾਲ ਸਿੰਘ 'ਸੇਵਕ'

ਮਹਾਰਾਜਾ ਰਣਜੀਤ ਸਿੰਘ ਸੰਨ 1839 ਈ. ਵਿਚ ਸਵਰਗਵਾਸ ਹੋ ਗਏ । ਸਿੱਖ ਸਰਦਾਰਾਂ ਅਤੇ ਡੋਗਰੇ ਹਾਕਮਾਂ ਦੀਆਂ ਗੱਦਾਰੀਆਂ ਕਾਰਨ ਸਿੱਖ ਰਾਜ ਦਾ ਪਤਨ ਹੋ ਗਿਆ। ਦਸ ਸਾਲ ਬਾਅਦ ਹੀ ਸਮੁੱਚਾ ਖਾਲਸਾ ਰਾਜ ਅੰਗਰੇਜ਼ ਹਾਕਮਾਂ ਕੋਲ ਚਲਾ ਗਿਆ ਅਤੇ ਲਾਹੌਰ ਦੇ ਕਿਲੇ 'ਤੇ ਕੇਸਰੀ ਨਿਸ਼ਾਨ ਦੀ ਥਾਂ ਯੂਨੀਅਨ ਜੈਕ ਝੂਲਣ ਲੱਗਾ।

# ਅੰਗ੍ਰੇਜ਼ਾਂ ਦੇ ਰਾਜ ਸਮੇਂ

ਅੰਗਰੇਜ਼ ਹਾਕਮ ਭਲੀਭਾਂਤ ਜਾਣਦੇ ਸਨ ਕਿ ਭਾਰਤ ਦੇ ਹਿਦੂ-ਸਿੱਖ ਲੋਕ ਗਊ ਹੱਤਿਆ ਦੇ ਵਿਰੁੱਧ ਹਨ, ਇਸ ਲਈ 25 ਮਾਰਚ ਸੰਨ 1847 ਨੂੰ ਲਾਹੌਰ ਦੇ ਰੈਜ਼ੀਡੈਂਟ ਸਰ ਹੈਨਰੀ ਐਮ. ਲਾਰੰਸ ਨੇ ਅੰਮ੍ਰਿਤਸਰ ਸ੍ਰੀ ਹਰਿਮੰਦਰ ਸਾਹਿਬ ਵਿਖੇ ਤਾਂਬੇ ਦੀ ਪਲੇਟ 'ਤੇ ਹੇਠ ਵਿਖੇ ਸ਼ਬਦ ਲਿਖਵਾ ਕੇ ਬੋਰਡ ਟੰਗਵਾ ਦਿੱਤਾ ਸੀ---

' kine are not to be killed at Amritsar '

20 ਮਾਰਚ 1849 ਈ. ਨੂੰ ਲਾਰਡ ਡਲਹੌਜੀ ਨੇ ਪੰਜਾਬ ਨੂੰ ਇਕ ਤਰ੍ਹਾਂ ਨਾਲ ਬਰਤਾਨਵੀ ਸਾਮਰਾਜ ਵਿਚ ਹੀ ਮਿਲਾ ਲਿਆ। ਸਿੱਖ ਪਲਟਨਾਂ ਤੋੜ ਦਿੱਤੀਆਂ ਗਈਆਂ। ਪੰਜਾਬ ਅੰਗਰੇਜ਼ਾਂ ਦਾ ਗੁਲਾਮ ਹੋ ਗਿਆ। ਜਦੋਂ ਅੰਗਰੇਜ਼ ਹਾਕਮ ਪੂਰੀ ਤਰ੍ਹਾਂ ਪੰਜਾਬ ਤੇ ਕਾਬਜ਼ ਹੋ ਗਏ ਅਤੇ ਸਿਰ ਕੱਢ ਪੰਜਾਬੀ ਸਰਦਾਰ, ਜਗੀਰਦਾਰ ਅਤੇ ਗੁਰਦੁਆਰਿਆਂ ਦੇ ਮਹੰਤ ਅੰਗਰੇਜ਼ਾਂ ਦੇ ਗੁਣ ਗਾਉਣ ਲੱਗੇ, ਤਾਂ ਅੰਗਰੇਜ਼ ਹਾਕਮਾਂ ਨੇ ਆਪਣਾ ਰੰਗ ਦਿਖਾਉਣਾ ਸ਼ੁਰੂ ਕਰ ਦਿਤਾ।

ਲੋਕਾਂ ਦਾ ਧਿਆਨ ਆਪਣੀ ਜ਼ਿਆਦਤੀ ਦੀ ਥਾਂ ਹੋਰ ਪਾਸੇ ਕਰਨ ਲਈ ਅੰਗਰੇਜ਼ਾਂ ਨੇ ਹਿੰਦੂ, ਸਿੱਖ ਅਤੇ ਮੁਸਲਮਾਨਾਂ ਨੂੰ ਪਾੜਨ ਦੀ ਵਿਉਂਤ ਘੜੀ। ਪੰਜਾਬ ਦੇ ਪ੍ਰਸ਼ਾਸਨਕ ਬੋਰਡ ਨੇ ਆਪਣੀ ਚਿੱਠੀ ਨੰਬਰ 2 ਅਨੁਸਾਰ 3 ਮਈ 1849 ਈ. ਨੂੰ ਪੰਜਾਬ ਵਿਚ ਗਊ ਮਾਸ ਖਾਣ ਅਤੇ ਗਊ ਬਧ ਕਰਨ ਦੀ ਖੁੱਲ੍ਹ ਦੇ ਦਿੱਤੀ। ਇਹ ਹੁਕਮ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਰਾਹੀਂ ਲੋਕਾਂ ਤਕ ਪਹੁੰਚਾਇਆ ਗਿਆ। ਪਰ ਨਾਲ ਹੀ ਇਹ ਹਦਾਇਤ ਕੀਤੀ ਗਈ ਕਿ ਬੁਚੜਖਾਨੇ ਸ਼ਹਿਰਾਂ ਤੋਂ ਬਾਹਰ ਖੋਹਲੇ ਜਾਣ।

20 ਮਈ 1849 ਨੂੰ ਇਕ ਹੋਰ ਗਸ਼ਤੀ ਚਿੱਠੀ ਰਾਹੀਂ ਗਵਰਨਰ ਜਨਰਲ ਨੇ ਇਕ ਸਰਕਾਰੀ ਫਰਮਾਨ ਜਾਰੀ ਕੀਤਾ-

"No one should be allowed to interfere with the practice, by his neighbour of customs which that neighbour's religion pennits."

" ਕਿਸੇ ਵਿਅਕਤੀ ਨੂੰ ਆਪਣੇ ਗੁਆਂਢੀ ਦੀ ਧਾਰਮਿਕ ਮਰਿਆਦਾ, ਰਹੁ ਰੀਤਾਂ ਅਤੇ ਜੀਵਨ ਢੰਗ ਵਿਚ ਰੁਕਾਵਟ ਪਾਉਣ ਜਾਂ ਦਖਲ ਅੰਦਾਜ਼ੀ ਕਰਨ ਦੀ ਇਜ਼ਾਜ਼ਤ ਨਹੀਂ ਦਿੱਤੀ ਜਾਵੇਗੀ। "

ਬਰਤਾਨਵੀ ਹਾਕਮਾਂ ਨੇ ਇਹ ਆਖ ਕੇ ਕਿ ਹਰ ਕਿਸੇ ਨੂੰ ਆਪਣੇ ਧਰਮ ਵਿਚ ਰਹਿਣ ਦੀ ਖੁੱਲ੍ਹ ਹੈ, ਸਾਰੇ ਪੰਜਾਬ ਵਿਚ ਬੁਚੜਖਾਨੇ ਖੋਲ੍ਹਣ ਦੀ ਇਜਾਜਤ ਦੇ ਦਿੱਤੀ। ਮੁਸਲਮਾਨ ਅਤੇ ਇਸਾਈਆਂ ਨੂੰ ਗਊ-ਬੱਧ ਦੀ ਪੂਰੀ ਅਜ਼ਾਦੀ ਹੋ ਗਈ।

ਅੰਗ੍ਰੇਜ਼ ਆਪ ਗਾਂ ਦਾ ਮਾਸ ਖਾਂਦੇ ਸਨ, ਇਸ ਲਈ ਉਨ੍ਹਾਂ ਨੇ ਮੁਸਲਮਾਨਾਂ ਨੂੰ ਹੱਲਾ- ਸ਼ੇਰੀ ਦੇ ਕੇ ਉਕਸਾਇਆ ਅਤੇ ਥਾਂ ਥਾਂ 'ਤੇ ਬੁੱਚੜਖਾਨੇ ਖੋਲ੍ਹਣ ਦੀ ਖੁੱਲ੍ਹ ਦੇ ਦਿਤੀ। ਅੰਮ੍ਰਿਤਸਰ, ਰਾਏਕੋਟ ਤੇ ਮਲੇਰਕੋਟਲਾ ਵਿਖੇ ਖੋਲ੍ਹੇ ਗਏ ਬੁੱਚੜਖਾਨਿਆਂ ਦਾ ਮੁੱਖ ਮੰਤਵ ਸੀ-ਗਊ ਹੱਤਿਆ ਦੁਆਰਾ ਹਿੰਦੂ ਤੇ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾ ਕੇ ਉਨ੍ਹਾਂ ਨੂੰ ਗੁਲਾਮੀ ਦਾ ਅਹਿਸਾਸ ਕਰਵਾਉਣਾ। ਅੰਮ੍ਰਿਤਸਰ ਸ੍ਰੀ ਹਰਿਮੰਦਰ ਸਾਹਿਬ ਦੇ ਨੇੜੇ ਘੰਟਾ ਘਰ ਵਾਲੇ ਪਾਸੇ, ਰਾਏਕੋਟ ਵਿਖੇ ਦਸਵੇਂ ਪਾਤਸ਼ਾਹ ਜੀ ਦੇ ਗੁਰਦਵਾਰੇ ਦੇ ਨੇੜੇ, ਬੁੱਚੜਖਾਨੇ ਖੋਲ੍ਹੇ ਗਏ। ਗਊ-ਬਧ ਕਰਕੇ, ਗਊ ਮਾਸ ਵੇਚਿਆ ਹੀ ਨਹੀਂ ਜਾਣ ਲੱਗਾ ਸਗੋਂ ਸਿੱਖਾਂ ਅਤੇ ਹਿੰਦੂਆਂ ਦੇ ਪੂਜਨੀਕ ਧਾਰਮਿਕ ਅਸਥਾਨਾਂ ਨੂੰ ਮਾਸ ਤੇ ਹੱਡੀਆਂ ਸੁੱਟ ਕੇ ਅਪਵਿੱਤਰ ਕੀਤਾ ਜਾਣ ਲੱਗਾ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਿੱਖਾਂ ਤੋਂ ਇਹ ਸਹਿਣ ਨਹੀਂ ਹੋਇਆ। ਬੁੱਚੜਖਾਨਿਆਂ 'ਤੇ ਹਮਲਾ ਕਰ ਕੇ ਗਊਆਂ ਨੂੰ ਅਜ਼ਾਦ ਕਰਵਾ ਕੇ ਨਾਮਧਾਰੀਆਂ ਨੇ ਅੰਗ੍ਰੇਜ਼ਾਂ ਨਾਲ ਸਿੱਧੀ ਟੱਕਰ ਲਈ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਰਾਜਸੀ, ਸਮਾਜਿਕ ਅਤੇ ਧਾਰਮਿਕ ਪ੍ਰੋਗ੍ਰਾਮ ਵਿਚ ਗਊ-ਰੱਖਿਆ ਦਾ ਮਸਲਾ ਵੀ ਸ਼ਾਮਲ ਸੀ। ਸ੍ਰੀ ਸਤਿਗੁਰੂ ਜੀ ਨੇ ਅੰਗ੍ਰੇਜ਼ ਰਾਜ ਦੀ ਦਹਿਸ਼ਤ ਦੀ ਪ੍ਰਵਾਹ ਨਾ ਕਰਦਿਆਂ ਹੋਇਆਂ ਧਰਮ ਯੁੱਧ ਲਈ ਨਾਮਧਾਰੀਆਂ ਨੂੰ ਸੰਗਠਤ ਕੀਤਾ।

ਸ੍ਰੀ ਸਤਿਗੁਰੂ ਜੀ ਦੀ ਸਰਪ੍ਰਸਤੀ ਹੇਠ ਨਾਮਧਾਰੀ ਸਿੱਖਾਂ ਨੇ ਗਊ-ਰੱਖਿਆ ਲਈ ਅਨੇਕ ਕੁਰਬਾਨੀਆਂ ਦਿੱਤੀਆਂ, ਕਸ਼ਟ ਤੇ ਤਸੀਹੇ ਝੱਲੇ ਅਤੇ ਅੰਗ੍ਰੇਜ਼ਾਂ ਨੂੰ ਇਹ ਅਹਿਸਾਸ ਕਰਵਾ ਦਿੱਤਾ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਿੱਖੀ, ਸੂਰਬੀਰਤਾ ਅਤੇ ਅਣਖ ਅਜੇ ਜ਼ਿੰਦਾ ਹੈ ਅਤੇ ਨਾਮਧਾਰੀ ਉਨ੍ਹਾਂ ਚਿਰ ਦਮ ਨਹੀਂ ਲੈਣਗੇ, ਜਿਨ੍ਹਾਂ ਚਿਰ ਗਊ ਘਾਤਕਾਂ ਨੂੰ ਕੱਢ ਕੇ ਦੇਸ਼ ਨੂੰ ਅਜ਼ਾਦ ਨਹੀਂ ਕਰਵਾ ਲੈਂਦੇ।

ਅੰਮ੍ਰਿਤਸਰ ਵਿਖੇ ਹਰਿਮੰਦਰ ਸਾਹਿਬ ਦੇ ਨੇੜੇ ਖੋਲ੍ਹੇ ਬੁਚੜਖਾਨੇ 'ਚੋਂ ਇੱਲਾਂ ਤੇ ਕਾਂ, ਗਊਆਂ ਦੀਆਂ ਛੋਟੀਆਂ ਹੱਡੀਆਂ ਤੇ ਬੋਟੀਆਂ ਚੁੱਕ ਕੇ ਸਰੋਵਰ ਵਿਚ ਸੁੱਟਣ ਲੱਗੇ ਤਾਂ ਇਹ ਅੰਗ੍ਰੇਜ਼ ਹਾਕਮਾਂ ਵੱਲੋਂ ਹਿੰਦੂ ਸਿੱਖਾਂ ਨੂੰ ਇਕ ਵੰਗਾਰ ਸੀ। ਇਕ ਉਦੇਸ਼ ਉਨ੍ਹਾਂ ਦਾ ਇਹ ਵੀ ਸੀ ਕਿ ਜੇ ਕਿਤੇ ਅਜੇ ਵੀ ਅਣਖ ਦਾ ਬੀਜ ਬਚਿਆ ਹੋਵੇ ਤਾਂ ਭੜਕ ਕੇ ਉੱਗ ਪਵੇ, ਅਸੀਂ ਉਸ ਨੂੰ ਮਸਲ ਦੇਈਏ, ਫਿਰ ਨਿਸ਼ਚਿੰਤ ਹੋ ਕੇ ਰਾਜ ਕਰੀਏ।

ਅੰਗ੍ਰੇਜ਼ ਹਾਕਮਾਂ ਦੀ ਇਸ ਵੰਗਾਰ ਨੂੰ ਕਬੂਲਿਆ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਨਿਵਾਜੇ ਨਾਮਧਾਰੀ ਸਿੱਖਾਂ ਨੇ । ਸਭ ਤੋਂ ਪਹਿਲਾਂ ਉਨ੍ਹਾਂ ਨੇ ਅੰਮ੍ਰਿਤਸਰ ਵਿਖੇ ਖੋਲ੍ਹੇ ਗਏ ਬੁੱਚੜਖਾਨੇ ਉੱਤੇ ਹਮਲਾ ਕਰ ਕੇ ਗਊਆਂ ਨੂੰ ਆਜ਼ਾਦ ਕਰਵਾਇਆ। ਬਾਅਦ ਵਿਚ ਆਪ ਅਦਾਲਤ ਵਿਚ ਪੇਸ਼ ਹੋਏ, ਸ਼ਬਦ ਪੜ੍ਹਦਿਆਂ ਸ਼ਹਾਦਤ ਦਾ ਜਾਮ ਪੀਣ ਵਾਸਤੇ ਰਾਮ ਬਾਗ ਬੋਹੜ ਵੱਲ ਕੂਚ ਕੀਤਾ।

ਗਊਆਂ ਨੂੰ ਬੁੱਚੜਖਾਨਿਆਂ ਵਿਚੋਂ ਛੁਡਾਉਣ ਦੇ ਜੁਰਮ ਵਿਚ, ਅੰਗ੍ਰੇਜ਼ ਹਕੂਮਤ ਵਲੋਂ, ਸੰਨ 1871 ਨੂੰ ਅੰਮ੍ਰਿਤਸਰ ਵਿਖੇ ਚਾਰ, ਰਾਏਕੋਟ ਵਿਖੇ ਤਿੰਨ ਅਤੇ ਲੁਧਿਆਣਾ ਵਿਖੇ ਦੋ ਨਾਮਧਾਰੀ ਸਿੱਖਾਂ ਨੂੰ, ਸਿਰਫ ਭਾਰਤੀ ਲੋਕਾਂ ਦੇ ਮਨਾਂ ਵਿਚ ਦਹਿਸ਼ਤ ਪੈਦਾ ਕਰਨ ਲਈ, ਸ਼ਰੇਆਮ ਫਾਂਸੀ ਦੇ ਕੇ ਸ਼ਹੀਦ ਕੀਤਾ ਗਿਆ। ਇਹਨਾਂ ਸਿੱਖਾਂ ਨੇ ਮੂੰਹ ਨਹੀਂ ਢਕਿਆ, ਟੋਪ ਨਹੀਂ ਪਾਇਆ। ਇਸ਼ਨਾਨ ਕਰ ਅਰਦਾਸ ਕੀਤੀ, ਜਿੱਤ ਦਾ ਜੈਕਾਰਾ ਗਜਾਇਆ। ਫਾਂਸੀ ਦੇ ਰੇਸ਼ਮੀ ਫੰਦੇ ਆਪ ਆਪਣੇ ਗਲਾਂ 'ਚ ਪਾਏ ਤੇ ਸ਼ਹੀਦ ਹੋ ਗਏ। ਅੰਮ੍ਰਿਤਸਰ ਸਾਕੇ ਵਿਚ ਸ਼ਾਮਲ ਭਰੌੜਾ ਹੋਏ ਝੰਡਾ ਸਿੰਘ ਨੂੰ ਅੰਗ੍ਰੇਜ਼ ਹਾਕਮਾਂ ਨੇ ਸੰਨ 1873 ਵਿਚ ਫੜ ਕੇ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ।

ਮਲੇਰਕੋਟਲਾ ਵਿਖੇ 17-18 ਜਨਵਰੀ ਸੰਨ 1872 (6-7 ਮਾਘ, ਸੰਮਤ 1928) ਨੂੰ ਇਸੇ ਦੋਸ਼ ਅਧੀਨ ਬਿਨਾਂ ਮੁਕੱਦਮਾ ਚਲਾਏ 66 ਨਾਮਧਾਰੀ ਸਿੱਖਾਂ ਨੂੰ ਸ਼ਹੀਦ ਕੀਤਾ ਗਿਆ। 17 ਜਨਵਰੀ ਸੰਨ 1872 ਨੂੰ, ਮਲੇਰਕੋਟਲਾ ਦੇ ਰੱਕੜ ਵਿਚ ਸੱਤ ਤੋਪਾਂ ਸੱਤ ਵਾਰ ਚਲੀਆਂ ਅਤੇ 49 ਸਿੱਖ ਨੱਸ-ਨੱਸ ਕੇ ਆਪ ਤੋਪਾਂ ਅੱਗੇ ਆ ਕੇ, ਦੇਸ਼ ਦੀ ਅਜ਼ਾਦੀ ਲਈ ਆਪਣੇ ਸਰੀਰ ਦਾ ਤੂੰਬਾ-ਤੂੰਬਾ ਉੱਡਵਾ ਕੇ ਸ਼ਹੀਦ ਹੋ ਗਏ। 50ਵਾਂ ਸ਼ਹੀਦ ਹੋਇਆ ਸਿੱਖ ਇਕ 12 ਸਾਲ ਦਾ ਬਾਲਕ ਬਿਸ਼ਨ ਸਿੰਘ ਸੀ। ਇਸ ਨੂੰ ਤਲਵਾਰਾਂ ਨਾਲ ਕੱਟ ਕੇ ਸ਼ਹੀਦ ਕੀਤਾ ਗਿਆ ਸੀ ਕਿਉਂਕਿ ਇਸ ਨੇ ਗੁੱਸੇ ਵਿਚ ਅੰਗ੍ਰੇਜ਼ ਅਫਸਰ ਕਾਵਨ ਦੀ ਦਾੜ੍ਹੀ ਨੂੰ ਜਾ ਹੱਥ ਪਾਇਆ ਸੀ। ਕਾਵਨ ਨੇ ਇਸ ਨੂੰ ਆਖਿਆ ਸੀ ਕਿ ਤੂੰ ਕਹਿ ਦੇ ਕਿ ਮੈਂ ਸ੍ਰੀ ਸਤਿਗੁਰੂ ਰਾਮ ਸਿੰਘ ਦਾ ਸਿੱਖ ਨਹੀਂ, ਤੇਰੀ ਜਾਨ ਬਖਸ਼ ਦਿਆਂਗੇ । ਬਾਕੀ ਦੇ 16 ਸਿੱਖਾਂ ਨੂੰ 18 ਜਨਵਰੀ 1872 ਨੂੰ ਤੋਪਾਂ ਨਾਲ ਸ਼ਹੀਦ ਕੀਤਾ ਗਿਆ। ਅੰਗ੍ਰੇਜ਼ਾਂ ਨੇ, ਨਾਮਧਾਰੀ ਸਿੱਖਾਂ ਨੂੰ ਅਨੇਕ ਪ੍ਰਕਾਰ ਦੇ ਤਸੀਹੇ ਦੇ ਕੇ, ਸਮੁੰਦਰਾਂ 'ਚ ਡੋਬ ਕੇ, ਕਾਲੇ ਪਾਣੀ ਕੈਦ ਕਰਕੇ ਅਤੇ ਹੋਰ ਕਈ ਪ੍ਰਕਾਰ ਨਾਲ ਸ਼ਹੀਦ ਕੀਤਾ।

ਅੰਗ੍ਰੇਜ਼ ਹਾਕਮ ਸੋਚਦੇ ਸਨ ਕਿ ਇਨ੍ਹਾਂ ਕੂਕਿਆਂ ਨੂੰ ਸ਼ਰੇਆਮ ਫਾਂਸੀਆਂ 'ਤੇ ਚੜ੍ਹਾਉਣ, ਤੋਪਾਂ ਨਾਲ ਉਡਾਉਣ ਨਾਲ, ਲੋਕਾਂ ਵਿਚ ਸਹਿਮ ਛਾ ਜਾਵੇਗਾ। ਫਿਰ ਕੋਈ ਸਾਡੇ ਵਿਰੁੱਧ ਉੱਚੀ ਸਾਹ ਵੀ ਨਹੀਂ ਲਵੇਗਾ, ਪਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਸਿੱਖਾਂ ਅੰਦਰੋਂ ਮੌਤ ਦਾ ਡਰ ਖਤਮ ਕਰ ਕੇ ਸੂਰਬੀਰਤਾ ਅਤੇ ਕੁਰਬਾਨੀ ਦਾ ਜਜ਼ਬਾ ਭਰ ਦਿੱਤਾ ਸੀ। ਕੂਕਿਆਂ ਦੀ ਇਸ ਜੋਸ਼ੀਲੀ ਭਾਵਨਾ ਤੋਂ ਹੋਰ ਦੇਸ਼ ਭਗਤ ਲਹਿਰਾਂ ਨੇ ਪ੍ਰੇਰਨਾ ਲਈ।

ਅੰਮ੍ਰਿਤਸਰ, ਰਾਏਕੋਟ, ਲੁਧਿਆਣੇ ਅਤੇ ਮਲੇਰਕੋਟਲਾ ਵਿਖੇ ਗਊਆਂ ਬਦਲੇ ਸ਼ਹੀਦ ਹੋਣ ਵਾਲੇ ਸਿੰਘਾਂ ਦਾ ਹਾਲ ਲਿਖਦੇ ਹੋਏ ਭਾਈ ਚੰਦਾ ਸਿੰਘ ਲਿਖਦੇ ਹਨ:-

ਇਹ ਮਲੇਛ ਨੰਦਨੋਂ ਆਏ।
ਏਨ੍ਹਾਂ ਬੁੱਚੜਖਾਨੇ ਲਾਏ।
ਸਾਨੂੰ ਦੁੱਖ ਗਊਆਂ ਦਾ ਖਾਏ।

ਸਿੰਘੋਂ ਸਿਰ ਦੇਣੇ ਹੁਣ ਆਏ।

ਨਾਮ ਅਕਾਲ ਦੇ।

ਸੰਤ ਧਿਆਨ ਸਿੰਘ 'ਕਾਦਰਾਬਾਦੀ' ਰਚਿਤ ਸਤਿਗੁਰੂ ਬਿਲਾਸ ਦੇ ਸਵੈਯੇ ਅਨੁਸਾਰ–

**" ਸੀਸ ਦੀਯੇ ਅਰ ਸੀ ਨਾ ਕਰੀ ਜਿਨ,**
**ਸਿਖਨ ਤਾਹਿ ਕੋ ਮੈ ਬਲਿਹਾਰੀ।**
**ਗੋ-ਹਿਤ ਗੋ ਇਤਨੀ ਸਹਿ ਕਰ ਜਿਨ,**
**ਬੁਚੜ ਮਾਰ ਕੇ ਧੇਨ ਉਭਾਰੀ।**
**ਤੇ ਸਿਖ ਵਾ ਗੁਰ ਕੇਹਰ ਰਾਮ ਕੋ,**
**ਧਿਆਨ ਮਰਗਿੰਦ ਕਰੋਰ ਜੁਹਾਰੀ।**
**ਗੋਇ ਗਰੀਬਨ ਪਾਲਨ ਕੇ ਹਿਤ,**
**ਰਾਮ ਮਰਗਿੰਦ ਆਯੋ ਤਨ ਧਾਰੀ। "**

ਮਲੇਰਕੋਟਲਾ ਸਾਕੇ ਦੇ ਸ਼ਹੀਦੀ ਕਾਂਡ ਤੋਂ ਫੌਰਨ ਬਾਅਦ, 18 ਜਨਵਰੀ ਸੰਨ 1872 ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ 1818 ਦੇ ਰੈਗੂਲੇਸ਼ਨ ॥। ਐਕਟ ਤਹਿਤ ਉਨ੍ਹਾਂ ਦੇ ਨਿਜੀ ਸੇਵਕ ਭਾਈ ਨਾਨੂੰ ਸਿੰਘ ਅਤੇ ਪ੍ਰਮੁੱਖ ਸੂਬੇ ਸਾਹਿਬਾਨ ਸਮੇਤ ਕੈਦ ਕਰਕੇ ਅਲਾਹਾਬਾਦ ਦੇ ਕਿਲ੍ਹੇ ਵਿਚ ਨਜ਼ਰਬੰਦ ਕੀਤਾ ਗਿਆ। *ਉਥੋਂ,* 16 ਮਾਰਚ 1872 ਨੂੰ, ਸ੍ਰੀ ਸਤਿਗੁਰੂ ਜੀ ਨੂੰ ਉਨ੍ਹਾਂ ਦੇ ਨਿਜੀ ਸੇਵਕ ਸਮੇਤ, ਕਲਕੱਤੇ ਤੋਂ ਰੰਗੂਨ (ਬਰਮਾ) ਵਿਖੇ ਭੇਜ ਦਿਤਾ ਗਿਆ। ਉਥੋਂ ਵੀ ਕ੍ਰੀਬ ਸਾਢੇ 8 ਸਾਲ ਬਾਅਦ ਸ੍ਰੀ ਸਤਿਗੁਰੂ ਜੀ ਨੂੰ,ਦੇਸ਼ ਨਾਲੋਂ ਹੁਕਮਨਾਮਿਆਂ ਰਾਹੀਂ ਨਾਤਾ ਤੋੜਨ ਲਈ, ਮਰਗੋਈ ਟਾਪੂ (ਬਰਮਾ) ਵਿਖੇ ਰਖਿਆ ਗਿਆ। ਸੂਬਿਆਂ ਨੂੰ ਵੱਖੋ ਵੱਖ ਥਾਵਾਂ 'ਤੇ ਭੇਜ ਕੇ ਕੈਦ ਰੱਖਿਆ ਗਿਆ ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਰੰਗੂਨ ਤੋਂ ਭੇਜੇ ਆਪਣੇ ਹੁਕਮਨਾਮਿਆਂ ਵਿਚ ਲਿਖ ਕੇ ਭੇਜਦੇ ਰਹੇ,

**" ਸਾਨੂੰ ਗਊਆਂ ਮਾਰਨ ਦਾ ਬਹੁਤ ਦੁੱਖ ਹੈ, ਕਿਉਂਕਿ ਗਊਆਂ ਵਿਚ ਗੁਣ ਬਹੁਤ ਹਨ, ਅਉਗੁਣ ਕੋਈ ਵੀ ਨਹੀਂ। "**

**" ਇਕ ਗਾਈਂ ਦਾ ਤਰਸ ਠੀਕ ਆਉਂਦਾ ਹੈ ਹੁਣ ਭੀ, ਜੋ ਗਾਈਂ ਮੇਂ ਬਹੁਤ ਗੁਣ ਹੈਨ ਔਗੁਣ ਕੋਈ ਬੀ ਨਹੀਂ। ਬਿਚਾਰ ਲੇਹੁ। "**

ਸ੍ਰੀ ਸਤਿਗੁਰੂ ਜੀ ਦੇ ਪ੍ਰਦੇਸ ਗਵਨ ਪਿਛੋਂ, ਸ੍ਰੀ ਭੈਣੀ ਸਾਹਿਬ ਦੀ ਡਿਉੜੀ ਅੱਗੇ ਪੁਲਿਸ ਚੌਕੀ ਬਿਠਾ ਦਿਤੀ ਗਈ, ਜਿਹੜੀ ਕਰੀਬ 50 ਸਾਲ (ਸੰਨ 1872 ਤੋਂ 1923 ਤੀਕ) ਰਹੀ। ਸ੍ਰੀ ਸਤਿਗੁਰੂ ਹਰੀ ਸਿੰਘ ਜੀ ਤੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵੇਲੇ ਜਿਵੇਂ ਅੰਗ੍ਰੇਜ਼ ਸਰਕਾਰ ਨੇ ਨਾਮਧਾਰੀ ਪੰਥ 'ਤੇ ਸਖਤੀਆਂ ਅਤੇ ਜ਼ੁਲਮ ਕੀਤੇ,

ਇਹ ਇਕ ਰੌਂਗਟੇ ਖੜੇ ਕਰਨ ਵਾਲਾ ਗੌਰਵਮਈ ਇਤਿਹਾਸ ਹੈ। ਭਾਰੀ ਕਠਿਨਾਈਆਂ ਸਹਿਣ ਕਰਦਿਆਂ ਵੀ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ ਸ੍ਰੀ ਭੈਣੀ ਸਾਹਿਬ ਵਿਖੇ ਸਦਾ ਵਰਤ ਲੰਗਰ ਦੇ ਨਾਲ ਨਾਲ ਗਊਸ਼ਾਲਾ ਕਾਇਮ ਰੱਖੀ ਅਤੇ ਗਊ-ਸੇਵਾ ਵਿਚ ਫਰਕ ਨਾ ਪੈਣ ਦਿੱਤਾ। ਆਪ ਸਵੇਰੇ ਆਪਣੇ ਨਿਤਨੇਮ ਤੋਂ ਬਾਅਦ ਸਭ ਤੋਂ ਪਹਿਲਾਂ ਤਬੇਲੇ ਵਿਚ ਆ ਕੇ ਗਊਆਂ ਦੇਖਦੇ ਹੁੰਦੇ ਸਨ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਨਾਮਧਾਰੀ ਸਿੱਖਾਂ 'ਤੇ ਪਾਬੰਦੀਆਂ ਤੇ ਸਖਤੀਆਂ ਕੁਝ ਨਰਮ ਹੋਈਆਂ ਤਾਂ ਸਤਿਗੁਰਾਂ ਨੇ ਪ੍ਰਚਾਰ ਦੌਰੇ ਪੰਜਾਬ ਤੋਂ ਬਾਹਰ ਕਰਨੇ ਸ਼ੁਰੂ ਕੀਤੇ। ਸ੍ਰੀ ਭੈਣੀ ਸਾਹਿਬ ਵਿਚ ਸੰਗਤਾਂ ਦੀਆਂ ਹੋਰ ਜ਼ਿਆਦਾ ਰੌਣਕਾਂ ਲੱਗਣ ਲੱਗੀਆਂ। ਹੋਲਾ ਅਤੇ ਜਪ ਪ੍ਰਯੋਗ ਤੋਂ ਬਿਨਾਂ ਹੋਰ ਕਾਨਫਰੰਸਾਂ ਅਤੇ ਸਮਾਗਮਾਂ ਦੇ ਮੇਲੇ,ਅੰਤਰ ਰਾਸ਼ਟਰੀ ਪੱਧਰ 'ਤੇ ਮਨਾਏ ਜਾਣ ਲੱਗੇ। ਸੋ ਲੋੜ ਮੁਤਾਬਿਕ ਸਤਿਗੁਰੂ ਜੀ ਨੇ ਗਊਸ਼ਾਲਾ ਦਾ ਵਿਆਪਕ ਪੱਧਰ 'ਤੇ ਵਿਕਾਸ ਕੀਤਾ। ਭਾਰਤੀ ਸ਼ੁੱਧ ਨਸਲ ਦੀਆਂ ਖਾਸ ਕਰਕੇ ਸਾਹੀਵਾਲ ਅਤੇ ਹਰਿਆਣਾ ਨਸਲ ਦੀਆਂ ਗਊਆਂ, ਗਊਸ਼ਾਲਾ ਵਿਚ ਰੱਖੀਆਂ। ਕਿਹੜੀ ਗਊ ਕਿੰਨਾਂ ਦੁੱਧ ਦਿੰਦੀ ਹੈ ਤੇ ਕਿੰਨਾ ਸਮਾਂ ਦੁੱਧ ਦਿੱਦੀ ਹੈ,ਉਹਨਾਂ ਦਾ ਪੂਰਾ ਰਿਕਾਰਡ ਸਤਿਗੁਰੂ ਜੀ ਵਲੋਂ ਰੱਖਿਆ ਜਾਂਦਾ ਸੀ।

ਸ੍ਰੀ ਸਤਿਗੁਰੂ ਜੀ ਵਲੋਂ ਨਾਮਧਾਰੀ ਜਗਤ ਨੂੰ ਸਖਤ ਹੁਕਮ ਸੀ ਕਿ ਕੋਈ ਵੀ ਨਾਮਧਾਰੀ ਕਿਸੇ ਬੁੱਚੜ ਨੂੰ ਗਊ ਨਾ ਵੇਚੇ। ਉਹਨਾਂ ਨੇ ਭਾਰਤ ਦੀ ਵੰਡ ਤੋਂ ਬਾਅਦ ਹਰਿਆਣਾ ਪ੍ਰਦੇਸ਼ ਦੀ ਧਰਤੀ 'ਤੇ ਉਜੜ ਕੇ ਆਏ ਨਾਮਧਾਰੀਆਂ ਨੂੰ ਵਸਾਉਣ ਲਈ ਜ਼ਿਲ੍ਹਾ ਹਿਸਾਰ (ਹੁਣ ਜ਼ਿਲ੍ਹਾ ਸਰਸਾ) ਵਿਖੇ ਸ੍ਰੀ ਜੀਵਨ ਨਗਰ, ਸੰਤ ਨਗਰ ਆਦਿ ਬਹੁਤ ਸਾਰੇ ਨਵੇਂ ਪਿੰਡ ਵਸਾਏ ਅਤੇ ਨਾਮਧਾਰੀਆਂ ਨੂੰ ਅਨੇਕ ਬਿੱਘੇ ਜ਼ਮੀਨ ਮੁਫਤ ਵੰਡੀ ਅਤੇ ਨਾਲ ਹੀ ਗਊਆਂ ਵੀ ਦਿਤੀਆਂ।

" ਸਤਿਗੁਰੂ ਜੀ 2-3 ਜੇਠ ( ਸੰਮਤ 2011 ਬਿ.) ਦਿੱਲੀ ਗਊ ਬੱਧ ਬੰਦ ਕਰਨ ਦੇ ਸੰਬੰਧ ਵਿਚ ਹੋਏ ਸੰਮੇਲਨ 'ਤੇ ਦਰਸ਼ਨ ਦਿੱਤੇ ਤੇ ਬੋਲੇ ਭੀ ਕਿ ਸਿਰਫ **ਗਊ-ਪੂਜਕ ਨਾ ਬਣੋ, ਗਊ ਪਾਲਕ ਬਣੋ। ਗਊ ਦੀ ਨਸਲ ਸੁਧਾਰੋ ਤੇ ਅੰਦਰੋਂ ਹੋ ਕੇ ਪਿਆਰੋ ਗਊ ਨੂੰ।** ਬਹੁਤ ਦੂਰ ਦੂਰ ਤੋਂ ਹਿੰਦੂ ਗਊ ਧਰਮੀ ਲੋਕ ਆਏ ਸੀ ਤੇ ਬੋਲੇ ਭੀ ਸੀ।"

– ਜੱਸ ਜੀਵਨ ਭਾਗ-6 ਪੰਨਾ 33 ਰਚਿਤ ਸੰਤ ਤਰਨ ਸਿੰਘ ਵਹਿਮੀ

# ਅਜ਼ਾਦੀ ਸਮੇਂ

ਨਾਮਧਾਰੀ ਪੰਥ ਨੇ ਦੇਸ਼ ਦੇ ਸੁਤੰਤਰਤਾ ਸੰਗ੍ਰਾਮ ਵਿਚ ਅਹਿਮ ਯੋਗਦਾਨ ਪਾਇਆ। ਅਨੇਕ ਕੁਰਬਾਨੀਆਂ ਦਿਤੀਆਂ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਦੇਸ਼ ਦੀ ਅਜ਼ਾਦੀ ਤੋਂ ਬਾਅਦ ਕੋਈ ਮੰਗ ਨਹੀਂ ਰੱਖੀ।

ਸੰਨ 1945 ਈ ਵਿਚ ਸ਼ਿਮਲੇ ਵਿਚ ਵੇਵਲ ਕਾਨਫਰੰਸ ਹੋਈ। ਉੱਥੇ ਗਏ ਹੋਏ ਪੰ ਜਵਾਹਰ ਲਾਲ ਨਹਿਰੂ, ਮੌਲਾਨਾ ਆਜ਼ਾਦ ਆਦਿਕ ਦੀ ਮੁਲਾਕਾਤ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਹੋਈ। ਗੱਲ-ਬਾਤ ਦੌਰਾਨ ਸ੍ਰੀ ਸਤਿਗੁਰੂ ਜੀ ਨੂੰ ਪੁੱਛਿਆ ਗਿਆ ਕਿ ' ਕਾਨਫਰੰਸ ਵਿਚ ਵੱਖੋ-ਵੱਖ ਸ਼੍ਰੇਣੀਆਂ ਅਤੇ ਪਾਰਟੀਆਂ ਆਪੋ ਆਪਣੀਆਂ ਮੰਗਾਂ ਲੈ ਕੇ ਪਹੁੰਚੀਆਂ ਹਨ, ਆਪ ਕੀ ਚਾਹੁੰਦੇ ਹੋ ? ਕੀ ਆਪ ਜੀ ਦੀ ਵੀ ਕੋਈ ਉਚੇਚੀ ਮੰਗ ਹੈ ? ' ਸ੍ਰੀ ਸਤਿਗੁਰੂ ਜੀ ਨੇ ਉੱਤਰ ਦਿਤਾ ਕਿ ਉਨ੍ਹਾਂ ਦੀ ਕੋਈ ਮੰਗ ਨਹੀਂ ਹੈ। ਸਿਰਫ ਇਕੋ ਹਾਰਦਿਕ ਇੱਛਾ ਹੈ ਕਿ ਭਾਰਤ ਅਜ਼ਾਦ ਹੋਵੇ ਅਤੇ ਰਿਸ਼ੀਆਂ ਮੁਨੀਆਂ ਦੇ ਇਸ ਦੇਸ਼ ਵਿਚ ਗਊ-ਗ਼ਰੀਬ ਦੀ ਰੱਖਿਆ ਹੋਵੇ। ਆਜ਼ਾਦ ਭਾਰਤ ਵਿਚ ਗਊ-ਬੱਧ ਪੂਰਨ ਤੌਰ 'ਤੇ ਬੰਦ ਹੋਵੇ।

ਪਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ, ਅਜ਼ਾਦ ਭਾਰਤ ਵਿਚ ਗਊ ਦੇ ਮਸਲੇ ਨੇ ਇਕ ਵੱਖਰੀ ਸ਼ਕਲ ਅਖਤਿਆਰ ਕਰ ਲਈ। ਜਿਸ ਹਿੰਦੂ ਧਰਮ ਦੀ ਪ੍ਰਤੀਕ ਕੇਵਲ ਗਊ ਹੀ ਸੀ, ਉਸ ਵਿਚ ਏਨਾ ਪਰਿਵਰਤਨ ਆ ਗਿਆ ਕਿ ਰਾਜਸੀ ਪ੍ਰਤੀਨਿਧਾਂ ਨੇ ਕਾਨੂੰਨੀ ਤੌਰ 'ਤੇ, ਨਕਾਰਾ ਗਊਆਂ ਦਾ ਕਤਲ ਹੋਣਾਂ ਮੰਨ ਲਿਆ। ਕੁਝ ਹਿੰਦੂ ਦੁਕਾਨਦਾਰਾਂ ਨੇ ਖੱਲਾਂ ਦਾ ਵਪਾਰ ਸ਼ੁਰੂ ਕਰ ਦਿਤਾ ਅਤੇ ਅਣਜੰਮੇ ਵੱਛੇ ਵੱਛੀਆਂ ਦਾ ਕੂਲਾ ਬੂਰਦਾਰ ਚਮੜਾ ਪ੍ਰਾਪਤ ਕਰਨ ਲਈ ਗੱਭਣ ਗਊਆਂ ਦਾ ਖਾਤਮਾ ਕਰਵਾਉਣਾ ਵੀ ਵਿਉਪਾਰ ਵਿਚ ਸ਼ਾਮਲ ਕਰ ਲਿਆ।

ਅੰਗ੍ਰੇਜ਼ਾਂ ਦੇ ਰਾਜ ਸਮੇਂ ਨਾਮਧਾਰੀਆਂ ਨੇ ਮਲੇਰਕੋਟਲੇ, ਰਾਏਕੋਟ ਅਤੇ ਅੰਮ੍ਰਿਤਸਰ ਵਿਚ ਖੋਲ੍ਹੇ ਗਏ ਬੁੱਚੜਖਾਨਿਆਂ ਦਾ ਵਿਰੋਧ ਕੀਤਾ ਅਤੇ ਬੁੱਚੜਾਂ 'ਤੇ ਹਮਲਾ ਕਰ ਕੇ ਗਊਆਂ ਦੇ ਰੱਸੇ ਖੋਲਣ ਬਦਲੇ ਫਾਂਸੀਆਂ 'ਤੇ ਲਟਕੇ, ਤਲਵਾਰਾਂ ਨਾਲ ਸ਼ਹੀਦ ਹੋਏ, ਤੋਪਾਂ ਅਗੇ ਪੁਰਜਾ ਪੁਰਜਾ ਹੋ ਉੱਡੇ। ਉਸੇ ਦੇਸ਼ ਭਾਰਤ ਦੇ ਅਜ਼ਾਦ ਹੋਣ ਮਗਰੋਂ, ਅਜ਼ਾਦ ਭਾਰਤ ਵਿਚ ਅਨੇਕ ਬੁੱਚੜਖਾਨੇ ਖੋਲ੍ਹੇ ਗਏ।

ਜਦੋਂ ਰਾਜਸੀ ਅਖਾੜੇ ਵਿਚ ਏਹ ਨਾਅਰਾ ਉਠਿਆ ਕਿ ਕਿਉਂਕਿ ਭਾਰਤੀ ਗਊਆਂ ਦੁੱਧ ਥੋੜ੍ਹਾ ਦਿੰਦੀਆਂ ਤੇ ਖਾਣਾ ਬਹੁਤਾ ਖਾਂਦੀਆਂ ਹਨ, ਇਸ ਲਈ ਵਧੀਆ ਨਸਲ ਦੀਆਂ ਗਊਆਂ ਬਾਹਰੋਂ ਲਿਆ ਕੇ ਪਾਲਣੀਆਂ ਚਾਹੀਦੀਆਂ ਹਨ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਇਸ ਗਲਤ ਧਾਰਣਾਂ ਨੂੰ ਰੱਦਣ ਲਈ ਭਾਰਤੀ ਗਊਆਂ ਦੀ ਨਸਲ ਸੁਧਾਰ ਵਾਸਤੇ ਅਨੇਕ ਸਫਲ ਯਤਨ ਕੀਤੇ।

ਸ੍ਰੀ ਸਤਿਗੁਰੂ ਜੀ ਨੇ ਸ੍ਰੀ ਭੈਣੀ ਸਾਹਿਬ ਅਤੇ ਸ੍ਰੀ ਜੀਵਨ ਨਗਰ ਵਿਖੇ ਗਊਸ਼ਾਲਾਵਾਂ ਕਾਇਮ ਕੀਤੀਆਂ। ਇਨ੍ਹਾਂ ਵਿਚ ਸਾਹੀਵਾਲ, ਹਰਿਆਣਾ ਤੇ ਦੇਸੀ ਨਸਲ ਦੀਆਂ ਗਊਆਂ ਰੱਖੀਆ। ਸ੍ਰੀ ਜੀਵਨ ਨਗਰ (ਉਦੋਂ ਜ਼ਿਲ੍ਹਾ ਹਿਸਾਰ, ਹੁਣ ਸਰਸਾ) ਵਿਖੇ ਸ੍ਰੀ ਸਤਿਗੁਰੂ ਹਰੀ ਸਿੰਘ ਪਸ਼ੂ ਪਾਲਕ ਫਾਰਮ ਖੁਲ੍ਹਵਾਇਆ।

ਇਸ ਫਾਰਮ ਦੀਆਂ ਗਊਆਂ ਹਰ ਵਰ੍ਹੇ ਭਾਰਤ ਭਰ ਦੇ ਦੁੱਧ ਮੁਕਾਬਲੇ ਵਿਚੋਂ ਪਹਿਲੇ ਨੰਬਰ ਪ੍ਰਾਪਤ ਕਰਦੀਆਂ ਰਹੀਆਂ। ਆਮ ਗਊ ਆਪਣੇ ਜੀਵਨ ਕਾਲ ਵਿਚ 19400 ਪੌਂਡ ਦੁੱਧ ਦਿੰਦੀ ਹੈ ਜਦ ਕਿ ਸ੍ਰੀ ਜੀਵਨ ਨਗਰ ਦੇ ਉਪਰੋਕਤ ਫਾਰਮ ਦੀ ਇਕ ਗਊ ਨੌਲੱਖੀ ਨੇ ਇਕੋ ਸੂਏ ਵਿਚ ਹੀ 14150 ਪੌਂਡ ਤੋਂ ਵੱਧ ਦੁੱਧ ਦਿਤਾ ਸੀ।

" ਨੌ ਲੱਖੀ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਘਰ ਪੈਦਾ ਹੋਈ ਸਾਹੀਵਾਲ ਨਸਲ ਦੀ ਗਊ ਜਿਸਨੇ 300 ਦਿਨ 14150 ਪਾਊਂਡ, 1 ਦਿਨ ਵਿਚ ਵੱਧ ਤੋਂ ਵੱਧ 74-¾ ਪਾਊਂਡ ਅਤੇ ਸਾਰੇ ਸੂਏ ਵਿਚ ਸਵਾ 24 ਪਾਊਂਡ ਰੋਜ਼ਾਨਾ ਔਸਤ ਦੁੱਧ ਦਿੱਤਾ। ਇਕ ਦਿਨ ਵਿਚ 2 ਸੇਰ ਮੱਖਣ (ਕ੍ਰੀਬ 1 ਸੇਰ 10 ਛਟਾਂਕ ਘਿਓ) ਵੀ ਇਸ ਨੇ ਦਿੱਤਾ।

" ਹੁਕਮੀ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਘਰ ਪੈਦਾ ਕੀਤੀ ਹੋਈ ਉਹ ਗਊ ਜਿਸ ਨੇ ਸੁੰਦਰਤਾ ਵਿਚ ਅਤੇ ਦੁੱਧ ਦੇਣ ਵਿਚ ਭਾਰੀ ਸੋਭਾ ਪ੍ਰਾਪਤ ਕੀਤੀ। ਇਸ ਨੇ ਉੱਤਰੀ-ਖੇਤਰ ਪਸ਼ੂ ਪ੍ਰਦਰਸ਼ਨੀ ਵਿਚ ਸਰਵੋਤਮ ਪਸ਼ੂ ਹੋਣ ਕਾਰਨ 1000 ਰੁਪਏ ਨਕਦ ਅਤੇ 5 ਕੱਪ ਇਨਾਮ ਵਿਚ ਜਿਤੇ। 306 ਦਿਨਾਂ ਵਿਚ 9502 ਪਾਊਂਡ ਦੁੱਧ ਅਤੇ ਸਾਰੇ ਸੂਏ ਵਿਚ 16-¾ ਪਾਊਂਡ ਰੋਜ਼ਾਨਾ ਔਸਤ ਦੁੱਧ ਦਿਤਾ।

– ਸਤਿਜੁਗ ਦਾ ਗਊ-ਅੰਕ

ਸ੍ਰੀ ਸਤਿਗੁਰੂ ਜੀ ਦਿਨ ਵਿਚ ਇਕ ਵਾਰ ਗਊਆਂ ਨੂੰ ਜ਼ਰੂਰ ਵੇਖਦੇ। ਹਰ ਇਕ ਗਊ ਦਾ ਉਚੇਚਿਆਂ ਧਿਆਨ ਰੱਖਦੇ। ਆਪ **ਬਚਨ ਕਰਿਆ ਕਰਦੇ ਸਨ, "ਗਊਆਂ ਨੂੰ ਵੇਖ ਮੇਰਾ ਮਨ ਖੇੜੇ ਵਿਚ ਰਹਿੰਦਾ ਹੈ।"**

ਸੇਵਾ ਸਦਕਾ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀਆਂ ਗਊਆਂ ਨੇ ਦੇਸ਼ ਭਰ ਵਿਚ ਹੋਈਆਂ ਪ੍ਰਤਿਯੋਗਿਤਾਵਾਂ ਵਿਚੋਂ ਇਨਾਮ ਜਿੱਤੇ ਅਤੇ ਦੁੱਧ ਤੇ ਘਿਓ ਦੇ ਨਵੇਂ ਰਿਕਾਰਡ ਕਾਇਮ ਕੀਤੇ।

ਹਰਿਆਣਾ ਨਸਲ ਦੀ ਗਊ ਭੋਡੀ ਅਤੇ ਇਸੇ ਨਸਲ ਦੀ ਗਊ ਚੰਦਰਮਣੀ ਨੇ ਪਸ਼ੂ ਪ੍ਰਦਰਸ਼ਨੀਆਂ ਵਿਚੋਂ ਸਰਵੋਤਮ ਇਨਾਮ ਜਿੱਤੇ। ਅਜਿਹੀਆਂ ਅਨੇਕ ਮਿਸਾਲਾਂ ਹਨ।

ਬੁੱਚੜਖਾਨੇ ਨੂੰ ਜਾ ਰਹੀਆਂ ਗਊਆਂ ਨੂੰ ਖ੍ਰੀਦ ਕੇ ਅਤੇ ਉਨ੍ਹਾਂ ਦੀ ਉਚੇਚੀ ਸੇਵਾ ਕਰਕੇ, ਸ੍ਰੀ ਸਤਿਗੁਰੂ ਜੀ ਨੇ ਇਹਨਾਂ ਗਊਆਂ ਤੋਂ ਆਮ ਨਾਲੋਂ ਕਿਤੇ ਵੱਧ ਮਾਤਰਾ ਵਿਚ ਦੁੱਧ ਤੇ ਘਿਓ ਪ੍ਰਾਪਤ ਕੀਤਾ। ਇਕ ਹਰਿਆਣਾ ਨਸਲ ਦੀ ਗਊ

'ਨਿਸ਼ਾਨੀ' ਨੂੰ ਲੁਧਿਆਣੇ ਤੋਂ ਬੁੱਚੜਾਂ ਪਾਸੋਂ, ਸ੍ਰੀ ਸਤਿਗੁਰੂ ਜੀ ਨੇ ਛੁਡਵਾਇਆ ਸੀ। ਬਾਅਦ 'ਚ ਸ੍ਰੀ ਭੈਣੀ ਸਾਹਿਬ ਪਸ਼ੂ ਪ੍ਰਦਰਸ਼ਨੀ ਵਿਚ ਇਹ ਗਊ 'ਨਿਸ਼ਾਨੀ' ਸਰਵੋਤਮ ਪਸ਼ੂ ਕਰਾਰ ਦਿਤੀ ਗਈ। ਸ੍ਰੀ ਸਤਿਗੁਰੂ ਜੀ ਬਚਨ ਕੀਤਾ ਕਰਦੇ ਸਨ ਕਿ,

**" ਗਊਆਂ ਦੀ ਸੇਵਾ ਐਵੇਂ ਨਹੀਂ ਜਾਂਦੀ, ਇਨ੍ਹਾਂ ਦਾ ਗੋਹਾ ਹੀ ਸੇਵਾ ਦਾ ਮੁੱਲ ਮੋੜ ਜਾਂਦਾ ਹੈ। "**

ਸ੍ਰੀ ਸਤਿਗੁਰੂ ਜੀ ਖੇਤਾਂ ਵਿਚ ਗੋਹੇ ਦੀ ਖਾਦ ਨੂੰ ਵਿਸ਼ੇਸ਼ਤਾ ਦਿੰਦੇ ਸਨ।

ਸੰਮਤ 2009 ਦੀ 'ਸਰਬ ਹਿੰਦ ਪਸ਼ੂ ਪ੍ਰਦਰਸ਼ਨੀ' ਹਿਸਾਰ ਵਿਖੇ ਹੋਈ। ਇਸ ਵਿਚ ਸਭ ਤੋਂ ਵੱਧ ਇਨਾਮ ਜਿੱਤਣ ਵਾਲੀਆਂ ਗਊਆਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀਆਂ ਸਨ। ਜੇਤੂ ਪਸ਼ੂਆਂ ਦੇ ਮਾਲਕਾਂ ਨੂੰ ਪੁਰਸਕਾਰ ਦੇਣ ਉਪ੍ਰੰਤ ਉਸ ਵੇਲੇ ਦੇ ਰਾਸ਼ਟਰਪਤੀ **ਡਾ ਰਾਜਿੰਦਰ ਪ੍ਰਸ਼ਾਦ ਜੀ ਨੇ ਕਿਹਾ,**

**" ਜੋ ਲੋਗ ਗਊ ਮਾਰਤੇ ਹੈਂ, ਉਨ ਮੇਂ ਬਲ ਤੋ ਹੈ, ਬੁੱਧੀ ਨਹੀਂ ਹੈ। "**

**ਰਾਸ਼ਟਰਪਤੀ ਜੀ ਨੇ ਇਹ ਵੀ ਆਖਿਆ, "ਜਿਸ ਨੇ ਗਊ-ਪਾਲਣ ਸੀਖਨਾ ਹੈ ਵਹ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਕੇ ਪਾਸ ਜਾ ਕੇ ਸੀਖੇਂ।"**

**ਸ. ਪ੍ਰਤਾਪ ਸਿੰਘ ਕੈਰੋਂ ਨੇ ਕਿਹਾ, "ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਘੋੜੇ ਪਾਲੇ ਹਨ ਤਾਂ ਦੇਸ਼ ਵਿਦੇਸ਼ 'ਚ ਅੱਵਲ ਦਰਜਾ ਪ੍ਰਾਪਤ ਕੀਤਾ ਹੈ। ਗਊਆਂ ਮੱਝਾਂ ਦੀ ਨਸਲ ਬਣਾਈ ਹੈ ਤਾਂ ਸਭ ਨੂੰ ਮਾਤ ਕਰ ਦਿਤਾ। "**

ਸ੍ਰੀ ਸਤਿਗੁਰੂ ਜੀ ਗਊਸ਼ਾਲਾ ਵਿਚ ਸੇਵਾ ਕਰਨ ਲਈ 3-4 ਗਊਆਂ, ਇਕ ਇਕ ਸੇਵਕ ਨੂੰ ਦਿਆ ਕਰਦੇ ਹਨ।

ਸੰਤ ਮੱਘਰ ਸਿੰਘ (ਸੈਦੋ ਵਾਲੇ) ਨੇ ਮੈਨੂੰ ਦੱਸਿਆ,

"ਮੈ ਨਿੱਕੇ ਹੁੰਦਿਆਂ ਤੋਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਅਨੁਸਾਰ ਗਊਆਂ ਚਾਰਨ, ਪੱਠੇ ਪਾਉਣ ਅਤੇ ਦੁੱਧ ਚੋਣ ਦੀ ਸੇਵਾ ਕਰਿਆ ਕਰਦਾ ਸੀ। ਸ੍ਰੀ ਸਤਿਗੁਰੂ ਜੀ ਨੇ ਦਿੱਲੀ ਕਾਬਲੀ ਸ਼ਾਹ ਦੀ ਡੇਅਰੀ ਤੋਂ 600 ਰੁਪਏ ਵਿਚ ਇਕ ਗਊ ਮੁੱਲ ਲਈ ਸੀ। ਇਸ ਗਊ ਦਾ ਨਾਂ ਸ੍ਰੀ ਸਤਿਗੁਰੂ ਜੀ ਨੇ 'ਪੁਤਲੀ ' ਰੱਖਿਆ। ਪੁਤਲੀ ਗਊ ਨੇ ਪਹਿਲੇ ਸੂਏ 14 ਸੇਰ ਦੁੱਧ ਦਿੱਤਾ। ਹਰੇਕ ਸੂਏ ਉਸ ਦਾ ਦੁੱਧ 4-5 ਸੇਰ ਵਧਦਾ ਗਿਆ। ਜਦੋਂ ਤੋਂ ਇਹ ਗਊ ਲਿਆਂਦੀ, ਸੱਚੇ ਪਾਤਸ਼ਾਹ ਜੀ ਦੇ ਹੁਕਮ ਅਨੁਸਾਰ, ਮੈਂ ਹੋਰ ਗਊਆਂ ਨਾਲ ਇਸ ਦੀ ਸੇਵਾ ਸੰਭਾਲ ਕਰਦਾ ਸੀ। ਪੁਤਲੀ ਗਊ ਦੇ ਹਵਾਨੇ ਦੇ ਉੱਤੇ ਥਣਾਂ ਕੋਲ ਬੱਗੀਆਂ (ਚਿੱਟੀਆਂ) ਲਾਲ ਫਿੰਸੀਆਂ ਹੋਈਆਂ ਸਨ।"

ਇਕ ਦਿਨ ਗਊਸ਼ਾਲਾ ਦੇ ਪ੍ਰਬੰਧਕ ਸੂਬਾ ਵਰਿਆਮ ਸਿੰਘ ਨੇ ਗਊ ਨੂੰ ਵੇਖਦਿਆਂ ਸ੍ਰੀ ਸਤਿਗੁਰੂ ਜੀ ਨੂੰ ਅਰਜ਼ ਕੀਤੀ,

"ਸੱਚੇ ਪਾਤਸ਼ਾਹ ਜੀ ਗਊ ਤਾਂ ਵਧੀਆ ਹੈ ਪਰ ਫਿੰਸੀਆਂ ਹੋ ਗਈਆਂ ਹਨ।"

ਸ੍ਰੀ ਸਤਿਗੁਰੂ ਜੀ ਬਚਨ ਕੀਤਾ,

"ਵਰਿਆਮ ਸਿਆਂ, ਦੁੱਧ ਬੜਾ ਦੇਊਗੀ ਇਹ"

ਸੰਤ ਮੱਘਰ ਸਿੰਘ ਨੇ ਦੱਸਿਆ, " ਮੈਂ ਉਸ ਵੇਲੇ ਕੋਲ ਹੀ ਖੜਾ ਸੀ। ਬਾਅਦ ਵਿਚ ਇਹ ਗਊ 'ਪੁਤਲੀ' ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਵਕਤ ਲਗਾਤਾਰ ਤਿੰਨ ਸਾਲ 'ਸਰਬ ਭਾਰਤੀ ਦੁੱਧ ਮੁਕਾਬਲੇ ਵਿਚੋਂ ਪਹਿਲੇ ਨੰਬਰ 'ਤੇ ਆਉਂਦੀ ਰਹੀ ਅਤੇ ਸੰਨ 1964 'ਚ ਮੁਕਾਬਲੇ ਵਿਚੋਂ 63 ਪੌਂਡ ਦੁੱਧ ਦੇਣ ਕਰ ਕੇ ਪਹਿਲੇ ਨੰਬਰ 'ਤੇ ਆਉਣ ਕਾਰਣ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ 'ਗੋਪਾਲ ਰਤਨ' ਪੁਰਸਕਾਰ ਮਿਲਿਆ। "

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਪੇਂਡੂ ਖੇਤਰਾਂ ਵਿਚ ਪਸ਼ੂ ਪ੍ਰਦਰਸ਼ਨੀਆਂ ਕਰਵਾ ਕੇ ਤੇ ਇਨਾਮ ਦੇ ਕੇ, ਲੋਕਾਂ ਨੂੰ ਪਸ਼ੂਆਂ ਦੀ ਸੇਵਾ ਸੰਭਾਲ ਲਈ ਉਤਸਾਹਿਤ ਕੀਤਾ। ਗਊ ਰੱਖਿਆ ਲਈ ਉਚੇਚੇ ਉਪਰਾਲੇ ਕੀਤੇ।

ਭਾਰਤ ਸਰਕਾਰ ਨੇ ਸ੍ਰੀ ਸਤਿਗੁਰੂ ਜੀ ਨੂੰ ਪਸ਼ੂ ਧਨ ਦੀ ਉੱਨਤੀ ਲਈ ਬਣਾਈ ਗਈ ਕਮੇਟੀ ਵਿਚ ਉਚੇਚੇ ਤੌਰ 'ਤੇ ਸ਼ਾਮਲ ਕੀਤਾ ਸੀ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਬਚਨ ਕਰਦੇ ਸਨ,

**" ਗਊਆਂ ਦੀ ਕੇਵਲ ਪੂਜਾ ਹੀ ਨਹੀਂ, ਸੇਵਾ ਵੀ ਕਰਨੀ ਚਾਹੀਦੀ ਹੈ। ਗਊਆਂ ਦੀ ਸੇਵਾ ਨਾਲ ਗਊ ਰੱਖਿਆ ਆਪੇ ਹੋ ਜਾਵੇਗੀ। "**

**" ਗਊਆਂ ਦੀ ਨਸਲ ਸੁਧਾਰ ਲਈ ਉਚੇਚੇ ਯਤਨ ਕੀਤੇ ਜਾਣ ਤਾਂ ਕਿ ਗਊ-ਧਨ ਸਾਡੇ ਦੇਸ਼ ਦੇ ਆਰਥਿਕ ਵਿਕਾਸ ਦਾ ਆਧਾਰ ਬਣ ਸਕੇ। "**

# ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ

ਸੰਨ 1959 ਈ. ਵਿਚ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਜੋਤੀ ਜੋਤ ਸਮਾ ਗਏ ਤਾਂ ਪੰਥ ਦੀ ਵਾਗਡੋਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਕੋਲ ਆ ਗਈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਹੋਰ ਸਾਰੇ ਖੇਤਰਾਂ ਵਿਚ ਵਿਕਾਸ ਦੇ ਕਾਰਜ ਕਰਨ ਤੋਂ ਇਲਾਵਾ ਗਊ ਪਾਲਣ ਦੇ ਗੁਰੂ ਸ਼ਗਿਰਦ ਵਿਰਸੇ ਨੂੰ ਹੋਰ ਬਹੁਤ ਵਧਾਇਆ ਹੈ।

ਗਊ-ਗ੍ਰੀਬ ਦੀ ਰੱਖਿਆ ਸਾਰੇ ਅਧਿਆਤਮਕ ਗੁਰੂ ਕਰਦੇ ਆਏ ਹਨ।

**ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਨੁਸਾਰ,**

**"ਸਾਡੇ ਵਿਚ ਧਰਮ ਤੇ ਸਿਆਸਤ ਨੂੰ ਵੱਖਰਾ ਨਹੀਂ ਸਮਝਿਆ ਜਾਂਦਾ, ਸਾਡਾ ਧਰਮ ਹੈ—ਗਊ ਤੇ ਗ੍ਰੀਬ ਦੀ ਰੱਖਿਆ।"**

ਆਪ ਜੀ ਦੇ ਵਿਚਾਰ ਹਨ ਕਿ ਗਊ ਦੀ ਪੂਜਾ ਅਤੇ ਗਊ ਦੀ ਰੱਖਿਆ ਦੀਆਂ ਸਿਰਫ ਗੱਲਾਂ ਹੀ ਨਾ ਕੀਤੀਆਂ ਜਾਣ ਬਲਕਿ ਅਮਲੀ ਤੌਰ 'ਤੇ ਗਊ ਦੀ ਸੇਵਾ-ਸੰਭਾਲ ਅਤੇ ਪਾਲਣਾ ਵੀ ਕੀਤੀ ਜਾਵੇ। ਸ੍ਰੀ ਸਤਿਗੁਰੂ ਜੀ ਹੁਕਮ ਕਰਦੇ ਹਨ ਕਿ ਹਰ ਨਾਮਧਾਰੀ ਗਊ ਰੱਖੇ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਖੁਦ ਵੀ ਆਪਣੇ ਹੱਥੀਂ ਗਊਆਂ ਦੀ ਸੇਵਾ ਕਰਦੇ ਰਹੇ ਹਨ। ਗਊਆਂ ਦਾ ਦੁੱਧ ਚੋਣਾਂ, ਚਾਰਾ ਦੇਣਾ, ਦਵਾਈ ਦੇਣੀਂ, ਸਭ ਕੰਮ ਆਪ ਕਰਦੇ ਰਹੇ ਹਨ। ਗੱਦੀ 'ਤੇ ਬੈਠਣ ਉਪ੍ਰੰਤ ਵੀ ਸ੍ਰੀ ਸਤਿਗੁਰੂ ਜੀ ਸਵੇਰੇ ਬਹੁਤ ਸੁਵਖਤੇ ਗਊਆਂ ਥੱਲਿਓਂ ਝਾੜੂ ਫੇਰ ਕੇ, ਸੇਵਾ ਕਰਦੇ ਰਹੇ ਹਨ। ਆਪ ਜੀ ਦਾ ਕ੍ਰੀਬ ਰੋਜ਼ਾਨਾ ਗਊਸ਼ਾਲਾ ਵਿਚ ਗਊਆਂ ਨੂੰ ਵੇਖਣ ਜਾਣ ਦਾ ਨਿਤ ਕਰਮ ਰਿਹਾ ਹੈ। ਆਪਣੇ ਕਰ ਕਮਲਾਂ ਨਾਲ ਗਊਆਂ ਨੂੰ ਗੁੜ ਜਾਂ ਚਾਰਾ ਖਵਾ ਕੇ ਕੰਢ ਥਾਪੜ ਪਿਆਰ ਦਿੰਦੇ ਹਨ। ਗਊਆਂ ਦੀ ਸਾਂਭ-ਸੰਭਾਲ ਵਿਚ ਕੋਈ ਕਮੀ ਨਾ ਰਹਿ ਜਾਵੇ, ਇਸ ਗੱਲ ਦੀ ਆਪ ਨਿਗਰਾਨੀ ਰਖਦੇ ਹਨ।

ਜਿਵੇਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਗਊਆਂ ਦਾ ਦੁੱਖ ਸਹਿ ਨਹੀਂ ਸਕਦੇ ਸਨ, ਉਵੇਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਹੀ ਪਾਸੋਂ ਗਊਆਂ ਦੇ ਦੁੱਖ ਜ਼ਰੇ ਨਹੀਂ ਜਾਂਦੇ। ਗਊਆਂ ਪ੍ਰਤੀ ਇਸ ਸੋਚ ਨੂੰ ਆਪ ਹਮੇਸ਼ਾ ਪ੍ਰਮੁੱਖ ਰੱਖਦੇ ਹਨ।

ਸੱਚੇ ਪਾਤਸ਼ਾਹ ਜੀ ਕੱਲੀ-ਕੱਲੀ ਗਾਂ ਦਾ ਕਿੰਨਾ ਫਿਕਰ ਕਰਦੇ ਰਹੇ ਹਨ, ਇਸ ਬਾਰੇ ਮੈਨੂੰ ਸੰਤ ਸੁਖਦੇਵ ਸਿੰਘ ਟਿੱਬੇ ਵਾਲਿਆਂ ਨੇ ਦੱਸਿਆ ਕਿ ਸੰਨ 1990-91 ਦੀ ਗੱਲ ਹੈ:- ਇੱਕ ਦਿਨ ਅੰਮ੍ਰਿਤ ਵੇਲੇ ਸਵੇਰੇ 2 ਵਜੇ ਮੈਨੂੰ ਸ੍ਰੀ ਸਤਿਗੁਰੂ ਜੀ ਦਾ ਫੋਨ

ਆਇਆ ਕਿ ਸ੍ਰੀ ਜੀਵਨ ਨਗਰ ਦੀ ਇੱਕ ਸਾਹੀਵਾਲ ਗਾਂ (ਜਿਸਦੇ ਇੱਕ ਸਿੰਗ 'ਤੇ ਕੈਂਸਰ ਦੀ ਤਕਲੀਫ ਸੀ), ਬਾਰੇ ਕਿ ਹੁਣੇ ਫੌਰਨ ਜਾ ਅਤੇ ਉਸ ਗਾਂ ਦਾ ਹਾਲ ਪਤਾ ਕਰ ਕੇ ਮੈਨੂੰ ਫੋਨ 'ਤੇ ਦੱਸੀਂ।

ਸ੍ਰੀ ਜੀਵਨ ਨਗਰ ਵਿਖੇ ਇੱਕ ਲਾਵਾਰਿਸ ਗਾਂ, ਜਿਸਨੂੰ ਬਹੁਤ ਜ਼ਿਆਦਾ ਤਕਲੀਫ ਸੀ, ਸ੍ਰੀ ਸਤਿਗੁਰੂ ਜੀ ਦੀ ਦ੍ਰਿਸ਼ਟੀ ਵਿੱਚ ਆਈ ਤਾਂ ਉਨ੍ਹਾਂ ਨੇ ਉਸੇ ਵੇਲੇ ਨੰਬਰਦਾਰ ਅਮਰ ਸਿੰਘ ਨੂੰ ਹੁਕਮ ਕੀਤਾ ਕਿ "ਇਸ ਗਊ ਦਾ ਜਲਦੀ ਇਲਾਜ ਕਰਵਾਓ, ਜਿੰਨੇ ਪੈਸੇ ਲੱਗਣਗੇ, ਮੈਂ ਦਿਆਂਗਾ।"

ਸੰਤ ਸੁਖਦੇਵ ਸਿੰਘ (ਟਿੱਬਾ) ਨੇ ਮੈਨੂੰ ਦੱਸਿਆ ਕਿ ਮੈਂ ਸ੍ਰੀ ਸਤਿਗੁਰੂ ਜੀ ਦੀ ਰਸਨਾ ਤੋਂ ਇਹ ਗੱਲ ਖੁਦ ਸੁਣੀ ਹੈ ਕਿ ਇੱਕ ਵਾਰ ਹਜ਼ੂਰ ਚੰਡੀਗੜ੍ਹ ਤੋਂ ਸ੍ਰੀ ਭੈਣੀ ਸਾਹਿਬ ਬੱਸ ਤੇ ਆ ਰਹੇ ਸਨ, (ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵਕਤ ਜਦੋਂ ਉਹ ਬਾਬਾ ਜੀ ਦੇ ਰੂਪ ਵਿੱਚ ਸਨ) ਤਾਂ ਨੇੜੇ ਬੈਠੇ ਇੱਕ ਬੰਦੇ ਨੇ ਕਿਹਾ ਕਿ ਗਊਆਂ ਪਾਲਣ ਵਾਸਤੇ ਬਹੁਤ ਥਾਂ ਚਾਹੀਦੀ ਹੈ। ਸ੍ਰੀ ਸਤਿਗੁਰੂ ਜੀ ਨੇ ਫਰਮਾਇਆ,

**"ਗਊ ਪਾਲਣ ਲਈ ਧਰਤੀ 'ਤੇ ਨਹੀਂ, ਦਿਲ ਵਿੱਚ ਜਗ੍ਹਾ ਚਾਹੀਦੀ ਹੈ।"**

ਇੱਕ ਵਾਰ ਇੱਕ ਡੈਲੀਗੇਸ਼ਨ ਦੇ ਮੈਂਬਰ ਵੱਲੋਂ ਇਹ ਪੁੱਛੇ ਜਾਣ 'ਤੇ ਕਿ ਜਿਹੜੀ ਗਊ ਏਨਾ ਦੁੱਧ ਦਿੰਦੀ ਹੈ, ਉਸ ਦੇ ਖਰਚ ਕਿੰਨਾ ਆਉਂਦਾ ਹੋਵੇਗਾ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਫਰਮਾਇਆ,

**"ਮੈਂ ਗਊ ਨਾਲ ਹਿਸਾਬ ਨਹੀਂ ਕਰਦਾ**
**ਕਿਉਂਕਿ ਗਊ ਮੇਰੇ ਨਾਲ ਹਿਸਾਬ ਨਹੀਂ ਕਰਦੀ"**

ਸ੍ਰੀ ਸਤਿਗੁਰੂ ਜੀ ਸਮੇਂ ਸਮੇਂ 'ਤੇ ਸੇਵਕਾਂ ਨੂੰ ਪੁੱਛਦੇ ਰਹਿੰਦੇ ਹਨ ਕਿ ਕਿਹੜੀ ਕਿਹੜੀ ਗਾਂ, ਕਿੰਨਾਂ ਕਿੰਨਾਂ ਦੁੱਧ ਦਿੰਦੀ ਹੈ। ਜੇ ਗਊਆਂ ਦਾ ਦੁੱਧ ਘੱਟ ਹੋਵੇ ਤਾਂ ਆਪ ਸੇਵਕਾਂ ਨੂੰ ਹੁਕਮ ਕਰਦੇ ਹਨ ਕਿ ਮੈਨੂੰ ਦੱਸੋ ਜਿਸ ਚੀਜ਼ ਦੀ ਲੋੜ ਹੈ, ਗਊਆਂ ਦਾ ਦੁੱਧ ਵਧਾਓ। ਜੇ ਗਊਸ਼ਾਲਾ 'ਚ ਕੋਈ ਗਾਂ ਲਿੱਸੀ ਵਿਖਾਈ ਦੇਵੇ ਤਾਂ ਸੇਵਕਾਂ ਨੂੰ ਧਿਆਨ ਰੱਖਣ ਦੀ ਖਾਸ ਹਿਦਾਇਤ ਦਿੰਦੇ ਹਨ। ਸ੍ਰੀ ਸਤਿਗੁਰੂ ਜੀ ਗਊਆਂ ਦੇ ਦੁੱਧ ਤੇ ਘਿਓ ਦਾ ਰਿਕਾਰਡ ਸੇਵਕਾਂ ਕੋਲੋਂ ਲਿਖਵਾਉਂਦੇ ਰਹੇ ਹਨ ਤੇ ਸਮੇਂ ਸਮੇਂ 'ਤੇ ਖ਼ੁਦ ਆਪ ਵੀ ਇਹ ਲਿਖਤੀ ਰਿਕਾਰਡ ਧਿਆਨ ਨਾਲ ਵੇਖ ਚੈੱਕ ਕਰਦੇ ਰਹੇ ਹਨ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਆਪਣੀਆਂ ਗਊਸ਼ਾਲਾਵਾਂ ਵਿਚ ਸੈਂਕੜੇ ਗਊਆਂ ਦੀ ਪਾਲਣਾ-ਪੋਸ਼ਣਾ ਕਰ ਰਹੇ ਹਨ। (ਇਨ੍ਹਾਂ ਦਾ ਜ਼ਿਕਰ ਚੈਪਟਰ ਗਊਸ਼ਾਲਾਵਾਂ ਅਤੇ ਪ੍ਰਬੰਧਕ ਵਰਗ ਵਿਚ ਲਿਖਿਆ ਗਿਆ ਹੈ)

ਗਊਧਨ ਦੀ ਰੱਖਿਆ, ਸਾਂਭ-ਸੰਭਾਲ ਅਤੇ ਨਸਲ ਸੁਧਾਰ ਨੂੰ ਮੱਦੇ ਨਜ਼ਰ ਰੱਖਦਿਆਂ ਸ੍ਰੀ ਸਤਿਗੁਰੂ ਜੀ ਨੂੰ ਸੰਨ 1964 ਵਿਚ ਹੈਦਰਾਬਾਦ ਵਿਖੇ ਗੋਸੰਵਰਧਨ

ਸਮਿਤੀ ਵਲੋਂ 'ਗੋਪਾਲ-ਰਤਨ ' ਦੇ ਖਿਤਾਬ ਨਾਲ ਸਨਮਾਨਤ ਕੀਤਾ ਗਿਆ ਸੀ। 'ਗੋਪਾਲ ਰਤਨ' ਦਾ ਖਿਤਾਬ ਭਗਵਾਨ ਸ੍ਰੀ ਕ੍ਰਿਸ਼ਨ ਜੀ ਦੇ ਨਾਂ 'ਤੇ ਸ਼ੁਰੂ ਕੀਤਾ ਗਿਆ ਹੈ ਅਰਥਾਤ-ਗਊਪਾਲਕ, ਗਊਆਂ ਦੀ ਪਾਲਣਾ ਅਤੇ ਰੱਖਿਆ ਕਰਨ ਵਾਲਾ।

ਸਿਰਫ ਦੁਧਾਰੂ ਗਊਆਂ ਦੀ ਹੀ ਨਹੀਂ, ਬਲਕਿ ਦੁੱਧੋਂ ਹਟੀਆਂ, ਲਾਵਾਰਸ ਗਊਆਂ ਦੀ ਸਾਂਭ-ਸੰਭਾਲ ਵੀ ਸ੍ਰੀ ਸਤਿਗੁਰੂ ਜੀ ਕਰਦੇ ਹਨ ਤੇ ਕਰਨ ਦੀ ਪ੍ਰੇਰਨਾ ਦਿੰਦੇ ਹਨ। ਸ੍ਰੀ ਸਤਿਗੁਰੂ ਜੀ ਨੇ ਬੁੱਚੜਖਾਨੇ ਨੂੰ ਜਾ ਰਹੀਆਂ ਅਨੇਕ ਗਊਆਂ ਛੁਡਵਾਈਆਂ। ਜਦੋਂ ਸ੍ਰੀ ਸਤਿਗੁਰੂ ਜੀ ਨੂੰ 'ਗੋਪਾਲ ਰਤਨ' ਦੀ ਉਪਾਧੀ ਅਤੇ ਪੰਜ ਹਜ਼ਾਰ ਰੁਪਏ ਨਾਲ ਸਨਮਾਨਤ ਕੀਤਾ ਗਿਆ ਉਦੋਂ ਆਪ ਜੀ ਦੇ ਭੇਜੇ ਸੇਵਕਾਂ ਨੇ 8 ਗਊਆਂ ਕਲਕੱਤੇ ਤੋਂ ਬੁੱਚੜਾਂ ਪਾਸੋਂ ਛੁਡਵਾ ਕੇ ਲਿਆਂਦੀਆਂ ਸਨ। ਸ੍ਰੀ ਸਤਿਗੁਰੂ ਜੀ ਨੇ ਫਰਮਾਇਆ ਕਿ ਗਊਆਂ ਨੂੰ ਬੁੱਚੜਾਂ ਤੋਂ ਛੁਡਵਾਇਆ ਹੈ ਤਾਂ ਹੀ ਇਹ ਪੁਰਸਕਾਰ ਤੇ ਉਪਾਧੀ ਮਿਲੇ ਹਨ। ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਕਲਕੱਤੇ ਤੋਂ ਇਕ ਵਾਰ 8 ਤੇ ਇਕ ਵਾਰ 47 ਗਊਆਂ ਬੁੱਚੜਾਂ ਪਾਸੋਂ ਛੁਡਵਾ ਕੇ ਲਿਆਂਦੀਆਂ ਗਈਆਂ, ਉਹ ਵਧੀਆ ਸਿੱਧ ਹੋਈਆਂ। ਸਾਰੀਆਂ ਗਊਆਂ ਜੋ ਬੁੱਚੜਾਂ ਤੋਂ ਖਰੀਦ ਕੇ ਲਿਆਂਦੀਆਂ ਗਈਆਂ, ਉਹ ਬਹੁਤ ਦੁੱਧ ਦਿੰਦੀਆਂ ਰਹੀਆਂ। ਸ੍ਰੀ ਸਤਿਗੁਰੂ ਜੀ ਦਾ ਆਪਣੇ ਸਿੱਖਾਂ ਨੂੰ ਹੁਕਮ ਹੈ ਕਿ ਕਿਸੇ ਐਸੇ ਵਿਅਕਤੀ ਕੋਲ ਗਾਂ ਨਾ ਵੇਚੀ ਜਾਵੇ, ਜਿਹੜਾ ਅੱਗੋਂ ਉਸਨੂੰ ਗਊਆਂ ਮਾਰਨ ਵਾਲਿਆਂ ਕੋਲ ਵੇਚਣ ਦਾ ਇਰਾਦਾ ਰੱਖਦਾ ਹੋਵੇ।

ਇਸੇ ਤਰ੍ਹਾਂ ਪਿੰਡਾਂ ਵਿਚ ਲਾਵਾਰਿਸ ਤੁਰੇ ਫਿਰਦੇ ਮਾਰਖੁੰਡੇ ਸਾਨ੍ਹਾਂ ਨੂੰ ਮਾਰਣ ਦੀ ਬਜਾਏ, ਸ੍ਰੀ ਭੈਣੀ ਸਾਹਿਬ ਮੰਗਵਾ ਲਿਆ ਜਾਂਦਾ ਰਿਹਾ ਹੈ। ਪਿੰਡਾਂ ਦੀਆਂ ਪੰਚਾਇਤਾਂ ਦੇ ਸਰਪੰਚਾਂ ਵੱਲੋਂ ਬਕਾਇਦਾ ਚਿੱਠੀ ਲਿਖ ਕੇ ਸ੍ਰੀ ਸਤਿਗੁਰੂ ਜੀ ਨੂੰ ਅਰਜ਼ ਕੀਤੀ ਜਾਂਦੀ ਸੀ ਕਿ 'ਅਸੀਂ ਆਪਣੇ ਪਿੰਡ ਦੇ ਮਾਰਖੁੰਡੇ ਸਾਨ੍ਹ ਲੈ ਕੇ ਆਉਂਦੇ ਹਾਂ, ਉਨ੍ਹਾਂ ਨੂੰ ਆਪ ਜੀ ਇਥੇ ਰਖ ਲਵੋ। ' ਉਹੀ ਸਾਨ੍ਹ ਜਿਹੜੇ ਟਰਾਲੀਆਂ ਵਿਚ ਕਈ ਕਈ ਰੱਸੇ ਪਾ ਕੇ ਬੰਨ ਕੇ ਸ੍ਰੀ ਭੈਣੀ ਸਾਹਿਬ ਲਿਆਂਦੇ ਜਾਂਦੇ ਸਨ, ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਲੰਗਰ ਦੇ ਪ੍ਰਸ਼ਾਦੇ ਛੱਕ ਕੇ ਸ਼ਾਂਤ ਹੋ ਮਾਰਨੋਂ ਹਟ ਜਾਂਦੇ ਸਨ।

ਅੰਗ੍ਰੇਜ਼ਾਂ ਦੇ ਸਮੇਂ ਤੋਂ ਹੀ ਭਾਰਤ ਵਿਚ ਬੁੱਚੜਖਾਨੇ ਖੋਲ੍ਹੇ ਗਏ। ਹੁਣ ਸਾਡਾ ਦੇਸ਼ ਅਜ਼ਾਦ ਹੈ, ਸਾਡੀ ਆਪਣੀ ਸਰਕਾਰ ਹੈ, ਫਿਰ ਵੀ ਭਾਰਤ ਵਿਚ ਵੱਡੀ ਗਿਣਤੀ ਵਿਚ ਛੋਟੇ-ਵੱਡੇ ਬੁੱਚੜਖਾਨੇ ਹਨ, ਜਿਥੇ ਰੋਜ਼ਾਨਾ ਲੱਖਾਂ ਪਸ਼ੂ ਕਤਲ ਕੀਤੇ ਜਾਂਦੇ ਹਨ, ਇਨ੍ਹਾਂ ਵਿਚੋਂ ਹਜ਼ਾਰਾਂ ਗਊਆਂ ਹੁੰਦੀਆਂ ਹਨ।

**ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਹੁਕਮ ਕਰਦੇ ਹਨ -**

" ਦੁੱਧ ਘਿਓ ਦੀਆਂ ਨਦੀਆਂ ਵਗਣ ਵਾਲੇ ਦੇਸ਼ ਵਿਚ ਦੁਧਾਰੂ ਪਸ਼ੂਆਂ ਦੇ

ਲਹੂ ਨਾ ਵਗਣ ਦਿਓ। ਬੁੱਚੜਖਾਨਿਆਂ ਵਿਚ ਆਪਣੇ ਪਸ਼ੂ ਭੇਜੇ ਹੀ ਨਾ ਜਾਣ। ਕੀ ਜੇ ਸਾਨੂੰ ਕੋਈ ਪੈਸੇ ਦੇਵੇ, ਅਸੀਂ ਮਾਰਣ ਵਾਸਤੇ ਆਪਣੇ ਬੱਚੇ ਦੇ ਦਿਆਂਗੇ।"

ਸ੍ਰੀ ਸਤਿਗੁਰੂ ਜੀ, ਬੇਜ਼ੁਬਾਨ ਪਸ਼ੂਆਂ ਨੂੰ ਬੇਰਹਿਮੀ ਨਾਲ ਕਤਲ ਕਰਨ ਲਈ ਭਾਰਤ ਵਿਚ ਖੁੱਲ੍ਹਦੇ ਜਾ ਰਹੇ ਇਨ੍ਹਾਂ ਬੁੱਚੜਖਾਨਿਆਂ ਨੂੰ ਬੰਦ ਕਰਵਾਉਣ ਦੇ ਸਮਰਥਕ ਹਨ। ਆਪ ਪ੍ਰਯਤਨਸ਼ੀਲ ਹਨ ਕਿ ਭਾਰਤ ਵਿਚ ਗਊ ਧਨ ਤੇ ਹੋਰ ਪਸ਼ੂ-ਧਨ ਦੀ ਰੱਖਿਆ ਹੋਵੇ।

ਜਦੋਂ ਸੰਨ 1995 ਵਿਚ ਡੇਰਾ ਬਸੀ ਵਿਖੇ 'ਮੈਸਰਜ਼ ਪੰਜਾਬ ਮੀਟਜ਼ ਲਿਮਟਿਡ' ਦੇ ਨਾਂ ਨਾਲ ਬੁੱਚੜਖਾਨਾ ਖੋਲ੍ਹਿਆ ਗਿਆ ਤਾਂ ਜੀਵ ਦਇਆ ਦਾ ਸਿਧਾਂਤ ਅਪਨਾਉਣ ਵਾਲੀਆਂ ਸਾਰੀਆਂ ਸੰਸਥਾਵਾਂ ਸਮੇਤ, ਇਸ ਦਾ ਪੂਰਾ ਵਿਰੋਧ ਨਾਮਧਾਰੀਆਂ ਨੇ ਕੀਤਾ ਤਾਂ ਜੋ ਇਹ ਬੁੱਚੜਖਾਨਾ ਕਿਸੇ ਵੀ ਹਾਲਤ 'ਚ ਚੱਲਣ ਨਾ ਦਿੱਤਾ ਜਾਵੇ।

ਵਿਸ਼ਵ- ਸ਼ਾਂਤੀ ਅਤੇ ਬੁੱਚੜਖਾਨੇ ਬੰਦ ਹੋ ਜਾਣ, ਵਾਸਤੇ ਸ੍ਰੀ ਸਤਿਗੁਰੂ ਜੀ, ਸ੍ਰੀ ਭੈਣੀ ਸਾਹਿਬ ਵਿਖੇ ਸਵਾ ਸਵਾ ਲੱਖ ਚੰਡੀ ਦੀ ਵਾਰ ਦੇ ਪਾਠਾਂ ਦਾ ਹਵਨਯੱਗ ਕਰਵਾਉਂਦੇ ਰਹਿੰਦੇ ਹਨ।

ਇੰਜ ਗੋਪਾਲ ਰਤਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਗਊ-ਪਾਲਣ ਅਤੇ ਗਊ ਰੱਖਿਆ ਲਈ ਸਾਰਥਕ ਯਤਨ ਕੀਤੇ ਹਨ। ਗਊ ਬਧ ਬੰਦ ਕਰਾਉਣ ਦੇ ਨਾਲ ਨਾਲ ਗਊ ਦੀ ਨਸਲ ਸੁਧਾਰਨ ਵਾਸਤੇ, ਉਸ ਦੀ ਉਚਿਤ ਸੇਵਾ ਕਰਨ ਵਾਸਤੇ ਬੜੇ ਜ਼ੋਰਦਾਰ ਢੰਗਾਂ ਨਾਲ ਆਪ ਕੁਲ ਵਿਸ਼ਵ ਦੇ ਲੋਕਾਂ ਨੂੰ ਪ੍ਰੇਰਨਾ ਦੇ ਰਹੇ ਹਨ। ਸ੍ਰੀ ਸਤਿਗੁਰੂ ਜੀ ਖੁਦ ਗਊਆਂ ਦੀ ਸੇਵਾ ਕਰਦੇ ਰਹੇ ਹਨ ਤੇ ਆਪ ਜੀ ਨੂੰ ਗਊਆਂ ਬਾਰੇ ਬਹੁਤ ਗਿਆਨ ਅਤੇ ਜਾਣਕਾਰੀ ਹੈ।

ਜਿਥੇ ਸ੍ਰੀ ਸਤਿਗੁਰੂ ਜੀ ਹਿੰਦੁਸਤਾਨ ਦੀਆਂ ਵੱਖੋ ਵੱਖ ਥਾਵਾਂ 'ਤੇ ਪਸ਼ੂ ਪ੍ਰਦਰਸ਼ਨੀਆਂ ਕਰਦੇ ਅਤੇ ਉਹਨਾਂ ਵਿਚ ਸ਼ਾਮਲ ਹੁੰਦੇ ਹਨ, ਉਥੇ ਆਪ ਜੀ ਅੰਤਰ ਰਾਸ਼ਟਰੀ ਦੁਧਾਰੂ ਗਊਆਂ ਦੀਆਂ ਪ੍ਰਦਰਸ਼ਨੀਆਂ ਵਿਚ ਵੀ ਸ਼ਾਮਲ ਹੁੰਦੇ ਰਹੇ ਹਨ।

ਅਗਸਤ ਸੰਨ 1967 ਵਿਚ ਸ੍ਰੀ ਸਤਿਗੁਰੂ ਜੀ ਇੰਗਲੈਂਡ ਦੇ ਦੌਰੇ 'ਤੇ ਗਏ ਹੋਏ ਸਨ। ਉਥੋਂ ਆਪ ਪੱਛਮੀ ਜਰਮਨੀ ਵਿਚ ਲੱਗੀ ਪਸ਼ੂ ਪ੍ਰਦਰਸ਼ਨੀ ਦੇਖਣ ਗਏ। ਪ੍ਰਬੰਧਕਾਂ ਨੇ ਆਪ ਨਾਲ ਹੋ ਕੇ ਸਾਰੀ ਪ੍ਰਦਰਸ਼ਨੀ ਦਿਖਾਈ। ਇੱਕ ਗਊ ਨੂੰ ਦੇਖ ਕੇ ਸ੍ਰੀ ਸਤਿਗੁਰੂ ਜੀ ਨੇ ਬਚਨ ਕੀਤਾ ਕਿ ਇਸ ਗਊ ਦਾ ਇੰਨਾ ਦੁੱਧ ਹੋਣਾ ਚਾਹੀਦਾ ਹੈ। ਪ੍ਰਬੰਧਕਾਂ ਨੇ ਰਿਕਾਰਡ ਦੇਖਿਆ ਤਾਂ ਉਹ ਗਊ ਠੀਕ ਨਾਂ ਹੀ ਦੁੱਧ ਦੇ ਰਹੀ ਸੀ। ਪ੍ਰਬੰਧਕਾਂ ਨੇ ਹੈਰਾਨ ਹੋ ਕੇ ਪੁੱਛਿਆ ਕਿ ਆਪ ਜੀ ਨੂੰ ਕਿਸ ਤਰ੍ਹਾਂ ਪਤਾ ਲੱਗ ਜਾਂਦਾ ਹੈ। ਸ੍ਰੀ ਸਤਿਗੁਰੂ ਜੀ ਨੇ ਬਚਨ ਕੀਤਾ, 'ਅਸੀਂ ਪਹਿਲਾਂ ਗਊ ਦੀ ਪੂਛ ਵੱਲ ਵੇਖਦੇ ਹਾਂ, ਫਿਰ

ਥਣਾਂ ਵਲ ਦੇਖਦੇ ਹਾਂ, ਇਕ ਮਿਲਕ ਵੇਨ (Milk Vein) ਭਾਵ ਦੁੱਧ ਵਾਲੀ ਨਾੜੀ ਹੁੰਦੀ ਹੈ ਇਹਨਾਂ ਦੇ ਸਰੀਰ ਵਿਚ, ਅਸੀਂ ਉਸ ਵੱਲ ਧਿਆਨ ਮਾਰ ਕੇ ਸਾਰਾ ਅਨੁਮਾਨ ਲਗਾ ਲੈਂਦੇ ਹਾਂ।' ਸ੍ਰੀ ਸਤਿਗੁਰੂ ਜੀ ਦੇ ਗਿਆਨ ਅਤੇ ਤਜਰਬੇ ਬਾਰੇ ਜਾਣ ਕੇ ਪ੍ਰਬੰਧਕ ਬਹੁਤ ਪ੍ਰਭਾਵਿਤ ਹੋਏ ਅਤੇ ਉਨ੍ਹਾਂ ਨੂੰ ਜਾਪਿਆ ਕਿ ਸ੍ਰੀ ਸਤਿਗੁਰੂ ਜੀ ਕਿਸੇ ਯੂਨੀਵਰਸਿਟੀ ਵਿਚੋਂ ਪੜ੍ਹੇ ਹੋਏ ਹਨ।

ਉਸੇ ਦੌਰੇ ਸਮੇਂ ਜਰਮਨੀ ਵਿਖੇ 'ਓਲਡਨ ਬਰਗ ਪਸ਼ੂ ਪ੍ਰਦਰਸ਼ਨੀ' ਵੇਖਣ ਗਿਆਂ **ਸ੍ਰੀ ਸਤਿਗੁਰੂ ਜੀ ਨੇ ਬਚਨ ਕੀਤੇ,**

**"ਜੇ ਤੁਸੀਂ ਏਨੀਆ ਦੁੱਧ ਦੇਣ ਵਾਲੀਆਂ ਗਊਆਂ ਪਾਲਦੇ ਹੋ ਉਥੇ ਇਕ ਉੱਦਮ ਹੋਰ ਵੀ ਕਰੋ, ਜਿਨ੍ਹਾਂ ਗਊਆਂ ਦਾ ਦੁੱਧ ਪੀਂਦੇ ਹੋ ਉਹਨਾਂ ਨੂੰ ਮਾਰਿਆ ਨਾ ਕਰੋ ਉਨ੍ਹਾਂ ਦਾ ਦੁੱਧ ਪੀਓ, ਮਾਸ ਨਾ ਖਾਓ।"**

ਇਸੇ ਦੌਰੇ ਸਮੇਂ ਸ੍ਰੀ ਸਤਿਗੁਰੂ ਜੀ ਡਾ. ਡਗਲਸ ਕੈਂਪਬੈਲ ਦੇ ਰਿਸਰਚ ਫਾਰਮ 'ਤੇ ਵੀ ਗਏ ਅਤੇ ਉਹਨਾਂ ਨੂੰ ਅਤੇ ਸਰ ਰੋਨਾਲਡ ਗਾਰਵੇ ਜੋ ਕਿ Soil Association ਦੇ ਸਕੱਤਰ ਸਨ, ਨੂੰ ਮਿਲੇ। ਖੇਤੀ ਬਾੜੀ ਅਤੇ ਗਊਆਂ ਦੀ ਨਸਲ ਬਾਰੇ, ਬਹੁਤ ਸਾਰੀਆਂ ਜਾਣਕਾਰੀਆਂ ਦਾ ਆਦਾਨ ਪ੍ਰਦਾਨ ਹੋਇਆ।

ਸੰਨ 1993 'ਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਆਪਣੇ ਡੈਨਮਾਰਕ ਦੇ ਦੌਰੇ ਸਮੇਂ ਗਊਆਂ ਦਾ ਡੇਅਰੀ ਫਾਰਮ ਵੇਖਣ ਗਏ। ਇਹ ਫਾਰਮ ਡੈਨਮਾਰਕ ਦੇ ਪਿੰਡ lillskenvet village, distt. Koge, state Roskilde amt.ਵਿਖੇ ਹੈ। ਡੈਨਮਾਰਕ ਵਾਸੀ ਸ.ਸੁਖਦੇਵ ਸਿੰਘ ਸੰਧੂ ਅਤੇ ਸ. ਮਨਜੀਤ ਸਿੰਘ ਸੰਧੂ ਸਪੁੱਤਰ ਸੰਤ ਗੁਰਬਚਨ ਸਿੰਘ ਦਿੱਲੀ ਨੇ ਮੈਨੂੰ ਸ੍ਰੀ ਭੈਣੀ ਸਾਹਿਬ ਵਿਖੇ ਜਨਵਰੀ ਸੰਨ 2009 ਨੂੰ ਦੱਸਿਆ ਕਿ ਉਸ ਫਾਰਮ ਵਿਚ ਬਣਵਾਈ ਗਊਸ਼ਾਲਾ ਵਿਚ ਸ੍ਰੀ ਸਤਿਗੁਰੂ ਜੀ ਨੇ ਬੜੀ ਰੀਝ ਨਾਲ 40-50 ਗਊਆਂ ਨੂੰ ਵੇਖਿਆ। ਕੁਝ ਗਊਆਂ ਨੂੰ ਵੇਖਦਿਆਂ ਹੀ ਸ੍ਰੀ ਸਤਿਗੁਰੂ ਜੀ ਨੇ ਦੱਸ ਦਿੱਤਾ ਕਿ ਆਹ ਗਊ ਏਨਾ ਦੁੱਧ ਦਿੰਦੀ ਹੈ, ਔਹ ਗਊ ਏਨਾ ਦੁੱਧ ਦਿੰਦੀ ਹੈ, ਸੁਣਕੇ ਗਊਸ਼ਾਲਾ ਦੇ ਇੰਨਚਾਰਜ ਨੇ ਆਦਰ ਤੇ ਹੈਰਾਨੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਬਿਲਕੁਲ ਠੀਕ ਹੈ।

"ਇਕ ਵਾਰ ਸ੍ਰੀ ਸਤਿਗੁਰੂ ਜੀ ਨੂੰ ਪਟਿਆਲੇ ਦੇ ਇਕ ਬਜ਼ਾਰ ਵਿਚ ਸ੍ਰ ਅਮਰ ਸਿੰਘ ਐਮ. ਏ. ਨਾਮੀ ਇਕ ਸੱਜਣ ਮਿਲੇ ਤੇ ਆਖਣ ਲੱਗੇ, "ਤੁਸੀਂ ਗਊ ਰੱਖਿਆ 'ਤੇ ਜ਼ੋਰ ਦਿੰਦੇ ਹੋ ਪਰ ਭਾਰਤ ਵਿਚ ਅੱਗੇ ਹੀ ਬੜੇ ਲੋਕ ਭੁੱਖੇ ਮਰ ਰਹੇ ਹਨ। ਉਹਨਾਂ ਦੀ ਜ਼ਿੰਦਗੀ ਨਾਲੋਂ ਗਾਂ ਦੀ ਜ਼ਿੰਦਗੀ ਕੀਮਤੀ ਹੈ, ਜੋ ਅਵਾਰਾ ਗਊਆਂ ਨੂੰ ਬੁੱਚੜਖਾਨਿਆਂ ਦੀ ਥਾਂ ਦਾਣਾ ਪੱਠਾ ਪਾਇਆ ਜਾਵੇ। "

**ਸ੍ਰੀ ਸਤਿਗੁਰੂ ਜੀ ਨੇ ਫਰਮਾਇਆ,**

**"ਭਾਰਤਵਾਸੀ ਭੁੱਖੇ ਤਾਂ ਹੀ ਮਰ ਰਹੇ ਹਨ ਜੇ ਗਊ ਭੁੱਖੀ ਮਰ ਰਹੀ ਹੈ। ਜੇ ਗਊ**

ਨੂੰ ਬਚਾਇਆ ਜਾਵੇ ਤਾਂ ਮੈਂ ਦਾਹਵੇ ਨਾਲ ਕਹਿੰਦਾ ਹਾਂ ਕਿ ਕੋਈ ਵਜ੍ਹਾ ਨਹੀਂ ਭਾਰਤ ਵਿਚ ਭੁੱਖ ਨੰਗ ਰਹੇ।"

- ਸਤਿਜੁਗ ਦਾ ਗਊ ਅੰਕ ਪੰਨਾ 75, ਸ. ਸਵਰਨ ਸਿੰਘ ਵਿਰਕ ਦੇ ਲੇਖ 'ਗਊ ਦੀ ਮਹਾਨਤਾ' ਵਿਚੋਂ

ਅੱਜ ਕੱਲ ਤਾਂ ਸਾਡੇ ਦੇਸ਼ ਵਿਚ ਬਹੁਤ ਸਾਰੇ ਮੁਸਲਮਾਨ ਵੀ ਗਊ ਰੱਖਿਆ ਕਰਨ ਲਗ ਪਏ ਹਨ। ਗਊ ਬਿਪਤਾ ਪੈਣ ਸਮੇਂ ਪਾਲਣਹਾਰ ਦੀ ਮਦਦ ਕਰਦੀ ਹੈ। ਪਿੰਡ ਤਪਾ (ਨੇੜੇ ਬਰਨਾਲਾ)ਦੇ ਇਕ ਮੁਸਲਮਾਨ ਖੈਰਦੀਨ ਨੇ ਸੰਨ 1964-65 ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਦੱਸਿਆ ਕਿ ਗਊ-ਰਖਸ਼ਾ ਕਰਨ 'ਤੇ ਹੀ ਉਸਦੀ ਜਾਨ ਸੰਨ 1947 ਦੇ ਫਸਾਦਾਂ ਸਮੇਂ ਬਚੀ ਸੀ। ਇਸ ਬਾਰੇ ਸ੍ਰੀ ਸਤਿਗੁਰੂ ਜੀ ਆਪਣੇ ਪ੍ਰਵਚਨਾਂ ਵਿਚ ਇੰਜ ਫਰਮਾਉਂਦੇ ਹਨ-

" ਇਕ ਖੈਰਦੀਨ ਨਾਮ ਦਾ ਮੁਸਲਮਾਨ ਸੀ। ਪਾਕਿਸਤਾਨ ਬਣਨ ਤੋਂ ਕਈ ਸਾਲ ਪਹਿਲਾਂ ਉਸਨੇ ਤਿੰਨ ਗਊਆਂ ਜਿਹੜੀਆਂ ਮੁਸਲਮਾਨ ਮਾਰਨ ਵਾਸਤੇ ਲਿਆਏ ਸਨ, ਉਹਨਾਂ ਨੂੰ ਛੁਡਾਉਣ ਵਾਸਤੇ ਉੱਦਮ ਕੀਤਾ। ਉਹਨ੍ਹਾਂ ਮੁਸਲਮਾਨਾਂ ਨੇ ਕਿਹਾ ਕਿ ਤੂੰ ਪੈਸੇ ਦੇ ਕੇ ਖਰੀਦ ਲੈ। ਉਸਨੇ ਕਿਹਾ ਮੈਂ ਪੈਸਿਆਂ ਦਾ ਪ੍ਰਬੰਧ ਕਰਦਾ ਹਾਂ ਪਰ ਉਸ ਕੋਲ ਪੈਸੇ ਨਹੀਂ ਸਨ। ਫਿਰ ਉਸਨੇ ਆਪਣੀ ਭਰਜਾਈ ਦਾ ਹੱਸ (ਗਹਿਣਾ) ਲੈ ਕੇ, 22 ਰੁਪਏ ਦਾ ਵੇਚ ਕੇ ਉਹਦੇ ਨਾਲ ਇਕ ਗਾਂ ਖਰੀਦੀ। ਉਹ ਇਕ ਦੋ ਸੂਏ ਉਸ ਕੋਲ ਸੂਈ ਤੇ ਫਿਰ ਉਸ ਨੇ ਉਹ ਗਾਂ ਗਊਸ਼ਾਲਾ ਨੂੰ ਦੇ ਦਿੱਤੀ। ਉਸ ਤੋਂ ਬਾਅਦ ਪਾਕਿਸਤਾਨ ਬਣਨਾ ਸ਼ੁਰੂ ਹੋ ਗਿਆ। ਜਿਸ ਵੇਲੇ ਪਾਕਿਸਤਾਨ ਬਣਨਾ ਸ਼ੁਰੂ ਹੋਇਆ ਤਾਂ ਉਹ ਮੁਸਲਮਾਨ ਜੋ ਕੁਝ ਹੋਰ ਮੁਸਲਮਾਨਾਂ ਦੇ ਨਾਲ ਸੀ, ਨੂੰ ਹਿੰਦੂਆਂ ਨੇ ਜਾਂ ਸਿੱਖਾਂ ਨੇ ਘੇਰ ਕੇ ਸਲਾਹ ਕੀਤੀ ਕਿ ਇਹਨਾਂ ਨੂੰ ਅੰਦਰ ਦੇ ਕੇ ਸਾੜ ਕੇ ਮਾਰ ਦੇਈਏ। ਸਾਰੇ ਮੁਸਲਮਾਨ ਕਿਸੇ ਤਰ੍ਹਾਂ ਅੱਗ ਵਿਚੋਂ ਨਿਕਲ ਕੇ ਭੱਜ ਗਏ। ਖੈਰਦੀਨ ਕੱਲਾ ਰਹਿ ਗਿਆ। ਅੰਦਰ ਜਿਥੇ ਖੈਰਦੀਨ ਬੈਠਾ ਸੀ ਉਥੇ ਉਸਦੇ ਉਪਰ ਬਹੁਤ ਵੱਡਾ ਸ਼ਤੀਰ ਸੀ। ਐਸੀ ਕੁਦਰਤ ਵਰਤਾਈ ਸਤਿਗੁਰਾਂ ਨੇ ਉਹ ਸ਼ਤੀਰ ਉਸਦੇ ਸਿਰ ਵਲੋਂ ਨਹੀਂ ਸੜਿਆ। ਦੂਸਰੇ ਪਾਸਿਓਂ ਸੜ ਕੇ ਥੱਲੇ ਡਿੱਗ ਪਿਆ। ਖੈਰਦੀਨ ਨੂੰ ਕੋਈ ਆਂਚ ਨਹੀਂ ਆਈ। ਜਿੰਨਾਂ ਚਿਰ ਉਹ ਅੰਦਰ ਰਿਹਾ ਉਸ ਦੇ ਸਾਹਮਣੇ ਗਊ ਦੀ ਪੂਛ ਹਿਲਦੀ ਰਹੀ ਤੇ ਸੇਕ ਨਹੀਂ ਲੱਗਣ ਦਿੱਤਾ। ਇੰਜ ਗਾਂ ਦੀ ਰੱਖਿਆ ਮੁਸਲਮਾਨ ਨੇ ਕੀਤੀ ਤੇ ਗਊ ਨੇ ਮੁਸਲਮਾਨ ਦੀ ਰੱਖਿਆ ਕਰ ਦਿੱਤੀ।"

ਰੋਜ਼ਾਨਾ ਅਖਬਾਰ ਜਗਬਾਣੀ ਵਿਚ ਆਪਣੇ ਸੰਪਾਦਕੀ ਲੇਖ ' ਰਾਮ ਕ੍ਰਿਸ਼ਨ ਦੇ ਦੇਸ਼ ਚ ਗਊ ਮਾਤਾ ਤੇ ਅਤਿਆਚਾਰ ' (5) ਵਿਚ ਸ੍ਰੀ ਅਸ਼ਵਨੀ ਕੁਮਾਰ ਜੀ ਨੇ ਲਿਖਿਆ ਹੈ-

" ਸ੍ਰੀ ਰਾਮ, ਸ੍ਰੀ ਕ੍ਰਿਸ਼ਨ ਨੇ ਗਊ ਰੱਖਿਆ ਕਰਦਿਆ ਗਊ ਨੂੰ ਮਾਤਾ ਵਾਂਗ ਹੀ

ਮੰਨਿਆਂ ਹੈ। ਉਨ੍ਹਾਂ ਦੀ ਇਹ ਪ੍ਰੰਪਰਾ ਨਾਮਧਾਰੀ ਕੂਕਿਆਂ ਨੇ ਜਿਸ ਤਰ੍ਹਾਂ ਅੱਗੇ ਵਧਾਈ, ਉਸ ਉਤੇ ਭਾਰਤ ਨੂੰ ਨਾਜ਼ ਹੈ। "

ਜਿਹੜੀ ਵੀ ਸੰਸਥਾ ਗਊ ਰੱਖਿਆ ਦੇ ਸੰਬੰਧ ਵਿਚ ਯਤਨ ਕਰਦੀ ਹੈ, ਸ੍ਰੀ ਸਤਿਗੁਰੂ ਜੀ ਉਸਨੂੰ ਪੂਰਾ ਸਹਿਯੋਗ ਦਿੰਦੇ ਹਨ। ਆਪ ਆਪਣੇ ਜ਼ਰੂਰੀ ਰੁਝੇਵੇਂ ਛੱਡ ਕੇ ਵੀ ਇਸ ਸੰਬੰਧੀ ਕੀਤੇ ਸਮਾਗਮ 'ਤੇ ਦਰਸ਼ਨ ਦਿੰਦੇ ਰਹੇ ਹਨ।

ਗਊ ਪਾਲਣਾ ਅਤੇ ਗਊ ਦੁੱਧ ਦੇ ਸੇਵਨ ਦੇ ਗੁਣਾਂ ਬਾਰੇ ਵਿਸ਼ੇਸ਼ ਤੌਰ 'ਤੇ ਨਾਮਧਾਰੀ ਜਗਤ ਵਲੋਂ ਸਮੇਂ ਸਮੇਂ ਸਾਹਿਤ ਪ੍ਰਕਾਸ਼ਨ ਕੀਤਾ ਜਾਂਦਾ ਹੈ। ਉਦਾਹਰਣ ਵਜੋਂ ਸ੍ਰੀ ਸਤਿਗੁਰੂ ਜੀ ਦੀ ਪ੍ਰੇਰਨਾ ਸਦਕਾ ਸਤਿਜੁਗ ਅਖਬਾਰ ਦਾ ਸੰਮਤ 2024 ਵਿਚ ਗਊ ਅੰਕ ਪ੍ਰਕਾਸ਼ਿਤ ਹੋਇਆ ਸੀ ਜੋ ਲਾ-ਮਿਸਾਲ ਅੰਕ ਹੈ। ਇਸ ਤੋਂ ਬਿਨਾਂ ਸਤਿਜੁਗ ਅਤੇ ਹੋਰ ਅਖਬਾਰ, ਰਿਸਾਲਿਆਂ ਵਿਚ ਸਮੇਂ ਸਮੇਂ ਗਊ ਪਾਲਣਾ ਅਤੇ ਗਊ ਦੇ ਦੁੱਧ ਦੇ ਗੁਣਾਂ ਬਾਰੇ ਲੇਖ ਛਪਦੇ ਰਹਿੰਦੇ ਹਨ।

ਸ੍ਰੀ ਸਤਿਗੁਰੂ ਜੀ ਗਊ ਪਾਲਣ ਦੇ ਬਾਰੇ ਪ੍ਰਕਾਸ਼ਿਤ ਸਾਹਿਤ ਵਿਚ ਵੀ ਯੋਗਦਾਨ ਪਾਉਂਦੇ ਹਨ। ਜਿਵੇਂ ਕਿ ਸਤੰਬਰ ਸੰਨ 2001 ਵਿਚ ਚੰਡੀਗੜ੍ਹ ਤੋਂ ਪ੍ਰਕਾਸ਼ਿਤ ਹੁੰਦੇ ਮਾਸਿਕ ਰਸਾਲੇ 'ਸੇਵਾ ਸੰਸਕਾਰ' ਨੇ ਗਊ ਸੇਵਾ ਵਿਸ਼ੇਸ਼ ਅੰਕ ਪ੍ਰਕਾਸ਼ਿਤ ਕੀਤਾ ਸੀ। ਉਸ ਰਸਾਲੇ ਦੇ ਪ੍ਰਬੰਧਕਾਂ ਨੂੰ ਅਸ਼ੀਰਵਾਦ ਦਿੰਦੇ ਹੋਏ ਸ੍ਰੀ ਸਤਿਗੁਰੂ ਜੀ ਦੇ ਬਚਨ ਇਸ ਪ੍ਰਕਾਰ ਅੰਕਿਤ ਹਨ,

"ਆਦਿ ਕਾਲ ਤੋਂ ਹੀ ਗਊ ਜਿਥੇ ਭਾਰਤ ਵਰਸ਼ ਦੀ ਆਰਥਿਕਤਾ ਦਾ ਆਧਾਰ ਰਹੀ ਹੈ, ਉਥੇ ਭਾਰਤੀਆਂ ਦੀਆਂ ਧਾਰਮਿਕ ਭਾਵਨਾਵਾਂ ਦਾ ਪ੍ਰਤੀਕ ਹੈ। ਬੱਚੇ ਵਾਸਤੇ ਮਾਂ ਤੋਂ ਬਾਅਦ ਗਊ ਦਾ ਦੁੱਧ ਹੀ ਸੰਤੁਲਿਤ ਖੁਰਾਕ ਹੈ। ਇਸੇ ਕਰਕੇ ਸਾਡੇ ਸਮਾਜ ਵਿਚ ਗਊ ਨੂੰ ਗਊਮਾਤਾ ਕਹਿ ਕੇ ਸਤਿਕਾਰਿਆ ਜਾਂਦਾ ਹੈ। ਗਊ ਗਰੀਬ ਦੀ ਰੱਖਿਆ ਅਤੇ ਸੇਵਾ, ਸਿੱਖ ਧਰਮ ਦਾ ਮੁੱਖ ਉਦੇਸ਼ ਹੈ। ਇਹੋ ਸਾਡਾ ਧਰਮ ਹੈ, ਇਹੋ ਸਾਡੀ ਸਿਆਸਤ ਹੈ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਬਖਸ਼ਿਸ਼ ਅਤੇ ਪ੍ਰੇਰਨਾ ਸਦਕਾ ਨਾਮਧਾਰੀ ਸਿੱਖਾਂ ਨੇ ਗਊਆਂ ਦੀ ਰੱਖਿਆ ਅਤੇ ਦੇਸ਼ ਦੀ ਅਜ਼ਾਦੀ ਲਈ ਬੇਮਿਸਾਲ ਕੁਰਬਾਨੀਆਂ ਦਿੱਤੀਆਂ, ਫਾਂਸੀਆਂ ਤੇ ਚੜ੍ਹੇ, ਤੋਪਾਂ ਨਾਲ ਉਡਾਏ ਗਏ, ਕਾਲੇ ਪਾਣੀ ਦੀਆਂ ਸਜ਼ਾਵਾਂ ਭੁਗਤੀਆਂ।

"ਜੋ ਵੀ ਸੰਸਥਾਵਾਂ ਗਊ ਧਨ ਦੀ ਰੱਖਿਆ ਅਤੇ ਸੇਵਾ ਲਈ ਤਤਪਰ ਹਨ ਸਾਡਾ ਸਾਥ ਹਮੇਸ਼ਾਂ ਉਹਨਾਂ ਦੇ ਨਾਲ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਲਿਖਦੇ ਹਨ,

ਯਹੀ ਆਸ ਪੂਰਨ ਤੁਮ ਕਰਹੁ ਹਮਾਰੀ॥
ਮਿਟੈ ਕਸਟ ਗਊਅਨ ਛੁਟੈ ਖੇਦ ਭਾਰੀ॥ "

ਰਾਸ਼ਟਰੀ ਸੇਵਕ ਸੰਘ ਦੇ ਪ੍ਰਧਾਨ ਸ੍ਰੀ ਸੁਦਰਸ਼ਨ ਜੀ ਅਤੇ ਵਿਸ਼ਵ ਹਿੰਦੂ ਪਰਿਸ਼ਦ ਦੇ ਪ੍ਰਧਾਨ ਸ੍ਰੀ ਅਸ਼ੋਕ ਸਿੰਘਲ ਜੀ ਅਤੇ ਹੋਰ ਗਊ-ਪ੍ਰੇਮ ਰੱਖਣ ਵਾਲੀਆਂ

ਜੱਥੇਬੰਦੀਆਂ ਦੇ ਨੁਮਾਇੰਦੇ ਸਮੇਂ ਸਮੇਂ 'ਤੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ, ਗਊਸ਼ਾਲਾ ਵੇਖਣ ਅਤੇ ਅਤੇ ਗਊ ਰੱਖਿਆ ਸੰਬੰਧੀ ਵਿਚਾਰ-ਵਟਾਂਦਰਾ ਕਰਨ ਸ੍ਰੀ ਭੈਣੀ ਸਾਹਿਬ ਆਉਂਦੇ ਰਹਿੰਦੇ ਹਨ।

ਆਰਟ ਆਫ ਲਿਵਿੰਗ ਵਾਲੇ ਸ੍ਰੀ ਸ੍ਰੀ ਰਵੀਸ਼ੰਕਰ ਜੀ ਵੀ ਸ੍ਰੀ ਭੈਣੀ ਸਾਹਿਬ ਆਏ ਤੇ ਉਨ੍ਹਾਂ ਨੇ ਉਚੇਚਿਆਂ ਗਊਸ਼ਾਲਾ ਵੇਖੀ। ਉਨ੍ਹਾਂ ਵੇਖਿਆ ਕਿ ਜਿਸ ਗਊ ਦਾ ਨਾਂ ਲੈ ਕੇ ਅਵਾਜ਼ ਮਾਰੀ ਜਾਵੇ ਉਸ ਗਊ ਦਾ ਵੱਛਾਂ ਜਾਂ ਵੱਛੀ ਬਾੜੇ ਵਿਚੋਂ ਨਿਕਲ ਕੇ ਭੱਜ ਕੇ ਆਪਣੀ ਮਾਂ ਕੋਲ ਦੁੱਧ ਪੀਣ ਚਲੇ ਜਾਂਦਾ ਹੈ। ਉਹ ਬਹੁਤ ਪ੍ਰਭਾਵਿਤ ਹੋਏ ਤੇ ਕਿਹਾ,'ਤੁਸੀਂ ਤਾਂ ਜਾਨਵਰਾਂ ਨੂੰ ਵੀ ਇਨਸਾਨ ਬਣਾ ਦਿੱਤਾ ਹੈ।'

5 ਤੋਂ 11 ਅਪ੍ਰੈਲ ਸੰਨ 2004 ਵਿਚ ਸਵਾਮੀ ਰਾਮ ਦੇਵ ਜੀ ਨੇ ਲੁਧਿਆਣਾ ਵਿਖੇ ਯੋਗ ਕੈਂਪ ਲਗਾਇਆ। ਪੰਜ ਅਪ੍ਰੈਲ ਨੂੰ ਯੋਗੀ ਜੀ ਸ੍ਰੀ ਭੈਣੀ ਸਾਹਿਬ ਪਹੁੰਚੇ। ਉਨ੍ਹਾਂ ਨੇ ਸ੍ਰੀ ਭੈਣੀ ਸਾਹਿਬ ਬਾਰੇ ਸੁਣਿਆ ਹੋਇਆ ਸੀ ਕਿ ਇਥੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਗਊਆਂ ਨਾਲ ਪ੍ਰੇਮ ਕਰਦੇ ਹਨ ਅਤੇ ਗਊਸ਼ਾਲਾ ਵਿਚ ਚੰਗੀ ਨਸਲ ਦੀਆਂ ਗਊਆਂ ਰਖਦੇ ਹਨ। ਸੋ ਸੁਆਮੀ ਜੀ, ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਅਤੇ ਗਊਆਂ ਵੇਖਣ ਅਚਾਨਕ ਆ ਗਏ। ਮੈਂ ਤੇ ਮੇਰੇ ਪਤੀ ਸੰਤ ਭਗਵੰਤ ਸਿੰਘ, ਉਨ੍ਹਾਂ ਨੂੰ ਅਚਾਨਕ ਆਇਆਂ ਵੇਖ ਕੇ ਉਨ੍ਹਾਂ ਦੇ ਸਵਾਗਤ ਲਈ ਸੰਗਤ ਵਿਚ ਸ਼ਾਮਲ ਹੋਏ ਅਤੇ ਉਨ੍ਹਾਂ ਨੂੰ ਸ੍ਰੀ ਸਤਿਗੁਰੂ ਜੀ ਕੋਲ ਲੈ ਕੇ ਗਏ। ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰ ਕੇ ਅਤੇ ਗਊਸ਼ਾਲਾ ਵਿਖੇ ਗਊਆਂ ਵੇਖ ਕੇ ਸੁਆਮੀ ਜੀ ਬਹੁਤ ਖੁਸ਼ ਹੋਏ।

**7 ਅਪ੍ਰੈਲ 2004 ਨੂੰ ਸੁਆਮੀ ਰਾਮਦੇਵ ਜੀ ਨੇ ਸ੍ਰੀ ਭੈਣੀ ਸਾਹਿਬ ਵਿਖੇ** ਪ੍ਰਤਾਪ ਮੰਦਰ ਵਿਚ ਯੋਗ ਦੀ ਕਲਾਸ ਲਗਾਈ । ਇਸ ਮਗਰੋਂ ਉਨ੍ਹਾਂ ਸਟੇਜ **ਤੋਂ ਆਖਿਆ,**

**" ਉਹ ਧਰਤੀ ਪਵਿੱਤਰ ਹੁੰਦੀ ਹੈ ਜਿਥੇ ਭਗਵਾਨ ਦੀ ਸ਼ਕਤੀ ਹੁੰਦੀ ਹੈ। ਨਾਮਧਾਰੀਆਂ ਨੇ ਆਪਣੀਆਂ ਕੁਰਬਾਨੀਆਂ ਨਾਲ ਦੇਸ਼ ਦੀ ਸੰਸਕ੍ਰਿਤੀ ਤੇ ਪਰੰਪਰਾ ਨੂੰ ਬਚਾ ਕੇ ਰੱਖਿਆ ਹੈ। ਇਥੇ ਗੁਰੂਆਂ ਦਾ ਭਾਰਤੀ ਸੰਸਕ੍ਰਿਤੀ ਲਈ ਸ਼ਰਧਾ ਸਨਮਾਨ ਹੈ। ਗਊ ਮਾਤਾ ਲਈ ਅਗਾਧ ਪ੍ਰੇਮ ਹੈ। ਮੈਂ ਗਊਆਂ ਦੀ ਸੇਵਾ ਕਰਦਾ ਰਿਹਾ ਹਾਂ, ਗਹਿਰਾ ਭਾਵ ਹੈ ਗਊਆਂ ਲਈ ਮੇਰੇ ਮਨ 'ਚ। ਜਦੋਂ ਇਥੋਂ ਬਾਰੇ ਪਤਾ ਲਗਾ ਤਾਂ ਮੈਂ ਬਿਨਾਂ ਕਿਸੇ ਪ੍ਰੋਗ੍ਰਾਮ ਦੇ ਇਥੇ ਅਚਾਨਕ ਆ ਗਿਆ। "**

**ਸ੍ਰੀ** ਸਤਿਗੁਰੂ ਜਗਜੀਤ ਸਿੰਘ ਜੀ ਨੇ ਪਤੰਜਲੀ ਯੋਗ ਪੀਠ ਹਰਦੁਆਰ ਵਿਖੇ ਸੁਆਮੀ ਰਾਮਦੇਵ ਜੀ ਦੁਆਰਾ ਬਣਾਈ ਜਾ ਰਹੀ ਗਊਸ਼ਾਲਾ ਲਈ ਸ੍ਰੀ ਭੈਣੀ ਸਾਹਿਬ ਤੋਂ ਗਊਆਂ-ਵੱਛੀਆਂ ਭੇਜੀਆਂ।

ਸ. ਪ੍ਰਕਾਸ਼ ਸਿੰਘ ਬਾਦਲ ਜਦੋਂ ਉਹ ਅਕਾਲੀ ਦਲ ਦੇ ਪ੍ਰਧਾਨ ਸਨ (ਐਸ ਵੇਲੇ ਪੰਜਾਬ ਦੇ ਮੁੱਖ ਮੰਤਰੀ) ਨੂੰ ਵੀ ਗਊਆਂ ਭੇਜੀਆਂ ਗਈਆਂ ਸਨ॥

ਕੇਂਦਰੀ ਕ੍ਰਿਸ਼ੀ ਮੰਤਰੀ ਸ੍ਰੀ ਸੋਮਪਾਲ ਜੀ ਨੂੰ ਵੀ ਇਕ ਸਾਹੀਵਾਲ ਗਾਂ ਤੇ ਵੱਛਾ ਦਿੱਤੇ ਗਿਆ।

ਫਿਲਮੀ ਐਕਟਰ ਧਰਮਿੰਦਰ ਨੂੰ ਸੰਨ 2009 ਵਿਚ ਇਕ ਗਾਂ ਤੇ ਇਕ ਵੱਛੀ, ਸੱਚੇ ਪਾਤਸ਼ਾਹ ਜੀ ਵਲੋਂ ਦਿੱਤੀ ਗਈ। ਅਜਿਹੀਆਂ ਅਨੇਕ ਮਿਸਾਲਾਂ ਹਨ।

ਸ੍ਰੀ ਭੈਣੀ ਸਾਹਿਬ ਦੀ ਗਊਸ਼ਾਲਾ ਏਨੀ ਮਸ਼ਹੂਰ ਹੋ ਗਈ ਹੈ ਕਿ ਗੁਜਰਾਤ ਤੋਂ ਇਕ ਸਵਾਮੀ ਜੀ ਦਾ ਫੋਨ ਆਇਆ ਕਿ ਉਨ੍ਹਾਂ ਨੂੰ ਆਪਣੀ ਗਊਸ਼ਾਲਾ ਲਈ ਇਥੋਂ ਗਾਂ ਤੇ ਵੱਛੇ ਵੱਛੀਆਂ ਚਾਹੀਦੀਆਂ ਹਨ। ਉਸ ਨੇ ਹਰਿਆਣਾ ਦੇ ਮੁੱਖ ਮੰਤਰੀ ਤੋਂ ਸਿਫਾਰਿਸ਼ ਵੀ ਪਵਾਈ। ਸੂਬਾ ਜਾਗੀਰ ਸਿੰਘ ਨੇ ਮੈਨੂੰ ਦੱਸਿਆ ਕਿ ਸ੍ਰੀ ਭੈਣੀ ਸਾਹਿਬ ਵਿਖੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਅਤੇ ਗਊਸ਼ਾਲਾ ਵਿਖੇ ਗਊਆਂ ਵੇਖਣ ਕਰੀਬ ਹਰ ਰੋਜ਼ ਹੀ ਧਾਰਮਿਕ ਅਦਾਰਿਆਂ ਦੇ ਪ੍ਰਮੁੱਖ, ਕਈ ਥਾਵਾਂ ਤੋਂ ਆਏ ਸੁਆਮੀ ਜੀ, ਦੇਸ਼ ਵਿਦੇਸ਼ ਦੀਆਂ ਪ੍ਰਮੁੱਖ ਸ਼ਖਸੀਅਤਾਂ ਅਤੇ ਆਮ ਲੋਕ ਆਉਂਦੇ ਰਹਿੰਦੇ ਹਨ।

ਬੀਤੇ ਦੀਆਂ ਪੈੜਾਂ ਭਾਗ-1 ਵਿਚ 30 ਅਕਤੂਬਰ ਸੰਨ 1958 ਦੀ ਆਪਣੀ ਡਾਇਰੀ ਵਿਚ ਸੰਤ ਪ੍ਰੀਤਮ ਸਿੰਘ ਕਵੀ 'ਉਦਾਰਤਾ' ਸਿਰਲੇਖ ਹੇਠ ਲਿਖਦੇ ਹਨ–

"ਸਤਿਗੁਰਾਂ ਨੂੰ ਮੈਂ ਅਜ ਸਵੇਰ ਵੇਲੇ ਕਿਹਾ ਕਿ ਸੱਸੀ ( ਗਊ ਦਾ ਨਾਂ) ਦਾ ਵੱਛਾ ਲਿਆਣਾ ਚਾਹੁੰਦੇ ਹਾਂ। ਜਿਹੜਾ ਗਊ ਦੇ ਨਾਲ ਹੀ ਆਪਦੇ ਪਾਸੋਂ ਲੈ ਗਏ ਸਾਂ। ਸਤਿਗੁਰਾਂ ਕਿਹਾ ਸੀ ਕਿ ਦੋ ਸਾਲਾ ਇਸ ਵੱਛੇ ਦਾ 500 ਰੁਪੈ ਦਿਆਂਗੇ। ਪਰ ਸਤਿਗੁਰਾਂ ਨੇ ਹੀ ਇਹਦੀ ਮਾਂ, ਸਣੇ ਇਸਦੇ ਮੁਫਤ ਦਿੱਤੀ ਸੀ ਤੇ ਹੁਣ ਉਹ ਚਰਾਈ ਲਈ ਵੀ ਦੋ ਮਹੀਨਿਆਂ ਦੀ ਏਥੇ ਆਈ ਹੋਈ ਹੈ। "

ਬਹੁਤ ਸਾਰੇ ਲੋਕ ਬੜੀ ਸ਼ਰਧਾ ਨਾਲ ਸ੍ਰੀ ਸਤਿਗੁਰੂ ਜੀ ਨੂੰ ਆਪਣੀ ਗਊ ਜਾਂ ਮੱਝ ਮੱਥਾ ਟੇਕ ਦਿੰਦੇ ਹਨ। ਸ੍ਰੀ ਸਤਿਗੁਰੂ ਜੀ ਵੀ ਅਰਜ਼ ਕਰਨ ਵਾਲਿਆਂ ਤੇ ਲੋੜਵੰਦਾਂ ਨੂੰ ਰਜ਼ਾ ਮੁਤਾਬਕ ਗਊਆਂ ਮੱਝਾਂ ਦਾਨ ਕਰ ਦਿੰਦੇ ਹਨ।

ਉਦਾਹਰਣ ਦੇ ਤੌਰ 'ਤੇ,15 ਮਈ ਸੰਨ 2010 ਨੂੰ, ਸੂਬਾ ਜਗੀਰ ਸਿੰਘ ਨੇ ਮੈਨੂੰ (ਇਸ ਪੁਸਤਕ ਦੀ ਲੇਖਿਕਾ) ਨੂੰ ਦੱਸਿਆ ਕਿ ਖੰਨੇ ਕੋਲ ਇੱਕ ਪਿੰਡ ਗਲਵੱਢੀ ਹੈ। ਇਥੋਂ ਦੀ ਮਾਤਾ ਜੋਗਿੰਦਰ ਕੌਰ ਸਪੁੱਤਰੀ ਸਵ ਸ. ਅਮੀਰ ਸਿੰਘ ਸਰਪੰਚ,ਨੇ ਸਾਨੂੰ 15 ਵੱਛੀਆਂ ਸ੍ਰੀ ਭੈਣੀ ਸਾਹਿਬ ਦੀ ਗਊਸ਼ਾਲਾ ਲਈ ਦਿੱਤੀਆਂ ਹਨ। ਅਸੀਂ ਅੱਜ ਹੀ ਲੈ ਕੇ ਆਏ ਹਾਂ। ਉਸ ਨੇ ਦੁੱਧ ਦੀ ਡਾਇਰੀ ਬੰਦ ਕਰਨੀ ਸੀ। ਉਸ ਨੇ ਸੋਚਿਆ ਕਿ ਗਾਈਆਂ ਵੇਚਣੀਆਂ ਨਹੀਂ, ਦਾਨ ਕਰਨੀਆਂ ਹਨ। ਉਸ ਨੇ, ਸ੍ਰੀ ਸਤਿਗੁਰੂ ਜੀ ਦੀ ਉਪਮਾ ਸੁਣੀ ਹੋਈ ਸੀ ਕਿ ਸ੍ਰੀ ਭੈਣੀ ਸਾਹਿਬ ਵਿਖੇ ਗਊਸ਼ਾਲਾ ਵਿਚ ਗਊਆਂ ਦੀ ਸੇਵਾ ਹੁੰਦੀ ਹੈ ਤਾਂ ਹੀ ਉਸ ਨੇ ਗਊਆਂ ਤੇ ਵੱਛੀਆਂ ਮੱਥਾ ਟੇਕੀਆਂ।

**ਪੇਸ਼ ਹੈ ਗੋਪਾਲ ਰਤਨ ਪੁਰਸਕਾਰ ਦੀ ਲਿਖਤ ਦਾ ਹਿੰਦੀ ਤੋਂ ਪੰਜਾਬੀ ਵਿਚ ਅਨੁਵਾਦ-**

# ਕੇਂਦਰੀ ਗੋਸੰਵਰਧਨ ਪਰਿਸ਼ਦ ਵਲੋਂ
# ਸੰਨ 1963-64 ਦਾ
# 'ਗੋਪਾਲ ਰਤਨ' ਪੁਰਸਕਾਰ
# ਪ੍ਰਾਪਤਕਰਤਾ: ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

ਕੇਂਦਰੀ ਗੋਸੰਵਰਧਨ ਪਰਿਸ਼ਦ, ਸ੍ਰੀ ਸਤਿਗੁਰੂ ਹਰੀ ਸਿੰਘ ਪਸ਼ੂ-ਪਾਲਣ ਅਤੇ ਖੇਤੀ ਫਾਰਮ ਸ੍ਰੀ ਜੀਵਨ ਨਗਰ, ਜ਼ਿਲ੍ਹਾ ਹਿਸਾਰ ( ਪੰਜਾਬ) ਨੂੰ ਉੱਚ ਕੋਟੀ ਦਾ ਗਊ ਪਾਲਣ ਕਰਨ ਕਾਰਣ ਖੁਸ਼ੀ ਸਹਿਤ 'ਗੋਪਾਲ ਰਤਨ' ਪੁਰਸਕਾਰ ਅਤੇ ਪ੍ਰਮਾਣ-ਪੱਤਰ ਪ੍ਰਦਾਨ ਕਰਦੀ ਹੈ।

ਇਹ ਫਾਰਮ ਨਾਮਧਾਰੀ ਸਿੱਖ ਸੰਪਰਦਾਇ ਦੇ ਅਧਿਆਤਮਕ ਗੁਰੂ ਦੁਆਰਾ ਚਲਾਇਆ ਜਾਂਦਾ ਹੈ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਇਸ ਦੇ ਵਰਤਮਾਨ ਗੁਰੂ ਹਨ। ਇਸ ਫਾਰਮ ਵਿਚ ਪਿਛਲੇ ਪੰਦਰਾਂ ਸਾਲਾਂ ਤੋਂ ਹਰਿਆਣਾ ਅਤੇ ਸਾਹੀਵਾਲ ਗਊਆਂ ਅਤੇ ਨੀਲੀ ਰਾਵੀ ਮੱਝਾਂ ਦੇ ਉੱਚ ਵੰਸ਼ ਪ੍ਰਾਪਤ ਅਤੇ ਵਿਕਸਿਤ ਕੀਤੇ ਗਏ ਹਨ।

ਫਾਰਮ ਨੇ ਕੇਂਦਰੀ ਗੋਸੰਵਰਧਨ ਪਰਿਸ਼ਦ ਦੁਆਰਾ ਆਯੋਜਿਤ ਸਰਵ ਭਾਰਤੀ ਦੁੱਧ ਉਤਪਾਦਨ ਪ੍ਰਤੀਯੋਗਤਾਵਾਂ ਵਿਚੋਂ ਅਨੇਕ ਪੁਰਸਕਾਰ ਪ੍ਰਾਪਤ ਕੀਤੇ ਹਨ। ਇਸ ਫਾਰਮ ਨੂੰ ਸੰਨ 1956 ਤੋਂ 58 ਤਕ ਅਤੇ ਉਸ ਦੇ ਮਗਰੋਂ ਸੰਨ 1960-61 ਅਤੇ ਸੰਨ 1963-64 ਤਕ ਹਰ ਸਾਲ ਹਰਿਆਣਾ ਨਸਲ ਦਾ ਪਹਿਲਾ ਪੁਰਸਕਾਰ ਦਿੱਤਾ ਗਿਆ। ਫਾਰਮ ਨੇ ਸੰਨ 1962-63 ਅਤੇ ਸੰਨ 1963-64 ਵਿਚ ਸਾਹੀਵਾਲ ਨਸਲ ਦਾ ਵੀ ਪਹਿਲਾ ਪੁਰਸਕਾਰ ਪ੍ਰਾਪਤ ਕੀਤਾ। ਸੰਨ 1963-64 ਵਿਚ ਇਸ ਫਾਰਮ ਦੀ ਹਰਿਆਣਾ ਨਸਲ ਦੀ 'ਪੁਤਲੀ ਗਾਂ' ਅਤੇ ਸਾਹੀਵਾਲ ਨਸਲ ਦੀ 'ਮੀਰਾਂ' ਗਾਂ ਨੇ 24 ਘੰਟਿਆਂ ਵਿਚ ਕਰਮਵਾਰ 28.576 ਕਿਲੋ ਗ੍ਰਾਮ ਅਤੇ 25. 705 ਕਿਲੋਗ੍ਰਾਮ ਦੁੱਧ ਦਾ ਉਤਪਾਦਨ ਕੀਤਾ ਹੈ। ਇਸ ਫਾਰਮ ਨੇ ਸਰਵ ਭਾਰਤੀ ਪਸ਼ੂ-ਪ੍ਰਦਰਸ਼ਨੀਆਂ ਵਿਚ ਵੀ ਆਪਣੀਆਂ ਗਊਆਂ ਅਤੇ ਮੱਝਾਂ ਕਾਰਣ ਅਨੇਕ ਪੁਰਸਕਾਰ ਪ੍ਰਾਪਤ ਕੀਤੇ ਹਨ।

ਫਾਰਮ ਨੇ ਗਊਆਂ ਦੇ ਪਾਲਣ ਅਤੇ ਪ੍ਰਬੰਧ ਵਿਚ ਸੁਧਰੀਆਂ ਹੋਈਆਂ ਵਿਧੀਆਂ ਅਪਨਾਈਆਂ ਹਨ। ਇਹ ਫਾਰਮ ਹਰਿਆਣਾ ਅਤੇ ਸਾਹੀਵਾਲ ਨਸਲ ਦੀ ਵੰਸ਼ ਵਿਚੋਂ ਸਾਨ੍ਹ ਉਪਲਭਦ ਕਰਵਾ ਕੇ, ਪੰਜਾਬ ਵਿਚ ਇਨ੍ਹਾਂ ਨਸਲਾਂ ਦੀਆਂ ਗਊਆਂ ਦੇ ਵਿਕਾਸ ਵਿਚ ਆਪਣਾ ਯੋਗਦਾਨ ਦਿੰਦਾ ਰਿਹਾ ਹੈ।

**- ਕੇਂਦਰੀ ਗੋਸੰਵਰਧਨ ਪਰਿਸ਼ਦ ਦੇ ਪ੍ਰਧਾਨ**
**ਅਤੇ ਹੋਰ ਸਮੂਹ ਮੈਂਬਰ।**

# ਚੰਡੀ ਦੀ ਵਾਰ ਦੇ ਪਾਠਾਂ ਦੇ ਹਵਨ ਯੱਗ

ਨਾਮਧਾਰੀਆਂ ਨੇ ਗਊ ਹੱਤਿਆ ਦਾ ਵਿਰੋਧ ਹਮੇਸ਼ਾ ਜਾਰੀ ਰੱਖਿਆ। ਅੱਜ ਵੀ ਨਾਮਧਾਰੀ ਹਰ ਰੋਜ਼ ਅਰਦਾਸ ਕਰਦਿਆਂ ਆਖਦੇ ਹਨ,

**" ਹੇ ਗ੍ਰੀਬ ਨਿਵਾਜ਼, ਗਊ ਗ੍ਰੀਬ ਦੀ ਰਖਿਆ ਕਰੋ, ਧਰਤੀ 'ਤੇ ਧਰਮ ਵਰਤਾਵੋ !"**

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਹੁਕਮ ਮੁਤਾਬਕ 'ਚੰਡੀ ਦੀ ਵਾਰ ' ਦੇ ਪਾਠ ਦੇ ਆਰੰਭ 'ਤੇ ਸਮਾਪਤੀ ਸਮੇਂ ਵੀ ਨਾਮਧਾਰੀ ਇਹੋ ਅਰਦਾਸ ਕਰਦੇ ਹਨ,

**" ਹੇ ਭਗਵਤੀ ਮਾਤਾ, ਗਊ ਬੱਧ ਕਰਨ ਤੇ ਭੱਛਨ ਕਰਨ ਵਾਲਿਆਂ ਦਾ ਨਾਸ ਕਰ। "**

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਗਊਆਂ ਨਾਲ ਬਹੁਤ ਪਿਆਰ ਸੀ। ਆਪ ਜੀ ਦੀ ਹਾਰਦਿਕ ਇੱਛਾ ਸੀ ਕਿ ਰਿਸ਼ੀਆਂ-ਮੁਨੀਆਂ ਦੇ ਇਸ ਦੇਸ਼ ਵਿਚ ਗਊ-ਬੱਧ ਪੂਰਨ ਤੌਰ 'ਤੇ ਬੰਦ ਹੋ ਜਾਵੇ। ਇਸ ਲਈ ਆਪ ਉਪਰਾਲੇ ਕਰਦੇ ਹੀ ਰਹਿੰਦੇ।

1. ਸੰਨ 1937 ਈ ਵਿਚ ਜਦੋਂ ਅੰਗ੍ਰੇਜ਼ ਹਕੂਮਤ ਨੇ ਲਾਹੌਰ ਵਿਚ ਮਾਡਰਨ ਮਸ਼ੀਨਰੀ ਨਾਲ ਲੈਸ ਇਕ ਬੁੱਚੜਖਾਨ੍ਹਾ ਖੋਲ੍ਹਣ ਦਾ ਫੈਸਲਾ ਕੀਤਾ, ਸ੍ਰੀ ਸਤਿਗੁਰੂ ਜੀ ਨੇ ਇਸ ਨੂੰ ਰੋਕਣ ਲਈ, ਸ੍ਰੀ ਭੈਣੀ ਸਾਹਿਬ ਵਿਖੇ ਚੰਡੀ ਦੀ ਵਾਰ ਦੇ ਪਾਠਾਂ ਦਾ ਹਵਨ-ਯੱਗ ਆਰੰਭ ਕਰਵਾ ਦਿੱਤਾ। ਜਿੰਨਾ ਚਿਰ ਸਰਕਾਰ ਵਲੋਂ ਬੁੱਚੜਖਾਨ੍ਹੇ ਦੀ ਤਜਵੀਜ਼ ਰੱਦ ਨਹੀਂ ਕੀਤੀ ਗਈ ਓਨਾਂ ਚਿਰ ਪਾਠਾਂ ਨੂੰ ਜਾਰੀ ਰੱਖਿਆ ਗਿਆ। ਜਦੋਂ ਬੁਚੜਖਾਨੇ ਦੀ ਤਜ਼ਵੀਜ ਰੱਦ ਹੋਈ ਉਦੋਂ ਤੀਕ ਚੰਡੀ ਦੀ ਵਾਰ ਦੇ 3 ਲੱਖ 15 ਹਜ਼ਾਰ 507- ਪਾਠ ਹੋ ਗਏ ਸਨ। ਨਾਮਧਾਰੀ ਜਗਤ ਵਿਚ ਖੁਸ਼ੀ ਦੀ ਲਹਿਰ ਦੌੜ ਗਈ ਅਤੇ ਅਨੇਕ ਹਿੰਦੂ ਜਥੇਬੰਦੀਆਂ ਨੇ ਸ੍ਰੀ ਸਤਿਗੁਰੂ ਜੀ ਦਾ ਕੋਟਾਨਕੋਟ ਧੰਨਵਾਦ ਕੀਤਾ।


   (ਪਾਠਾਂ ਦੀ ਇਹ ਗਿਣਤੀ ਹਜ਼ੂਰੀ ਡਰਾਈਵਰ ਸੰਤ ਗੁਰਦੇਵ ਸਿੰਘ ਜੀ ਦੀ ਡਾਇਰੀ ਵਿੱਚੋਂ ਲੈ ਕੇ ਹਜ਼ੂਰੀ ਸੇਵਕ ਹਰਪਾਲ ਸਿੰਘ ਨੇ ਆਪਣੀ ਪੁਸਤਿਕਾ 'ਗਊਅਨ ਕੇ ਰਖਵਾਰੇ' ਵਿੱਚ ਛਾਪੀ)

   ਹੇਠ ਲਿਖੇ ਅਗਲੇ ਚੰਡੀ ਦੀ ਵਾਰ ਦੇ ਪਾਠਾਂ ਦਾ ਵੇਰਵਾ ਸਪਤਾਹਿਕ ਸਤਿਜੁਗ 25 ਚੇਤਰ ਤੋਂ ਇੱਕ ਵਿਸਾਖ 2067 ਮੁਤਾਬਕ 8 ਤੋਂ 14 ਅਪ੍ਰੈਲ ਸੰਨ 2010 ਵਿੱਚੋਂ ਲਿਆ ਗਿਆ ਹੈ।


2. ਦੂਸਰੀ ਵਾਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵਲੋਂ, ਮੱਘਰ ਦੀ ਸੰਗਰਾਂਦ ਸੰਮਤ 1994 ਤੋਂ ਚੰਡੀ ਦੀ ਵਾਰ ਦਾ ਅਖੰਡ ਹਵਨ ਯੱਗ ਕਰਨ ਦਾ ਹੁਕਮ

ਹੋਇਆ। ਇਸ ਯੱਗ ਦਾ ਭੋਗ ਸਾਵਣ ਦੀ ਸੰਗਰਾਂਦ 1995 ਬਿ: (1938 ਈ:) ਨੂੰ ਪਾਇਆ ਗਿਆ। ਇਸ ਹਵਨ ਯੱਗ ਵਿੱਚ ਚੰਡੀ ਦੀ ਵਾਰ ਦੇ 2,12,234 ਪਾਠ ਹੋਏ।

3. ਇਸ ਉਪਰੰਤ 7 ਮਾਘ 2013 ਬਿ: (19 ਜਨਵਰੀ ਸੰਨ 1957) ਨੂੰ ਫਿਰ ਚੰਡੀ ਦੀ ਵਾਰ ਦੇ ਪਾਠਾਂ ਦਾ ਆਰੰਭ ਹੋਇਆ। ਇਹਨਾਂ ਪਾਠਾਂ ਦਾ ਭੋਗ ਹੋਲੇ ਤੋਂ ਪਿੱਛੋਂ ਪਿਆ।
4. ਸੰਨ 1959 ਈ: ਵਿੱਚ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦੇਹ ਦਾ ਓਹਲਾ ਕਰਨ ਤੋਂ ਬਾਅਦ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਗੁਰਗੱਦੀ ਤੇ ਸੁਭਾਏਮਾਨ ਹੋਏ। ਆਪ ਜੀ ਨੇ 23 ਸਾਵਣ 2021 ਬਿ: (6 ਅਗਸਤ 1964 ਈ:) ਨੂੰ ਸ੍ਰੀ ਭੈਣੀ ਸਾਹਿਬ ਵਿਖੇ ਚੰਡੀ ਦੀ ਵਾਰ ਦਾ ਅਖੰਡ ਹਵਨ ਯੱਗ ਸ਼ੁਰੂ ਕਰਵਾਇਆ ਜਿਸਦਾ ਭੋਗ 26 ਭਾਦਰੋਂ 2021 ਬਿ: (1964 ਈ:) ਨੂੰ ਪਿਆ। ਇਸ ਵਿੱਚ 1,84,300 ਪਾਠ ਹੋਏ।
5. ਇਸ ਤੋਂ ਅਗਲੇ ਸਾਲ 26 ਭਾਦਰੋਂ 2022 ਬਿ: (1965 ਈ:) ਨੂੰ ਨਿਰਵਿਘਨ ਸਮਾਪਤ ਹੋਏ ਇਸ ਹਵਨ ਯੱਗ ਵਿੱਚ 1,25,470 ਚੰਡੀ ਦੀ ਵਾਰ ਦੇ ਪਾਠ ਕੀਤੇ ਗਏ।
6. 2027 ਬਿ: (1970 ਈ:) ਦਾ ਨਿਮਾਣੀ ਇਕਾਦਸ਼ੀ ਦਾ ਤਿੰਨ ਦਿਨਾਂ ਮੇਲਾ ਜੀਵਨ ਨਗਰ ਕੀਤਾ ਗਿਆ। ਇਸ ਮੇਲੇ ਦੌਰਾਨ ਚੰਡੀ ਦੀ ਵਾਰ ਦੇ ਪਾਠਾਂ ਦੇ ਅਖੰਡ ਹਵਨ ਹੋਏ। ਇਸ ਵਿੱਚ ਹੋਏ ਪਾਠਾਂ ਦੀ ਗਿਣਤੀ ਬਾਰੇ ਜਾਣਕਾਰੀ ਅਜੇ ਮੌਜੂਦ ਨਹੀਂ ਹੈ।
7. ਏਸੇ ਸਾਲ ਅੱਸੂ ਦਾ ਮੇਲਾ ਮਸਤਾਨਗੜ੍ਹ ਹੋਇਆ ਅਤੇ 1 ਅੱਸੂ 2027 ਤੋਂ 30 ਅੱਸੂ 2027 ਬਿ: (1970 ਈ:) ਤੱਕ ਚੰਡੀ ਦੀ ਵਾਰ ਦਾ ਹਵਨ ਯੱਗ ਕੀਤਾ ਗਿਆ। ਇਸ ਦੀ ਗਿਣਤੀ ਵੀ ਅਜੇ ਉਪਲੱਭਧ ਨਹੀਂ ਹੈ।
8. ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਨਾਲ 1982 ਈ: ਦੇ ਵਰ੍ਹੇ ਸ੍ਰੀ ਭੈਣੀ ਸਾਹਿਬ ਵਿਖੇ ਫੇਰ ਚੰਡੀ ਦੀ ਵਾਰ ਦਾ ਹਵਨ ਯੱਗ 20 ਅਗਸਤ ਤੋਂ ਸ਼ੁਰੂ ਕਰਕੇ 10 ਅਕਤੂਬਰ ਤਕ ਨਿਰੰਤਰ ਚਲਿਆ। ਇਸ ਪ੍ਰਯੋਗ ਵਿੱਚ 1,34,962 ਚੰਡੀ ਦੀ ਵਾਰ ਦੇ ਪਾਠ ਹੋਏ।
9. 1999 ਈ: ਵਿੱਚ ਚੰਡੀ ਦੀ ਵਾਰ ਦੇ ਪਾਠ 11 ਨਵੰਬਰ 1999 ਈ: ਤੋਂ 25 ਨਵੰਬਰ 1999 ਈ: ਤਕ ਕੀਤੇ ਗਏ। ਪਾਠਾਂ ਦੀ ਗਿਣਤੀ 1,44,353 ਸੀ।
10. 2 ਫਰਵਰੀ 2010 ਈ: ਤੋਂ 28 ਫਰਵਰੀ 2010 ਈ: ਤਕ ਚੰਡੀ ਦੀ ਵਾਰ ਦੇ ਪਾਠ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਦੇਹ ਅਰੋਗਤਾ ਲਈ ਕੀਤੇ ਗਏ। ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ 2,12,500 ਪਾਠਾਂ ਦੀ ਸਮਾਪਤੀ ਦੀ ਅਰਦਾਸ ਕੀਤੀ ਗਈ।



ਭਗਵਾਨ ਸ੍ਰੀ ਕ੍ਰਿਸ਼ਨ ਜੀ ਗਊਆਂ ਨਾਲ।



ਸ੍ਰੀ ਗੁਰੂ ਨਾਨਕ ਦੇਵ ਜੀ ਸੁਲਤਾਨਪੁਰ ਵੇਈਂ ਨਦੀ ਦੇ ਪੱਤਣ 'ਤੇ ਖੱਤ੍ਰੀ ਮਸੂਲੀਏ ਨੂੰ ਗਊ ਬ੍ਰਾਹਮਣ ਤੋਂ ਕਰ (ਚੁੰਗੀ) ਲੈਣ ਤੋਂ ਤਾੜਨਾ ਕਰਦੇ ਹੋਏ।



ਸ੍ਰੀ ਸਤਿਗੁਰੂ ਰਾਮ ਸਿੰਘ ਜੀ ਆਪਣੇ ਸਿੱਖਾਂ ਅਤੇ ਸੂਬੇ ਸਹਿਬਾਨ ਨਾਲ ਸੁਤੰਤਰਤਾ ਸੰਗਰਾਮ ਅਤੇ ਗਊਆਂ ਦੀ ਰੱਖਿਆ ਲਈ ਪ੍ਰਚਾਰ ਦੌਰੇ 'ਤੇ ਜਾਂਦੇ ਹੋਏ।




ਸ਼ਹੀਦੀ ਸਾਕਾ ਮਲੇਰ ਕੋਟਲਾ (17-18 ਜਨਵਰੀ ਸੰਨ 1872 ਈ:)



ਸ਼ਹੀਦੀ ਸਾਕਾ ਸ੍ਰੀ ਅੰਮ੍ਰਿਤਸਰ (15 ਸਿਤੰਬਰ ਸੰਨ 1871 ਈ:)



ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੌਲੱਖੀ ਗਊ ਨਾਲ।




ਕੇਂਦਰੀ ਗੋ-ਸੰਵਰਧਨ ਪਰੀਸ਼ਦ ਵਲੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ 'ਗੋਪਾਲ-ਰਤਨ' ਸਨਮਾਨ ਭੇਂਟ ਕਰਨ ਸਮੇਂ-1965 ਈ: ਹੈਦਰਾਬਾਦ




1967 ਈ: ਓਲਡਨ ਬਰਗ (ਜਰਮਨੀ) ਵਿਖੇ ਪਸ਼ੂ-ਪ੍ਰਦਰਸ਼ਨੀ ਸਮੇਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ




ਪ੍ਰਦਰਸ਼ਨੀ ਦੇ ਪ੍ਰਬੰਧਕਾਂ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਹੁਕਮ ਕੀਤਾ:
"ਜਿਥੇ ਤੁਸੀਂ ਏਨੀਆਂ ਦੁੱਧ ਦੇਣ ਵਾਲੀਆਂ ਗਊਆਂ ਪਾਲਦੇ ਹੋ ਉਥੇ ਇਕ ਹੋਰ ਉਦਮ ਵੀ ਕਰੋ,
ਜਿਨਾਂ ਦਾ ਦੁੱਧ ਪੀਂਦੇ ਹੋ ਉਨ੍ਹਾਂ ਨੂੰ ਮਾਰਿਆ ਨਾ ਕਰੋ, ਉਨ੍ਹਾਂ ਦਾ ਦੁੱਧ ਪੀਓ, ਮਾਸ ਨਾ ਖਾਓ।"




1999 ਈ: ਸ੍ਰੀ ਭੈਣੀ ਸਾਹਿਬ ਵਿਖੇ ਗਊ ਰੱਖਿਆ ਅਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ
ਨਮਿਤ, 'ਚੰਡੀ ਦੀ ਵਾਰ' ਦੇ ਸਵਾ ਲੱਖ ਪਾਠ ਤੇ ਹਵਨ ਯੱਗ ਕਰਵਾਉਣ ਸਮੇਂ
ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਪਾਠ ਕਰਦੇ ਹੋਏ।



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਗਊ ਦਾ ਦੁੱਧ ਚੋਂਦੇ ਹੋਏ।




ਮਾਤਾ ਚੰਦ ਕੌਰ ਜੀ ਗਊ ਦਾ ਦੁੱਧ ਚੋਂਦੇ ਹੋਏ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਕੋਲ ਖੜੇ ਹਨ।
ਤਿੰਨ ਮਾਘ ਸੰਮਤ 2038



ਸ੍ਰੀ ਭੈਣੀ ਸਾਹਿਬ ਵਿਖੇ 5 ਅਪ੍ਰੈਲ ਸੰਨ 2004 ਨੂੰ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਆਏ
ਸਵਾਮੀ ਰਾਮਦੇਵ ਜੀ ਅਤੇ ਸਵਾਮੀ ਸੰਪੂਰਨਾਨੰਦ ਜੀ।
ਕੋਲ ਬੈਠੇ ਹਨ ਹਜ਼ੂਰੀ ਸੇਵਕ ਸੰਤ ਰਛਪਾਲ ਸਿੰਘ ਅਤੇ ਸੂਬਾ ਸੁਰਿੰਦਰ ਕੌਰ ਖਰਲ।



ਸ੍ਰੀ ਭੈਣੀ ਸਾਹਿਬ ਗਊਸ਼ਾਲਾ ਵਿਖੇ ਵਿਸ਼ਵ ਹਿੰਦੂ ਪਰਿਸ਼ਦ ਦੇ ਮੁਖੀ ਸ੍ਰੀ ਅਸ਼ੋਕ ਸਿੰਘਲ ਜੀ,
ਨਾਲ ਖੜੋਤੇ ਹਨ ਸੱਜਿਓਂ ਹਜ਼ੂਰੀ ਸੇਵਕ ਸੰਤ ਰਛਪਾਲ ਸਿੰਘ, ਸੂਬਾ ਬਲਵਿੰਦਰ ਸਿੰਘ,
ਸੂਬਾ ਜਗੀਰ ਸਿੰਘ ਅਤੇ ਹਜੂਰੀ ਸੇਵਕ ਸੰਤ ਹਰਪਾਲ ਸਿੰਘ।



ਸ੍ਰੀ ਭੈਣੀ ਸਾਹਿਬ ਵਿਖੇ 5 ਅਕਤੂਬਰ ਸੰਨ 2010 ਨੂੰ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਆਏ ਸਵਾਮੀ ਅਖਿਲੇਸ਼ਵਰਾ ਨੰਦ ਜੀ ਅਤੇ ਸ੍ਰੀ ਸ਼ੰਕਰ ਲਾਲ ਜੀ।




17 ਜਨਵਰੀ ਸੰਨ 2010 ਨੂੰ, ਵਿਸ਼ਵ ਮੰਗਲ ਗਊ ਗ੍ਰਾਮ ਯਾਤਰਾ ਦੇ ਨਾਗਪੁਰ ਵਿਖੇ ਸਮਾਪਨ ਸਮਾਰੋਹ ਸਮੇਂ ਸਵਾਮੀ ਰਾਮਦੇਵ ਜੀ ਬੋਲਦੇ ਹੋਏ। ਹੋਰ ਸਾਧੂ ਸੰਤਾਂ ਨਾਲ ਸਟੇਜ 'ਤੇ ਬੈਠੇ ਹੋਏ ਹਜ਼ੂਰੀ ਸੇਵਕ ਸੰਤ ਹਰਪਾਲ ਸਿੰਘ ਅਤੇ ਸੂਬਾ ਸਰਬਜੀਤ ਸਿੰਘ ਗਵਾਲੀਅਰ ਵਾਲੇ।



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਨਮੁੱਖ ਪੰਜਾਬ ਰਾਜ ਪਸ਼ੂ-ਧਨ ਚੈਂਪੀਅਨਸ਼ਿਪ-2009 ਈ:
ਮੁਕਤਸਰ ਤੋਂ ਸਾਹੀਵਾਲ ਗਊਆਂ ਦੇ ਜਿੱਤੇ ਇਨਾਮਾਂ ਨਾਲ ਸਿੱਖ-ਸੇਵਕ



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਨਮੁੱਖ ਪੰਜਾਬ ਰਾਜ ਪਸ਼ੂ-ਧਨ ਚੈਂਪੀਅਨਸ਼ਿਪ-2010 ਈ:
ਮੁਕਤਸਰ ਤੋਂ ਸਾਹੀਵਾਲ ਗਊਆਂ ਦੇ ਜਿੱਤੇ ਇਨਾਮਾਂ ਨਾਲ ਸਿੱਖ-ਸੇਵਕ



ਨਸੀਬ ਗਊ



ਨਿਰਜੀਵ ਗਊ



ਸ੍ਰੀ ਭੈਣੀ ਸਾਹਿਬ ਗਊਸ਼ਾਲਾ ਦੀਆਂ ਸਾਹੀਵਾਲ ਨਸਲ ਦੀਆਂ ਗਊਆਂ



ਸ੍ਰੀ ਭੈਣੀ ਸਾਹਿਬ ਗਊਸ਼ਾਲਾ ਦੀਆਂ ਹਰਿਆਣਾ ਨਸਲ ਦੀਆਂ ਗਊਆਂ




ਯੁੱਗ ਸਾਨ੍ਹ




ਸਰਪੰਚ ਸਾਨ੍ਹ

## ਗਊਸ਼ਾਲਾਵਾਂ ਦੀਆਂ ਕੁਝ ਝਲਕੀਆਂ



ਸ੍ਰੀ ਭੈਣੀ ਸਾਹਿਬ



ਸ੍ਰੀ ਜੀਵਨ ਨਗਰ




ਮਸਤਾਨਗੜ੍ਹ



ਟਿੱਬਾ ਖੂਹ ਤੇ ਮੁਕਤਾ ਗਊਸ਼ਾਲਾ



ਬੱਲ ਗਊਸ਼ਾਲਾ ਟਿੱਬਾ



ਹਿੰਮਤਪੁਰਾ




ਪੰਜਾਬ ਰਾਜ ਪਸ਼ੂ-ਧਨ ਚੈਂਪੀਅਨਸ਼ਿਪ-2009 ਈ. ਮੁਕਤਸਰ ਵਿਖੇ ਨਾਮਧਾਰੀ ਗਊਸ਼ਾਲਾ ਦੀਆਂ ਇਨਾਮ ਜੇਤੂ ਗਊਆਂ ਅਤੇ ਸਾਨ੍ਹਾਂ ਨਾਲ ਨਾਮਧਾਰੀ ਸਿੰਘ।



ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸ੍ਰੀ ਭੈਣੀ ਸਾਹਿਬ ਗਊਸ਼ਾਲਾ ਵਿਖੇ।

# ਗਊਸ਼ਾਲਾਵਾਂ

ਨਾਮਧਾਰੀ ਗਊਸ਼ਾਲਾਵਾਂ ਦੀਆਂ ਗਊਆਂ ਅਨੇਕ ਵਰ੍ਹਿਆਂ ਤੋਂ ਭਾਰਤ ਲਈ ਇਕ ਮਿਸਾਲ ਕਾਇਮ ਕਰਦੀਆਂ ਆ ਰਹੀਆਂ ਹਨ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਬਣਾਈਆਂ ਗਈਆਂ ਗਊਸ਼ਾਲਾਵਾਂ ਸ੍ਰੀ ਭੈਣੀ ਸਾਹਿਬ, ਸ੍ਰੀ ਜੀਵਨ ਨਗਰ, ਮਸਤਾਨਗੜ੍ਹ, ਟਿੱਬੇ ਤੇ ਨਾਮਧਾਰੀ ਫਾਰਮ ਬੰਗਲੌਰ (ਬਿੜਦੀ) ਆਦਿਕ ਵਿਖੇ ਖੁੱਲ੍ਹੀ ਅਤੇ ਸਾਫ ਜਗ੍ਹਾ 'ਤੇ ਬਣੀਆਂ ਹੋਈਆਂ ਹਨ। ਸ੍ਰੀ ਸਤਿਗੁਰੂ ਜੀ ਦੀ ਪ੍ਰੇਰਨਾ ਸਦਕਾ ਨਾਮਧਾਰੀ ਸਿੱਖਾਂ ਦੀਆਂ ਆਪੋ ਆਪਣੀਆਂ ਨਿੱਜੀ ਗਊਸ਼ਾਲਾਵਾਂ ਵੀ ਹਨ ਜਿੱਥੇ ਗਊਆਂ ਦੀ ਸੇਵਾ ਕੀਤੀ ਜਾਂਦੀ ਹੈ। ਡੇਰਾ ਹਿੰਮਤਪੁਰਾ ਜ਼ਿਲ੍ਹਾ ਮੋਗਾ, ਡੇਰਾ ਝੱਲਾਂ ਜ਼ਿਲ੍ਹਾ ਸੰਗਰੂਰ , ਡੇਰਾ ਟਿੱਬਾ ਜ਼ਿਲ੍ਹਾ ਸਰਸਾ ( ਹਰਿਆਣਾ) ਆਦਿ ਵਿਖੇ ਵੀ ਗਊਸ਼ਾਲਾਵਾਂ ਬਣੀਆਂ ਹੋਈਆਂ ਹਨ।

ਚੰਗੇਰੀ ਨਸਲ ਦੀਆਂ ਗਊਆਂ ਪਾਲ ਕੇ ਸ੍ਰੀ ਸਤਿਗੁਰੂ ਜੀ ਨੇ ਇਕ ਰਿਕਾਰਡ ਕਾਇਮ ਕਰ ਦਿੱਤਾ ਹੈ। ਗਊਆਂ ਦੀ ਸਾਂਭ ਸੰਭਾਲ ਲਈ ਕਈ ਕਈ ਸੇਵਾਦਾਰ ਨਿਯੁਕਤ ਕੀਤੇ ਹਨ। ਗਰਮੀ, ਸਰਦੀ ਵਿਚ ਗਊਆਂ ਦੀ ਸੰਭਾਲ ਲਈ ਉਚੇਚੇ ਪ੍ਰਬੰਧ ਕੀਤੇ ਹੋਏ ਹਨ। ਦੁਧਾਰੂ ਗਊਆਂ ਦੇ ਦੁੱਧ ਦੀ ਅਤੇ ਦੁੱਧ ਵਿਚਲੀ ਥੰਦਿਆਈ ਦੀ ਮਾਤਰਾ ਦਾ ਹਰ ਰੋਜ ਰਿਕਾਰਡ ਰੱਖਿਆ ਜਾਂਦਾ ਹੈ।

ਸਾਰੀਆਂ ਗਊਆਂ ਦੇ ਵੱਖੋ ਵੱਖ ਨਾਂ ਰੱਖੇ ਹੋਏ ਹਨ। ਸਾਰੇ ਵੱਛੇ-ਵੱਛੀਆਂ ਇਕੱਠੇ ਇਕ ਥਾਂ ਵੱਖਰੇ ਵਾੜੇ ਵਿਚ ਹੁੰਦੇ ਹਨ। ਜਦੋਂ ਗਾਵਾਂ ਦੇ ਦੁੱਧ ਚੋਣ ਦਾ ਵਕਤ ਹੁੰਦਾ ਹੈ, ਜਿਸ ਗਾਂ ਦਾ ਨਾਂ ਲੈ ਕੇ ਅਵਾਜ਼ ਮਾਰੀ ਜਾਂਦੀ ਹੈ, ਉਸ ਗਾਂ ਦਾ ਵੱਛਾ ਜਾਂ ਵੱਛੀ ਆਪਣੇ ਆਪ ਵਾੜੇ ਵਿਚੋਂ ਨਿਕਲ ਕੇ ਸਿੱਧਾ ਆਪਣੀ ਮਾਂ ਕੋਲ ਦੁੱਧ ਪੀਣ ਚਲੇ ਜਾਂਦਾ ਹੈ। ਹਰ ਬੱਚੇ ਨੂੰ ਆਪਣੀ ਮਾਂ ਦਾ ਪਤਾ ਹੁੰਦਾ ਹੈ। ਸੇਵਾਦਾਰ ਵਲੋਂ ਉੱਚੀ ਅਵਾਜ ਵਿਚ 'ਨੂਰੀ ਦਾ ਓਏ' ਕਹਿਣ 'ਤੇ ਨੂਰੀ ਦਾ ਵੱਛਾ ਜਾਂ ਵੱਛੀ ਆਪਣੇ ਵਾੜੇ ਵਿਚੋਂ ਨਿਕਲ ਕੇ ਆਪਦੀ ਮਾਂ ਨੂਰੀ ਕੋਲ ਦੁੱਧ ਪੀਣ ਲਈ ਭੱਜਾ ਆਉਂਦਾ ਹੈ ।

ਰੋਜ਼ਾਨਾ ਅਖਬਾਰ 'ਜਗ ਬਾਣੀ' ਵਿਚ ਮਿਤੀ 29 ਜਨਵਰੀ 2009 ਨੂੰ "ਗਊ ਨੂੰ ਪਿਆਰਾ ਜਿਹਾ ਨਾਂ ਦਿਓ,ਤਾਂ ਦੇਵੇਗੀ ਜ਼ਿਆਦਾ ਦੁੱਧ" ਦੇ ਸਿਰਲੇਖ ਹੇਠ ਛਪੀ ਖਬਰ ਇਸ ਤਰ੍ਹਾਂ ਹੈ-

'ਇਹ ਗੱਲ ਸੁਣਨ ਵਿਚ ਕਾਫੀ ਅਜੀਬ ਲੱਗ ਸਕਦੀ ਹੈ ਪਰ ਇਕ ਨਵੇਂ ਅਧਿਐਨ ਨਾਲ ਇਹ ਗੱਲ ਸਾਹਮਣੇ ਆਈ ਹੈ ਕਿ ਗਊਆਂ ਨੂੰ ਵੀ ਜੇਕਰ ਕੋਈ ਨਾਂ ਦਿੱਤਾ ਜਾਵੇ, ਉਨ੍ਹਾਂ ਨੂੰ ਉਸ ਨਾਂ ਨਾਲ ਪਿਆਰ ਨਾਲ ਪੁਕਾਰਿਆ ਜਾਵੇ ਤਾਂ ਉਹ ਹੋਰ ਗਊਆਂ ਦੇ ਮੁਕਾਬਲੇ ਜ਼ਿਆਦਾ ਦੁੱਧ ਦੇ ਸਕਦੀਆਂ ਹਨ। '

ਸ੍ਰੀ ਸਤਿਗੁਰੂ ਜੀ ਨੇ ਗਊਆਂ ਦੀ ਨਸਲ ਸੁਧਾਰਣ ਵੱਲ ਵਿਸ਼ੇਸ਼ ਯੋਗਦਾਨ ਦਿਤਾ ਹੈ। ਹਰਿਆਣਾ, ਸਾਹੀਵਾਲ, ਥਾਰਪਾਰਕਰ ਅਤੇ ਦੇਸੀ ਨਸਲ ਦੀਆਂ ਗਊਆਂ, ਸ੍ਰੀ ਸਤਿਗੁਰੂ ਜੀ ਨੇ ਆਪਣੀਆਂ ਗਊਸ਼ਾਲਾਵਾਂ ਵਿਚ ਰੱਖੀਆਂ ਹੋਈਆਂ ਹਨ।

## ਸ੍ਰੀ ਗੁਰੂ ਹਰੀ ਸਿੰਘ ਗਊਸ਼ਾਲਾ, ਸ੍ਰੀ ਭੈਣੀ ਸਾਹਿਬ

ਇਹ ਗਊਸ਼ਾਲਾ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਵੇਲੇ ਦੀ ਬਣੀ ਹੋਈ ਹੈ। ਇਸ ਦਾ ਨਾਂ ਸ੍ਰੀ ਗੁਰੂ ਹਰੀ ਸਿੰਘ ਪਸ਼ੂ-ਪਾਲਣ ਫਾਰਮ ਅਥਵਾ ਗਊਸ਼ਾਲਾ ਹੈ।

ਵਰਤਮਾਨ ਸਮੇਂ ਵਿਚ ਇਸ ਗਊਸ਼ਾਲਾ ਵਿਚ ਵੱਡੀ ਗਿਣਤੀ ਵਿੱਚ ਗਊਆਂ ਅਤੇ ਪਸ਼ੂਧਨ ਹੈ। ਇਥੇ ਸਾਹੀਵਾਲ, ਹਰਿਆਣਾ ਅਤੇ ਥਾਰਪਾਰਕਰ ਨਸਲ ਦੀਆਂ ਗਊਆਂ ਅਤੇ ਵੱਛੇ -ਵੱਛੀਆਂ, ਸਾਨ੍ਹ ਆਦਿ ਹਨ। ਅਲੱਗ ਅਲੱਗ ਨਸਲ ਦੀਆਂ ਗਊਆਂ ਨੂੰ ਅੱਡੋ-ਅੱਡ ਰੱਖਿਆ ਜਾਂਦਾ ਹੈ। ਉਨ੍ਹਾਂ ਦੇ ਵੱਛੇ -ਵੱਛੀਆਂ ਨੂੰ ਵੀ ਅੱਡੋ-ਅੱਡ ਵਾੜਿਆਂ ਵਿਚ ਰੱਖਿਆ ਜਾਂਦਾ ਹੈ।

ਦੁੱਧੋਂ ਹਟੀਆਂ, ਵਡੇਰੀ ਉਮਰ ਦੀਆਂ ਅਤੇ ਕਸ਼ਟ-ਗ੍ਰਸਤ ਬੀਮਾਰ ਗਊਆਂ ਵਾਸਤੇ ਇਕ ਵੱਖਰਾ ਸ਼ੈੱਡ ਬਣਾਇਆ ਗਿਆ ਹੈ। ਇਨ੍ਹਾਂ ਦੀ ਵੀ ਚੰਗੀ ਤਰ੍ਹਾਂ ਦੇਖ-ਭਾਲ ਅਤੇ ਸੇਵਾ ਕੀਤੀ ਜਾਂਦੀ ਹੈ। ਉਦਾਹਰਣ ਦੇ ਤੌਰ 'ਤੇ ਹਰਿਆਣਾ ਨਸਲ ਦੀ ਇਕ ਗਾਂ ਦੀ ਲੱਤ ਵੱਢੀ ਗਈ ਸੀ, ਲੱਤ ਗਲ ਗਈ ਸੀ, ਕੈਂਸਰ ਹੋ ਗਿਆ ਸੀ। ਸੇਵਾ ਕਰਨ ਨਾਲ ਇਹ ਠੀਕ ਹੋ ਗਈ, ਇਸ ਦੀ ਇਕ ਵੱਛੀ ਗਊਸ਼ਾਲਾ ਵਿਚ ਹੈ।

ਪੰਜਾਬ ਸਰਕਾਰ ਵਲੋਂ ਮੰਗੇ ਜਾਣ 'ਤੇ ਸ੍ਰੀ ਭੈਣੀ ਸਾਹਿਬ ਦੀ ਗਊਸ਼ਾਲਾ ਵਿਚੋਂ , ਸਰਕਾਰ ਨੂੰ ਕੁਝ ਵੱਛੇ ਨਸਲ-ਸੁਧਾਰ ਲਈ ਦਿਤੇ ਗਏ। ਨਾਭੇ, ਖੰਨਾ, ਲੁਧਿਆਣਾ,ਫਗਵਾੜਾ ਅਤੇ ਹੁਸ਼ਿਆਰਪੁਰ ਆਦਿ ਦੀਆਂ ਗਊਸ਼ਾਲਾਵਾਂ ਵਿਚ ਵੀ, ਸ੍ਰੀ ਭੈਣੀ ਸਾਹਿਬ ਤੋਂ ਨਸਲ ਸੁਧਾਰ ਲਈ ਵੱਛੇ ਭੇਜੇ ਗਏ। ਕਈ ਲੋਕ ਨਿੱਜੀ ਤੌਰ 'ਤੇ ਵੀ ਗਊਸ਼ਾਲਾ ਵਿਚੋਂ ਵੱਛੇ ਮੁੱਲ ਲੈ ਜਾਂਦੇ ਹਨ।

ਸ੍ਰੀ ਸਤਿਗੁਰੂ ਜੀ ਵਲੋਂ ਵੀ ਸਮੇਂ ਸਮੇਂ ਨਸਲ ਸੁਧਾਰ ਲਈ ਵਧੀਆ ਵੱਛੇ ਲੱਭ ਕੇ ਖ੍ਰੀਦ ਲਏ ਜਾਂਦੇ ਹਨ ਜਿਵੇਂ ਕਿ ਪਿੱਛੇ ਜਿਹੇ ਕੁਝ ਵੱਛੇ ਮੁੱਲ ਲਏ ਗਏ ਹਨ।

ਸਮਰਾਲਾ ਦੇ ਡਾ. ਅਸ਼ੋਕ ਸ਼ਰਮਾ (ਪ੍ਰਧਾਨ ਵੈਟਰਨਰੀ ਡਾਕਟਰ ਐਸੋਸੀਏਸ਼ਨ, ਪੰਜਾਬ) ਦੀ ਅਗਵਾਈ ਹੇਠ, ਪਸ਼ੂ ਧਨ ਦੇ ਜ਼ੋਨ ਪੱਧਰੀ ਮੁਕਾਬਲੇ ਸ੍ਰੀ ਭੈਣੀ ਸਾਹਿਬ ਵਿਖੇ ਕਰਵਾਏ ਜਾਣ ਦੀ ਸਕੀਮ ਹੈ। ਖਰਚੇ ਦਾ ਸਾਰਾ ਪ੍ਰਬੰਧ ਸਰਕਾਰ ਵਲੋਂ ਕੀਤਾ ਜਾਣਾ ਹੈ, ਸਿਰਫ ਪ੍ਰਤੀਯੋਗਿਤਾ ਕਰਵਾਉਣ ਵਾਲੇ ਨੂੰ 15 ਕਿੱਲੇ ਜ਼ਮੀਨ ਦੇਣੀ ਪੈਂਦੀ ਹੈ। 4-5 ਸ਼ੈੱਡ ਬਨਾਉਣ ਦਾ ਪ੍ਰਬੰਧ ਸਰਕਾਰ ਨੇ ਕਰਨਾ ਹੈ। Breeding Farm ਅਤੇ ਦੇਸੀ ਗਊਆਂ ਦੇ Products ਦੀ Plantation ਲਗਾਈ ਜਾਵੇਗੀ।

ਡਾ.ਐਚ. ਐਸ. ਸੰਧਾ ਡਾਇਰੈਕਟਰ ਪਸ਼ੂ ਪਾਲਣ ਵਿਭਾਗ ਚੰਡੀਗੜ੍ਹ ਵਲੋਂ

ਮਨਜ਼ੂਰੀ ਮਿਲ ਗਈ ਹੈ, ਫੰਡ ਮੁਹੱਈਆਂ ਕਰਵਾਏ ਜਾਣੇ ਹਨ। ਕੇਂਦਰੀ ਸਰਕਾਰ ਵਲੋਂ ਗ੍ਰਾਂਟ ਮਿਲਣੀ ਹੈ। ਸਰਕਾਰ ਵਲੋਂ ਸਾਹੀਵਾਲ ਨਸਲ ਦੀਆਂ ਗਾਵਾਂ ਨੂੰ ਵਧਾਏ ਜਾਣ ਦੀ ਸਕੀਮ ਹੈ।

ਡਾ. ਐਸ. ਐਚ. ਸੰਧਾ ਜਦੋਂ Joint Director ਸਨ, ਉਦੋਂ ਉਹ ਉਨ੍ਹਾਂ 15 ਵੱਛਿਆਂ, ਜੋ ਪੰਜਾਬ ਸਰਕਾਰ ਨੇ ਸ੍ਰੀ ਭੈਣੀ ਸਾਹਿਬ ਤੋਂ ਖ਼੍ਰੀਦੇ ਸਨ, ਦਾ ਚੈੱਕ ਦੇਣ ਆਏ ਸਨ। ਜਦੋਂ ਉਨ੍ਹਾਂ ਨੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕੀਤੇ ਤਾਂ ਹਜ਼ੂਰੀ ਸੇਵਕ ਰਛਪਾਲ ਸਿੰਘ ਨੇ ਅਰਜ਼ ਕੀਤੀ,

'ਸੱਚੇ ਪਾਤਸ਼ਾਹ ਜੀ ਪਸ਼ੂ ਪਾਲਣ ਵਿਭਾਗ ਪੰਜਾਬ ਦੇ Joint Director ਚੰਡੀਗੜ੍ਹ ਤੋਂ ਦਰਸ਼ਨ ਕਰਨ ਆਏ ਹਨ। '

ਸ੍ਰੀ ਸਤਿਗੁਰੂ ਜੀ ਨੇ ਫਰਮਾਇਆ, 'ਡਾਇਰੈਕਟਰ।'

ਸੇਵਕ ਰਛਪਾਲ ਜੀ ਨੇ ਮੁੜ ਅਰਜ ਕੀਤੀ, 'ਨਹੀਂ ਸੱਚੇ ਪਾਤਸ਼ਾਹ ਜੀ , ਇਹ ਜੋਆਇੰਟ ਡਾਇਰੈਕਟਰ ਹਨ।'

ਹਜ਼ੂਰ ਨੇ ਫਿਰ ਬਚਨ ਕੀਤਾ, 'ਡਾਇਰੈਕਟਰ।'

ਉਸ ਤੋਂ ਪੰਜ ਦਿਨਾਂ ਬਾਅਦ ਡਾ. ਐਚ. ਐਸ. ਸੰਧਾ ਡਾਇਰੈਕਟਰ ਬਣ ਗਏ।

ਐਸ ਵੇਲੇ ਸੂਬਾ ਜਗੀਰ ਸਿੰਘ ਛਾਪਿਆਂ ਵਾਲੀ ( ਮੁਕਤਸਰ) ਸ੍ਰੀ ਭੈਣੀ ਸਾਹਿਬ ਦੀ ਗਊਸ਼ਾਲਾ ਦੀ ਬੜੇ ਧਿਆਨ ਨਾਲ ਦੇਖ ਭਾਲ ਕਰ ਰਹੇ ਹਨ। ਸ੍ਰੀ ਸਤਿਗੁਰੂ ਜੀ ਦੇ ਹੁਕਮ ਅਤੇ ਪ੍ਰਵਾਨਗੀ ਅਨੁਸਾਰ ਸਮੇਂ ਸਮੇਂ 'ਤੇ ਗਊਆਂ ਅਤੇ ਹੋਰ ਪਸ਼ੂ ਧਨ ਨੂੰ ਪੰਜਾਬ ਰਾਜ ਵਿਚ ਹੁੰਦੀਆਂ ਪ੍ਰਤੀਯੋਗਤਾਵਾਂ ਵਿਚ ਭੇਜਿਆ ਜਾ ਰਿਹਾ ਹੈ, ਜਿਸ ਦੇ ਬਹੁਤ ਵਧੀਆ ਨਤੀਜੇ ਸਾਹਮਣੇ ਆਏ ਹਨ।

ਸ੍ਰੀ ਭੈਣੀ ਸਾਹਿਬ, ਸ੍ਰੀ ਜੀਵਨ ਨਗਰ ਅਤੇ ਮਸਤਾਨਗੜ੍ਹ ਦੀਆਂ ਗਊਸ਼ਾਲਾਵਾਂ ਦੇ ਪ੍ਰਬੰਧਕ ਵਰਗ ਅਤੇ ਵਿਸ਼ੇਸ਼ ਸੇਵਾਦਾਰਾਂ ਬਾਰੇ ਅਗਲੇ ਅਧਿਆਏ ਵਿਚ ਲਿਖਿਆ ਗਿਆ ਹੈ।

## 'ਸ੍ਰੀ ਗੁਰੂ ਹਰੀ ਸਿੰਘ ਪਸ਼ੂ-ਪਾਲਣ ਅਤੇ ਖੇਤੀ ਫਾਰਮ'(ਗਊਸ਼ਾਲਾ) ਸ੍ਰੀ ਜੀਵਨ ਨਗਰ, ਜ਼ਿਲ੍ਹਾ ਸਰਸਾ, ਹਰਿਆਣਾ

ਸ੍ਰੀ ਜੀਵਨ ਨਗਰ ਦੀ ਇਹ ਗਊਸ਼ਾਲਾ, ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸੰਨ 1947 ਵਿਚ, ਦੇਸ਼ ਦੀ ਵੰਡ ਮਗਰੋਂ ਕਾਇਮ ਕੀਤੀ। ਇਸ ਦਾ ਨਾਂ ' ਸ੍ਰੀ ਗੁਰੂ ਹਰੀ ਸਿੰਘ ਪਸ਼ੂ ਪਾਲਣ ਅਤੇ ਖੇਤੀ ਫਾਰਮ ' ਰੱਖਿਆ ਗਿਆ।

ਇਥੇ ਸਮੇਂ ਸਮੇਂ 'ਤੇ ਵੱਡੀ ਗਿਣਤੀ ਵਿਚ ਵਧੀਆ ਨਸਲ ਦੀਆਂ ਗਊਆਂ ਵੱਛੇ, ਵੱਛੀਆਂ ਅਤੇ ਸਾਨ੍ਹ ਵਗੈਰਾ ਰਖੇ ਜਾਂਦੇ ਰਹੇ ਹਨ ਅਤੇ ਇਸ ਵੇਲੇ ਵੀ ਹਨ।

ਇਥੇ ਘੋੜਿਆ ਦਾ ਫਾਰਮ ਵੀ ਸੀ, ਜਿਸ ਵਿਚ ਕ੍ਰੀਬ 35-40 ਘੋੜੇ ਰਖੇ ਹੋਏ ਸਨ। ਸਮੇਂ ਸਮੇਂ 'ਤੇ ਇਥੇ ਘੋੜੇ ਰੱਖੇ ਜਾਂਦੇ ਰਹੇ।

## ਨਾਮਧਾਰੀ ਗਊਸ਼ਾਲਾ ਮਸਤਾਨਗੜ੍ਹ, ਜ਼ਿਲ੍ਹਾ ਸਰਸਾ ਹਰਿਆਣਾ

ਕ੍ਰੀਬ 1964-65 'ਚ ਜਦੋਂ ਮਸਤਾਨਗੜ੍ਹ ਦਾ ਡੇਰਾ ਅਬਾਦ ਕੀਤਾ ਗਿਆ ਉਦੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਥੇ ਗਊਸ਼ਾਲਾ ਬਣਵਾਈ। ਐਸ ਵੇਲੇ ਇਸ ਗਊਸ਼ਾਲਾ ਵਿਖੇ ਵੱਡੀ ਗਿਣਤੀ ਵਿੱਚ ਗਊਆਂ ਅਤੇ ਗਊ-ਧਨ ਹੈ। ਇਥੇ ਹਰਿਆਣਾ ਨਸਲ ਦੀਆਂ ਬਹੁਤ ਵਧੀਆ ਗਊਆਂ ਹਨ।

ਮਸਤਾਨਗੜ੍ਹ ਅਤੇ ਟਿੱਬੇ ਦੇ ਇਲਾਕੇ ਵਿਚ ਇੰਚਾਰਜ ਐਸ ਵੇਲੇ ਸ. ਗੁਰਚਰਨ ਸਿੰਘ ਪੱਪੂ (ਸਪੁੱਤਰ ਸੰਤ ਮੱਘਰ ਸਿੰਘ ਸੈਦੋ ਵਾਲੇ) ਹਨ। ਇਨ੍ਹਾਂ ਬਾਰੇ ਪ੍ਰਬੰਧਕ ਅਤੇ ਸੇਵਕ ਅਧਿਆਏ ਵਿਚ ਲਿਖਿਆਂ ਹੋਇਆ ਹੈ।

## ਨਾਮਧਾਰੀ ਫਾਰਮ ਬਿੜਦੀ ਬੰਗਲੌਰ

ਬੰਗਲੌਰ ਦੇ ਨਾਮਧਾਰੀ ਫਾਰਮ ਵਿਚ ਠਾਕੁਰ ਉਦੈ ਸਿੰਘ ਜੀ ਨੇ ਗਊਆਂ ਰੱਖੀਆਂ ਹੋਈਆਂ ਹਨ।

ਇਥੇ ਜਿਆਦਾਤਰ ਸਾਹੀਵਾਲ ਨਸਲ ਦੀਆਂ ਗਾਵਾਂ ਹਨ।

ਇਸ ਗਊਸ਼ਾਲਾ ਦੇ ਮੁਖ ਪ੍ਰਬੰਧਕ ਸਮੇਂ ਸਮੇਂ 'ਤੇ ਸਰਵ ਸ੍ਰੀ ਅਵਤਾਰ ਸਿੰਘ, ਸਵਿੰਦਰ ਸਿੰਘ ਅਤੇ ਗੁਰਦਿਆਲ ਸਿੰਘ ਰਹੇ। ਅੱਜ ਕਲ੍ਹ ਮੁਖ ਪ੍ਰਬੰਧਕ ਸੰਤ ਗੁਰਦੇਵ ਸਿੰਘ ਹਨ।

## ਡੇਰਾ ਪਿੰਡ ਹਿੰਮਤਪੁਰਾ ਜ਼ਿਲ੍ਹਾ ਮੋਗਾ ਦੀ ਗਊਸ਼ਾਲਾ

ਇਹ ਗਊਸ਼ਾਲਾ ਐਸ ਵੇਲੇ ਡੇਰੇ ਦੇ ਪ੍ਰਮੁੱਖ ਸੰਤ ਜ਼ੋਰਾ ਸਿੰਘ ਦੀ ਨਿਗਰਾਨੀ ਅਤੇ ਪ੍ਰਬੰਧ ਹੇਠ ਚਲ ਰਹੀ ਹੈ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਪਿੰਡ ਹਿੰਮਤਪੁਰੇ ਦਾ ਡੇਰਾ ਸੰਤ ਕਰਮ ਸਿੰਘ ਚਲਾ ਰਹੇ ਸਨ। ਸ੍ਰੀ ਸਤਿਗੁਰੂ ਜੀ ਦੀ ਸੰਤਾਂ 'ਤੇ ਬਹੁਤ ਬਖ਼ਸ਼ਿਸ਼ ਸੀ। ਜਿੰਨਾਂ ਦੇ ਘਰ ਪੁੱਤਰ ਨਹੀਂ ਸੀ ਹੁੰਦਾ, ਉਹ ਇਸ ਡੇਰੇ ਵਿਚ ਆ ਕੇ ਸੰਤਾਂ ਨੂੰ ਅਰਜ਼ ਕਰਦੇ ਸਨ ਅਤੇ ਸੰਤਾਂ ਦੇ ਬਚਨਾਂ ਨਾਲ ਪੁੱਤਰ ਦੀ ਦਾਤ ਪ੍ਰਾਪਤ ਹੁੰਦੀ ਸੀ । ਸੰਤ ਕਰਮ ਸਿੰਘ ਤੋਂ ਬਾਅਦ ਇਥੇ ਸੰਤ ਹਰਨਾਮ ਸਿੰਘ ਲੋਹਗੜ੍ਹ ਅਤੇ ਉਨ੍ਹਾਂ ਦੋਂ ਬਾਅਦ ਸੰਤ ਗੁਰਮੁਖ ਸਿੰਘ

ਫਰਵਾਹੀ, ਇਸ ਡੇਰੇ ਦੇ ਪ੍ਰੱਮੁਖ ਬਣੇ। ਸੰਤ ਗੁਰਮੁਖ ਸਿੰਘ ਸੰਨ 1991 ਨੂੰ 26 ਅੱਸੂ ਵਾਲੇ ਦਿਨ ਚੜ੍ਹਾਈ ਕੀਤੇ। ਉਦੋਂ ਤੋਂ ਇਹ ਡੇਰਾ ਸੰਤ ਜ਼ੋਰਾ ਸਿੰਘ ਚਲਾ ਰਹੇ ਹਨ। ਉਸ ਵੇਲੇ ਪਿੰਡ ਦੀ ਪੰਚਾਇਤ ਗਊਸ਼ਾਲਾ ਚਲਾ ਰਹੀ ਸੀ।

ਪੰਚਾਇਤ ਤੋਂ ਕਿਸੇ ਕਾਰਣ ਇਹ ਗਊਸ਼ਾਲਾ ਚਲ ਨਹੀਂ ਸੀ ਰਹੀ। ਉਨ੍ਹਾਂ ਨੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਅਰਜ਼ ਕੀਤੀ ਕਿ ਸੰਤ ਜ਼ੋਰਾ ਸਿੰਘ ਗਊਸ਼ਾਲਾ ਸੰਭਾਲ ਲੈਣ। ਸ੍ਰੀ ਸਤਿਗੁਰੂ ਜੀ ਦੀ ਪ੍ਰਵਾਨਗੀ ਨਾਲ ਉਦੋਂ ਤੋਂ ਗਊਸ਼ਾਲਾ ਸੰਤ ਜ਼ੋਰਾ ਸਿੰਘ ਚਲਾ ਰਹੇ ਹਨ। ਐਸ ਵੇਲੇ ਵੱਡੀ ਗਿਣਤੀ ਵਿੱਚ ਗਊਆਂ ਅਤੇ ਗਊ-ਧਨ ਇਸ ਗਊਸ਼ਾਲਾ ਵਿਚ ਹੈ।

ਕ੍ਰੀਬ 15 ਕੁ ਦੁੱਧ ਦੇਣ ਵਾਲੀਆ ਗਊਆਂ ਨੂੰ ਛੱਡ ਕੇ ਇਸ ਗਊਸ਼ਾਲਾ ਵਿਚ ਬਾਕੀ ਸਾਰੀਆਂ ਨੇੜੇ ਤੇੜੇ ਦੇ ਪਿੰਡਾਂ ਦੀਆਂ ਦੁੱਧੋ ਹਟੀਆਂ, ਬੇਸਹਾਰਾ ਅਤੇ ਬਿਰਧ ਗਊਆਂ ਅਤੇ ਰਾਮ ਗਊਆਂ ਸ਼ਾਮਲ ਹਨ। ਲੋਕ ਵੀ ਦਾਨ ਵਜੋਂ ਇਸ ਗਊਸ਼ਾਲਾ ਲਈ ਤੂੜੀ ਅਤੇ ਚਾਰਾ ਵਗੈਰਾ ਦੇ ਜਾਂਦੇ ਹਨ।

## ਡੇਰਾ ਪਿੰਡ ਝੱਲ, ਜ਼ਿਲ੍ਹਾ ਸੰਗਰੂਰ ਦੀ ਗਊਸ਼ਾਲਾ

ਇਹ ਗਊਸ਼ਾਲਾ ਪਿੰਡ ਝੱਲ, ਜ਼ਿਲ੍ਹਾ ਸੰਗਰੂਰ ਦੇ ਨਾਮਧਾਰੀ ਡੇਰੇ ਵਿਚ ਸਥਿਤ ਹੈ। ਇਸ ਡੇਰੇ ਨੂੰ ਉੱਘੇ ਨਾਮਧਾਰੀ ਸੰਤ ਜਗਤ ਸਿੰਘ ਖੰਡੂਵਾਲੀ ਚਲਾ ਰਹੇ ਸਨ। ਉਨ੍ਹਾਂ ਤੋਂ ਬਾਅਦ ਇਸ ਨੂੰ ਨਾਮਧਾਰੀ ਪੰਥ ਦੇ ਪ੍ਰਸਿੱਧ ਵਿਦਵਾਨ ਅਤੇ ਕਥਾਵਾਚਕ ਪੰ. ਹਰਭਜਨ ਸਿੰਘ ਖੰਡੂਵਾਲੀ ਚਲਾ ਰਹੇ ਹਨ।

ਇਨ੍ਹਾਂ ਨੇ ਇਸ ਡੇਰੇ ਦੀ ਜ਼ਮੀਨ ਵਿਚ ਸ੍ਰੀ ਸਤਿਗੁਰੂ ਜੀ ਦੀ ਆਗਿਆ ਅਤੇ ਪ੍ਰਵਾਨਗੀ ਅਨੁਸਾਰ ਗਊਸ਼ਾਲਾ ਸ਼ੁਰੂ ਕੀਤੀ ਹੈ। ਇਸ ਦਾ ਉਦਘਾਟਨ 21 ਫਰਵਰੀ ਸੰਨ 2009 ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਕੀਤਾ।

ਕੁਝ ਹਿੰਦੂ ਸਿੱਖ ਜੱਥੇਬੰਦੀਆਂ ਵਲੋਂ ਮਿਲ ਕੇ ਗਊਸ਼ਾਲਾ ਦਾ ਨੀਂਹ ਪੱਥਰ ਕੁਝ ਸਾਲ ਪਹਿਲੋਂ ਅਮਰਗੜ੍ਹ ਵਿਖੇ ਰੱਖਿਆ ਗਿਆ ਸੀ ਪਰ ਕਿਸੇ ਵਜ੍ਹਾ ਨਾਲ ਗਊਸ਼ਾਲਾ ਬਣ ਨਹੀਂ ਸੀ ਸਕੀ। ਪੰ. ਹਰਭਜਨ ਸਿੰਘ ਖੰਡੂਵਾਲੀ ਨੇ ਉਹੀ ਨੀਂਹ ਪੱਥਰ ਅਮਰਗੜ੍ਹ ਤੋਂ ਕ੍ਰੀਬ ਡੇਢ ਕਿਲੋਮੀਟਰ ਦੀ ਦੂਰੀ ਤੇ ਪਿੰਡ ਝੱਲ ਦੇ ਇਸ ਨਾਮਧਾਰੀ ਡੇਰੇ ਦੀ ਜ਼ਮੀਨ ਵਿਚ ( ਸ੍ਰੀ ਸਤਿਗੁਰੂ ਜੀ ਨੂੰ ਅਰਜ਼ ਕਰ ) ਲਿਆ ਕੇ ਲਾ ਦਿੱਤਾ ਅਤੇ ਗਊਸ਼ਾਲਾ ਬਣਾ ਲਈ। ਇਸ ਗਊਸ਼ਾਲਾ ਵਿਚ ਜ਼ਿਆਦਾਤਰ ਦੁੱਧੋ ਹਟੀਆਂ, ਬੇਸਹਾਰਾ,ਬਿਰਧ ਅਤੇ ਬੀਮਾਰ ਗਊਆਂ ਅਤੇ ਪਸ਼ੂ ਧਨ ਸ਼ਾਮਲ ਹੈ। ਅਜੇ ਤਾਂ ਸ਼ੁਰੂਆਤ ਹੈ, ਅਗੋਂ ਇਸ ਨੂੰ ਵਿਆਪਕ ਪੱਧਰ ਤੇ ਵਧਾਏ ਜਾਣ ਦੀ ਸਕੀਮ ਹੈ। ਅਜੇ ਇਮਾਰਤ ਬਣ ਰਹੀ ਹੈ।

ਪੰ. ਜੀ ਅਤੇ ਉਨ੍ਹਾਂ ਦੇ ਦੋਵੇਂ ਸਪੁੱਤਰ ਵੱਡੇ ਸੰਤ ਹਰਵਿੰਦਰ ਸਿੰਘ ਅਤੇ ਛੋਟੇ ਸੰਤ ਯਾਦਵਿੰਦਰ ਸਿੰਘ, ਇਸ ਗਊਸ਼ਾਲਾ ਵਿਚ ਪ੍ਰਬੰਧਕ ਵਜੋਂ ਸੇਵਾ ਕਰਦੇ ਹਨ। ਇਹ

ਆਲੇ ਦੁਆਲੇ ਦੇ ਪਿੰਡਾਂ ਵਿਚੋਂ ਜ਼ਖਮੀ ਅਤੇ ਬੀਮਾਰ ਪਸ਼ੂਆਂ ਨੂੰ ਆਪਣੀ ਗਊਸ਼ਾਲਾ 'ਚ ਲਿਆ ਕੇ ਸੇਵਾ ਕਰਦੇ ਹਨ।

ਅਜਿਹੇ ਪਸ਼ੂਆਂ ਨੂੰ ਲੋਕ ਵੀ ਇਸ ਗਊਸ਼ਾਲਾ ਚ ਛੱਡ ਜਾਂਦੇ ਹਨ। ਕਿਸੇ ਗਊ ਦੀ ਲੱਤ ਟੁੱਟੀ ਹੈ, ਕਿਸੇ ਦੇ ਪੈਰ ਖਰਾਬ ਹਨ। ਇਕ ਵੱਛੇ ਦੀਆਂ ਚਾਰੋਂ ਲੱਤਾਂ ਖਰਾਬ ਹਨ। ਇੱਥੇ ਤਨ-ਦੇਹੀ ਨਾਲ ਸਭ ਪਸ਼ੂਆਂ ਦੀ ਸੇਵਾ ਕੀਤੀ ਜਾਂਦੀ ਹੈ।

ਸੰਤ ਯਾਦਵਿੰਦਰ ਸਿੰਘ ਨੇ ਵਾਰਾਣਸੀ ਤੋਂ ਸ਼ਾਸ਼ਤਰੀਚਾਰੀਆ ਕੀਤਾ ਹੈ ਅਤੇ ਅੱਜ ਕੱਲ' ਗ੍ਰੰਥ ਸਾਹਿਬ ਵਿਚ ਅਦਵੈਤ ਤੱਤ ਦੀ ਨਿਰਮਾਣਤਾ ' ਵਿਸ਼ੇ 'ਤੇ ਪੀ.ਐਚ. ਡੀ. ਕਰ ਰਹੇ ਹਨ।

## ਨਾਮਧਾਰੀ ਗਊਸ਼ਾਲਾ ਟਿੱਬਾ ਫਾਰਮ (ਰਜਿ.)
## ਸੰਤਨਗਰ ਜਿਲ੍ਹਾ ਸਰਸਾ, ਹਰਿਆਣਾ

ਸ੍ਰੀ ਸਤਿਗੁਰੂ ਜੀ ਨੂੰ ਅਰਜ਼ ਕਰ ਕੇ ਅਤੇ ਪ੍ਰਵਾਨਗੀ ਲੈ ਕੇ ਸੰਨ 2003 ਵਿਚ ਇਹ ਗਊਸ਼ਾਲਾ ਟਿੱਬੇ ਦੀ ਡੇਰੇ ਵਾਲੀ ਜ਼ਮੀਨ ਵਿਚ, ਸੰਤ ਪੂਰਨ ਸਿੰਘ ਮੁਕਤਾ ਸੰਤਨਗਰ ਸਪੁੱਤਰ ਸੰਤ ਹਜ਼ਾਰਾ ਸਿੰਘ ਮੁਕਤਾ ਨੇ ਉੱਦਮ ਕਰਕੇ ਬਣਵਾਈ। ਉਦੋਂ ਤੋਂ ਮੁਕਤਾ ਜੀ ਹੀ ਇਥੇ ਮੁੱਖ-ਪ੍ਰਬੰਧਕ ਹਨ। ਇਹ ਅਤੇ ਇਨ੍ਹਾਂ ਦੀ ਸਿੰਘਣੀ ਬੀਬੀ ਬਲਬੀਰ ਕੌਰ ਸਪੁੱਤਰੀ ਸੰਤ ਬੰਤਾ ਸਿੰਘ ਸੰਤਨਗਰ, ਇਥੇ ਗਊਆਂ ਅਤੇ ਵੱਛੇ ਵੱਛੀਆਂ ਦੀ ਸੇਵਾ ਕਰ ਰਹੇ ਹਨ। ਸੇਵਕ ਵੀ ਰੱਖੇ ਹੋਏ ਹਨ।

ਇਸ ਗਊਸ਼ਾਲਾ ਵਿਚ ਵੱਡੀ ਗਿਣਤੀ ਵਿੱਚ ਗਊਆਂ ਅਤੇ ਪਸ਼ੂ-ਧਨ ਹੈ। ਇਥੇ ਬਿਰਧ, ਬੇਸਹਾਰਾ ਅਤੇ ਦੁੱਧੋਂ ਹਟੀਆਂ ਗਊਆਂ ਨੂੰ ਸੰਭਾਲਿਆ ਜਾਂਦਾ ਹੈ। ਜਿੰਨਾਂ ਗਊਆਂ ਦਾ ਦੁੱਧ ਪੀ ਕੇ, ਦੁੱਧੋਂ ਹਟਣ 'ਤੇ, ਲੋਕ ਰੱਸੇ ਖੋਲ੍ਹ ਕੇ ਬਾਹਰ ਭਟਕਣ ਲਈ ਛੱਡ ਦਿੰਦੇ ਹਨ, ਉਨ੍ਹਾਂ ਨੂੰ ਇਸ ਗਊਸ਼ਾਲਾ 'ਚ ਲਿਆ ਕੇ ਸੇਵਾ ਕੀਤੀ ਜਾਂਦੀ ਹੈ। ਕਈ ਲੋਕ ਅਜਿਹੀਆਂ ਗਊਆਂ ਨੂੰ ਆਪ ਇੱਥੇ ਛੱਡ ਜਾਂਦੇ ਹਨ। ਕਈ ਬੀਮਾਰ ਜਾਂ ਜ਼ਖਮੀ ਹੋ ਕੇ ਰੁਲ ਰਹੇ ਵੱਛੇ, ਜਿੰਨਾਂ ਨੂੰ ਕੋਈ ਸਾਂਭਦਾ ਨਹੀਂ ਸੀ, ਉਨ੍ਹਾਂ ਨੂੰ ਵੀ ਇਥੇ ਲਿਆ ਕੇ ਸੰਭਾਲਿਆ ਜਾਂਦਾ ਹੈ।

ਇਸ ਇਲਾਕੇ ਦੇ ਪਿੰਡ ਦੀ ਸਾਧ-ਸੰਗਤ ਅਤੇ ਲੋਕਾਂ ਵਲੋਂ ਇਸ ਗਊਸ਼ਾਲਾ ਨੂੰ ਯਥਾ ਸੰਭਵ ਸਹਿਯੋਗ ਦਿੱਤਾ ਜਾਂਦਾ ਹੈ। ਕੇਂਦਰੀ ਸਰਕਾਰ ਦੇ ਜੀਵ-ਜੰਤੂ ਕਲਿਆਣ ਵਿਭਾਗ ਦਿੱਲੀ ਵਲੋਂ ਵੀ ਗਊਸ਼ਾਲਾ ਦੀ ਮਦਦ ਕੀਤੀ ਜਾਂਦੀ ਹੈ।

ਗਊਸ਼ਾਲਾ ਨੂੰ ਸੁਚਾਰੂ ਰੂਪ ਵਿਚ ਚਲਾਉਣ ਲਈ ਇਕ ਕਮੇਟੀ ਬਣਾਈ ਗਈ ਹੈ। ਇਸ ਵਿਚ ਸੰਤ ਪੂਰਨ ਸਿੰਘ ਮੁਕਤਾ ਤੋਂ ਇਲਾਵਾ ਸੂਬਾ ਬਲਕਾਰ ਸਿੰਘ ਸੰਤਨਗਰ, ਸਰਵ-ਸੰਤ ਹਰਮੀਤ ਸਿੰਘ ਚੇਅਰਮੈਨ, ਸੁਖਦੇਵ ਸਿੰਘ ਪੈਟਰੋਲ ਪੰਪ ਵਾਲੇ, ਨਾਨਕ ਸਿੰਘ ਸਪੁੱਤਰ ਸੰਤ ਬੀਬਾ ਸਿੰਘ ਅਤੇ ਬਲਵਿੰਦਰ ਸਿੰਘ ਆਦਿ ਸ਼ਾਮਲ ਹਨ।

# ਬੱਲ ਗਊਸ਼ਾਲਾ ਸ੍ਰੀ ਜੀਵਨ ਨਗਰ

ਇਹ ਗਊਸ਼ਾਲਾ ਸੰਨ 2006 ਵਿਚ ਸ੍ਰੀ ਸਤਿਗੁਰੂ ਜੀ ਤੋਂ ਪ੍ਰਵਾਨਗੀ ਲੈ ਕੇ ਸੰਤ ਇਕਬਾਲ ਸਿੰਘ ਬੱਲ (ਨਕੌੜਾ) ਸਪੁੱਤਰ ਸੰਤ ਮਹਿੰਦਰ ਸਿੰਘ ਬੱਲ ਦੁਆਰਾ ਸਥਾਪਿਤ ਕੀਤੀ ਗਈ।

ਸੰਤ ਇਕਬਾਲ ਸਿੰਘ ਦੀ ਸੁਪਤਨੀ ਬੀਬੀ ਸੁਖਬੀਰ ਕੌਰ (ਸਪੁੱਤਰੀ ਸੰਤ ਗੁਰਬਚਨ ਸਿੰਘ ਭੰਗੂ ਸ੍ਰੀ ਜੀਵਨ ਨਗਰ), ਗਊਸ਼ਾਲਾ ਦੇ ਮੈਨਜਰ ਹਨ ਅਤੇ ਗਊਆਂ ਦੀ ਬਹੁਤ ਸੇਵਾ ਕਰਦੇ ਹਨ। ਇਨ੍ਹਾਂ ਦੇ ਦੋ ਸਪੁੱਤਰ ਸੁਰਜੀਤ ਸਿੰਘ ਤੇ ਇੰਦਰ ਸਿੰਘ ਆਪਣੇ ਕੰਮ ਕਾਰਾਂ ਤੋਂ ਇਲਾਵਾ ਗਊਸ਼ਾਲਾ ਦੀ ਦੇਖ ਰੇਖ ਵਲ ਵੀ ਧਿਆਨ ਦਿੰਦੇ ਹਨ।

ਘਰ ਜੋਗੀਆਂ 5-6 ਦੁੱਧ ਦੇਣ ਵਾਲੀਆਂ ਗਾਵਾਂ ਨੂੰ ਛੱਡ ਕੇ ਇਥੇ ਐਸ ਵੇਲੇ ਵੱਡੀ ਗਿਣਤੀ ਵਿਚ ਬੇਸਹਾਰਾ, ਬਿਰਧ ਅਤੇ ਬੀਮਾਰ ਗਊਆਂ ਦੀ ਸੇਵਾ ਕੀਤੀ ਜਾ ਰਹੀ ਹੈ। ਇਨ੍ਹਾਂ ਗਊਆਂ ਦੀ ਸੇਵਾ ਸੰਭਾਲ ਕਰਨ ਦੇ ਉਦੇਸ਼ ਨਾਲ ਹੀ ਇਹ ਗਊਸ਼ਾਲਾ ਬਣਾਈ ਗਈ ਹੈ।

ਸੰਨ 2000 ਵਿਚ ਓਟੂ ਹੈੱਡ 'ਤੇ ਗਊਆਂ ਦਾ ਭਰਿਆ ਟਰੱਕ ਚੋਰੀ -ਛੁਪੇ ਬੁੱਚੜਖਾਨੇ ਲਿਜਾਇਆ ਜਾ ਰਿਹਾ ਸੀ। ਪੁਲਿਸ ਦੁਆਰਾ ਟਰੱਕ ਰੋਕ ਕੇ ਪੁੱਛੇ ਜਾਣ 'ਤੇ ਟਰੱਕ ਵਲਿਆਂ ਕਿਹਾ ਕਿ ਟਰੱਕ ਖਾਲੀ ਹੈ, ਇਕ ਗਾਂ ਬੋਲ ਪਈ ਤਾਂ ਉਹ ਫੜੇ ਗਏ। ਟੈਂਪੂ ਥਾਣੇ ਲਿਆਂਦਾ ਗਿਆ ਤੇ ਗਊਆਂ ਛੁਡਵਾਈਆਂ ਗਈਆਂ।

ਇਸ ਘਟਨਾ ਤੋਂ ਪ੍ਰਭਾਵਿਤ ਹੋ ਕੇ ਸੰਤ ਇਕਬਾਲ ਸਿੰਘ ਬੱਲ ਨੇ ਸ੍ਰੀ ਸਤਿਗੁਰੂ ਜੀ ਨੂੰ ਅਰਜ਼ ਕੀਤੀ।

'ਅਸੀਂ ਨਾਮਧਾਰੀਆਂ ਨੇ ਗਊ ਗ੍ਰੀਬ ਦੀ ਰੱਖਿਆ ਲਈ ਕਿੰਨੀਆਂ ਕੁਰਬਾਨੀਆਂ ਦਿੱਤੀਆਂ, ਹੁਣ ਵੀ ਸਾਨੂੰ ਗਊਆਂ ਦੀ ਰੱਖਿਆ ਅਤੇ ਸਾਂਭ-ਸੰਭਾਲ ਕਰਨੀ ਚਾਹੀਦੀ ਹੈ। ਗਊਆਂ ਨੂੰ ਬੁੱਚੜਖਾਨਿਆਂ ਵਿਚ ਜਾਣ ਤੋਂ ਰੋਕੀਏ ਅਤੇ ਗਊਸ਼ਾਲਾਵਾਂ ਬਣਾ ਕੇ ਇਨ੍ਹਾਂ ਦੀ ਸੇਵਾ ਕਰੀਏ।'

ਸ੍ਰੀ ਸਤਿਗੁਰੂ ਜੀ ਨੇ ਫਰਮਾਇਆ,

' ਬਹੁਤ ਚੰਗੀ ਸੋਚ ਹੈ। ਚੰਗੇ ਕੰਮ ਲਈ ਸੋਚਣਾ ਨਹੀਂ ਚਾਹੀਦਾ, ਕਰ ਲੈਣਾ ਚਾਹੀਦਾ ਹੈ। ਜ਼ਮੀਨ ਤੁਹਾਡੇ ਕੋਲ ਬਹੁਤ ਹੈ। '

ਸਤਿਗੁਰਾਂ ਦਾ ਬਚਨ ਹੋਇਆ ਅਤੇ ਜ਼ਮੀਨ ਬਹੁਤ ਹੋ ਗਈ। ਕਾਰੋਬਾਰ ਵੀ ਵਧੀਆ ਹੈ। ਆਪ ਦੱਸਦੇ ਹਨ ਕਿ ਗਊਆਂ 'ਤੇ ਜੋ ਖਰਚਾ ਹੁੰਦਾ ਹੈ, ਉਸ ਤੋਂ ਕਈ ਗੁਣਾਂ ਵੱਧ ਸਾਨੂੰ ਮੁਨਾਫਾ ਹੋ ਜਾਂਦਾ ਹੈ।

ਸੰਤ ਇਕਬਾਲ ਸਿੰਘ ਦੀ 'ਨਾਮਧਾਰੀ ਫੂਡ ਇੰਟਰ ਨੈਸ਼ਨਲ' ਅਤੇ ਇਨ੍ਹਾਂ ਦੇ ਛੋਟੇ ਭਰਾਵਾਂ ਸ. ਦਲਜੀਤ ਸਿੰਘ ਅਤੇ ਸ.ਜਸਪਾਲ ਸਿੰਘ ਦੀ 'ਨਾਮਧਾਰੀ ਰਾਇਸ ਐਂਡ

ਜਨਰਲ ਮਿੱਲ' ਹੈ। ਰਾਇਸ ਮਿੱਲ ਵਿਚ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਭਜਨ ਦੀ ਵਰਨੀ ਚਲਾਈ ਜਾ ਰਹੀ ਹੈ।

ਬੱਲ ਪਰਿਵਾਰ ਨੇ ਆਲੇ ਦੁਆਲੇ ਦੇ ਕ੍ਰੀਬ 10 ਪਿੰਡਾਂ ਦੀਆਂ ਬੇਸਹਾਰਾ ਗਊਆਂ ਟਰਾਲੀਆਂ 'ਚ ਚੜ੍ਹਾ ਕੇ ਲਿਆਂਦੀਆਂ ਅਤੇ ਗਊਸ਼ਾਲਾ ਵਿਚ ਰੱਖ ਕੇ ਸੇਵਾ ਕਰਨ ਲੱਗੇ। ਇਸ ਤੋਂ ਬਾਅਦ ਲੋਕ ਆਪ ਵੀ ਬੇਸਹਾਰਾ ਗਊਆਂ ਲਿਆ ਕੇ ਇਥੇ ਛੱਡਣ ਲੱਗੇ। ਬੱਲ ਪਰਿਵਾਰ ਵਲੋਂ ਨਾਮਧਾਰੀ ਚੈਰੀਟੇਬਲ ਟਰੱਸਟ ਬਣਾ ਕੇ ਗਊਸ਼ਾਲਾ ਨੂੰ ਹੋਰ ਵੀ ਵਧੀਆ ਢੰਗ ਨਾਲ ਚਲਾਉਣ ਦੀ ਸਕੀਮ ਹੈ।

ਚੌਧਰੀ ਮਹਿੰਦਰ ਸਿੰਘ ਟੋਕਸ (ਪ੍ਰਧਾਨ) ਭਾਰਤੀ ਜੀਵ ਜੰਤੂ ਕਲਿਆਣ ਬੋਰਡ ਪਿੰਡ ਮੁਨੀਰਕਾ, ਨਵੀਂ ਦਿੱਲੀ ਵਾਲੇ ਵੀ ਇਨ੍ਹਾਂ ਨੂੰ ਉਤਸ਼ਾਹ ਦਿੰਦੇ ਹਨ। ਚੌਧਰੀ ਜੀ ਦਾ ਬਹੁਤ ਵੱਡਾ ਉਪਰਾਲਾ ਹੈ ਕਿ ਆਪ ਨੇ ਬੁੱਚੜਖਾਨੇ ਲਿਜਾਂਦੀਆਂ ਗਊਆਂ ਨੂੰ ਰੋਕਣ ਲਈ ਟੀਮਾਂ ਬਣਾਈਆਂ ਹੋਈਆਂ ਹਨ। ਭਾਵੇਂ ਇਸ ਕੰਮ ਵਿਚ ਕਾਫੀ ਮੁਸ਼ਕਿਲਾਂ ਆਉਂਦੀਆਂ ਹਨ ਪਰ ਆਪ ਦੁਆਰਾ ਨਿਯੁਕਮ ਟੀਮਾਂ ਦੇ ਵਿਅਕਤੀ ਪਹਿਲਾਂ ਪਿਆਰ ਨਾਲ ਸਮਝਾਉਂਦੇ ਹਨ, ਜੇ ਕੋਈ ਨਾ ਮੰਨੇ ਤਾਂ ਬਲ ਦਾ ਪ੍ਰਯੋਗ ਵੀ ਕਰਨਾ ਪੈਂਦਾ ਹੈ। ਆਪ ਅਜਿਹੀਆਂ ਗਊਆ ਨੂੰ ਖਰੀਦ ਕੇ ਵੀ ਉਨ੍ਹਾਂ ਦੀ ਜਾਨ ਬਚਾਉਂਦੇ ਹਨ।

ਚੌਧਰੀ ਜੀ ਗਊ ਰੱਖਿਆ ਲਈ ਹਰ ਸੰਭਵ ਕੋਸ਼ਿਸ਼ ਕਰਦੇ ਹਨ। ਸਾਰੇ ਭਾਰਤ ਦੀਆਂ ਗਊਸ਼ਾਲਾਵਾਂ ਨਾਲ ਆਪ ਨੇ ਸੰਪਰਕ ਰੱਖਿਆ ਹੋਇਆ ਹੈ। ਇਨ੍ਹਾਂ ਦੀ ਸੋਚ ਹੈ ਕਿ ਸਾਰੀਆਂ ਗਊਸ਼ਾਲਾਵਾਂ ਵਾਲੇ ਇੱਕਠੇ ਹੋ ਕੇ ਗਊ ਰੱਖਿਆ ਬਾਰੇ ਵਿਚਾਰ ਵਟਾਂਦਰਾ ਕਰ ਕੇ ਅਮਲੀ ਕਾਰਵਾਈ ਕਰਨ। ਇਸ ਸੰਬੰਧੀ ਆਪ ਮੀਟਿੰਗਾਂ ਕਰਦੇ ਰਹਿੰਦੇ ਹਨ। ਆਪ ਗਊ ਰੱਖਿਆ ਸੰਬਧੀ ਪੁਸਤਕਾਂ ਛਪਵਾਕੇ ਮੁਫਤ ਵੰਡਦੇ ਰਹਿੰਦੇ ਹਨ।

25 ਜਨਵਰੀ ਸੰਨ 2010 ਨੂੰ ਫੋਨ ਤੇ ਹੋਈ ਗੱਲ ਮੁਤਾਬਿਕ ਚੌਧਰੀ ਜੀ ਨੇ ਮੈਨੂੰ (ਲੇਖਿਕਾ ਨੂੰ) ਕਿਹਾ ਕਿ "ਸਵਾਰਥ ਤੋਂ ਬਿਨਾਂ ਕੋਈ ਕੰਮ ਨਹੀਂ ਕਰਦਾ, ਉਦਯੋਗ ਦੇ ਰੂਪ ਵਿਚ ਗਊ ਮਾਤਾ ਬਚੇਗੀ। ਗਊ ਦੇ ਦੁੱਧ ਤੋਂ ਇਲਾਵਾ ਗਊ ਮੂਤਰ ਤੇ ਗਊ ਗੋਬਰ ਵੀ ਚੰਗੇ ਮੁੱਲ ਤੇ ਵਿਕਦਾ ਹੈ। ਗਊ ਮਾਤਾ ਤੋਂ ਵੱਡਾ ਕੋਈ ਉਦਯੋਗ ਨਹੀਂ। ਸੁੱਕਾ ਘਾਹ ਖਾ ਕੇ ਵੀ ਗਊ ਵਧੀਆ ਦੁੱਧ ਦਿੰਦੀ ਹੈ, ਨਾਲੀ ਦਾ ਪਾਣੀ ਪੀ ਕੇ ਵੀ ਇਸ ਦਾ ਮੂਤਰ ਪਵਿੱਤਰ ਹੁੰਦਾ ਹੈ। ਸਵਾਮੀ ਰਾਮ ਦੇਵ, ਦਵਾਈਆਂ ਬਣਾਉਣ ਲਈ, 25 ਰੁ. ਕਿਲੋ ਗਊ ਮੂਤਰ ਖ੍ਰੀਦਦੇ ਹਨ।"

## ਨਾਥ ਗਊਸ਼ਾਲਾ

ਸ੍ਰੀ ਸਤਿਗੁਰੂ ਜੀ ਦੀ ਪ੍ਰੇਰਨਾ ਸਦਕਾ ਨਾਮਧਾਰੀ ਸਿੱਖ ਗਊਆਂ ਰੱਖਦੇ ਤੇ ਉਨ੍ਹਾਂ ਦੀ ਸਾਂਭ ਸੰਭਾਲ ਕਰਦੇ ਹਨ। ਬਹੁਤ ਸਾਰੇ ਸਿੱਖਾਂ ਦੀਆਂ ਨਿੱਜੀ ਗਊਸ਼ਾਲਾਵਾਂ

ਹਨ। ਸਾਰਿਆਂ ਦਾ ਜ਼ਿਕਰ ਤਾਂ ਨਹੀਂ ਕੀਤਾ ਜਾ ਸਕਦਾ । ਉਦਾਹਰਣ ਦੇ ਤੌਰ 'ਤੇ ਸੰਤ ਪਿਆਰਾ ਸਿੰਘ ਨਾਥ ਦੇ ਪਰਿਵਾਰ ਨੇ ਆਪਣੀ ਗਊਸ਼ਾਲਾ ਬਣਾਈ ਹੋਈ ਹੈ, ਇਨ੍ਹਾਂ ਦੀਆਂ ਗਊਆਂ ਪ੍ਰਤੀਯੋਗਤਾਵਾਂ ਵਿਚੋਂ ਇਨਾਮ ਜਿੱਤਦੀਆਂ ਰਹਿੰਦੀਆਂ ਹਨ। ਇਨ੍ਹਾਂ ਦਾ ਜ਼ਿਕਰ ਅਗਲੇ ਅਧਿਆਏ ਵਿਚ ਹੈ।

ਕਈ ਨਾਮਧਾਰੀ ਪਰਿਵਾਰ ਤਾਂ ਬਾਹਰ ਸੜਕਾਂ 'ਤੇ ਜ਼ਖਮੀ ਹਾਲਤ ਵਿਚ ਰੁਲ ਰਹੀਆਂ ਗਊਆਂ ਨੂੰ ਆਪਣੇ ਘਰੀਂ ਲਿਆਕੇ ਉਨ੍ਹਾਂ ਦਾ ਇਲਾਜ ਕਰਵਾਕੇ ਉਨ੍ਹਾਂ ਨੂੰ ਆਪਣੇ ਕੋਲ ਹੀ ਰੱਖ ਲੈਂਦੇ ਹਨ।

ਉਦਾਹਰਣ ਦੇ ਤੌਰ 'ਤੇ ਨੌਸ਼ਹਿਰਾ ਪੰਨੂਆਂ ਜ਼ਿਲ੍ਹਾ ਤਰਨਤਾਰਨ ਦੇ ਬੀਬੀ ਨਰਿੰਦਰ ਕੌਰ ਤੇ ਸੰਤ ਬਲਵਿੰਦਰ ਸਿੰਘ ਜੋੜੀ ਨੇ ਪੰਜ ਛੇ ਜ਼ਖਮੀ ਗਊਆਂ ਜੋ ਲਾਵਾਰਿਸ ਸਨ, ਨੂੰ ਵਾਰੋ ਵਾਰੀ ਆਪਣੇ ਘਰ ਲਿਆ ਕੇ ਇਲਾਜ ਕਰਵਾਇਆ ਅਤੇ ਕਾਫੀ ਸਮਾਂ ਸੇਵਾ ਸੰਭਾਲ ਕੀਤੀ। ਫਿਰ ਇਨ੍ਹਾਂ ਨੇ ਦੋ ਗਊਆਂ ਨੌਸ਼ਹਿਰੇ ਗਊਸ਼ਾਲਾਂ 'ਚ ਭੇਜ ਦਿੱਤੀਆ। ਦੋ ਗਾਵਾਂ, ਇਨ੍ਹਾਂ ਕੋਲੋਂ ਸੇਵਾ ਕਰਨ ਲਈ ਕੋਈ ਲੈ ਗਿਆ ਅਤੇ ਇਕ ਗਾਂ ਤੇ ਉਸ ਦੀਆਂ ਵੱਛੀਆਂ ਆਸ਼ੂ ਤੇ ਵਿਸ਼ੂ ਇਨ੍ਹਾਂ ਨੇ ਸ੍ਰੀ ਭੈਣੀ ਸਾਹਿਬ ਦੀ ਗਊਸ਼ਾਲਾ ਵਿਚ ਭੇਜ ਦਿੱਤੀਆਂ। ਬੀਬੀ ਨਰਿੰਦਰ ਕੌਰ ਦੇ ਦੱਸਣ ਮੁਤਾਬਕ ਇਨ੍ਹਾਂ ਦੇ ਘਰ ਲੱਗੀ ਅੱਗ ਵਿਚ ਇਹ ਘਿਰ ਗਏ ਸਨ ਪਰ ਸਤਿਗੁਰਾਂ ਦੀ ਕਿਰਪਾ ਅਤੇ ਗਊਆਂ ਦੀ ਸੇਵਾ ਕਰਨ ਕਾਰਣ ਇਹ ਬਚ ਗਏ। ਇਨ੍ਹਾਂ ਦਾ ਵੱਡਾ ਸਪੁੱਤਰ ਬੰਤਾ ਸਿੰਘ (ਫੋਟੋਗ੍ਰਾਫਰ) ਸ੍ਰੀ ਭੈਣੀ ਸਾਹਿਬ ਵਿਖੇ ਸੇਵਾ ਕਰ ਰਿਹਾ ਹੈ।

# ਮਾਤਾ ਚੰਦ ਕੌਰ ਜੀ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਮਹਿਲ ਮਾਤਾ ਚੰਦ ਕੌਰ ਜੀ ਖ਼ੁਦ ਹੱਥੀਂ ਸੇਵਾ ਕਰਦੇ ਰਹੇ ਹਨ।

ਗਊਸ਼ਾਲਾ ਵਿਖੇ ਗਊਆਂ ਦਾ ਗੋਹਾ ਆਪ ਚੁੱਕਣਾ, ਸਫਾਈ ਕਰਨੀ, ਦੁੱਧ ਚੋਣਾ, ਲੰਗਰ ਵਿੱਚ ਮਾਈਆਂ-ਬੀਬੀਆਂ ਨੂੰ ਨਾਲ ਲਾ, ਦਾਲਾਂ ਚੁਗਣੀਆਂ, ਭਾਜੇ ਕੱਟਣ ਦੀ ਸੇਵਾ ਕਰਨੀ, ਭਾਂਡੇ ਮਾਂਜਣੇ, ਹਰ ਤਰਾਂ ਨਾਲ ਸੇਵਾ ਦੇ ਖੇਤਰ ਵਿੱਚ ਰੁੱਝੇ ਰਹਿੰਦੇ ਰਹੇ ਹਨ। ਮਾਤਾ ਜੀ ਕ੍ਰੀਬ ਤਿੰਨ-ਚਾਰ ਕਵਿੰਟਲ ਦੁੱਧ, ਹਰ ਰੋਜ਼ ਰਿੜਕਦੇ ਰਹੇ ਹਨ। ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਆਪ ਸਾਰੇ ਡੇਰੇ ਵਿੱਚ ਰਹਿਣ ਵਾਲੇ ਸੇਵਾਦਾਰਾਂ ਨੂੰ ਕੱਪੜੇ, ਦੁੱਧ ਅਤੇ ਹੋਰ ਲੋੜੀਂਦੀਆਂ ਵਸਤਾਂ ਪ੍ਰਦਾਨ ਕਰਦੇ ਹਨ। ਬਿਰਧਸ਼ਾਲਾ ਵਿੱਚ ਬਿਰਧਾਂ ਅਤੇ ਬੀਮਾਰਾਂ ਦਾ ਵੀ ਆਪ ਖਾਸ ਧਿਆਨ ਰੱਖਦੇ ਹਨ। ਡੇਰੇ ਵਿੱਚ ਰਹਿਣ ਵਾਲੇ ਸਰੀਰਾਂ ਦਾ ਧਿਆਨ ਰੱਖਣ ਦੇ ਨਾਲ-ਨਾਲ ਮਾਤਾ ਜੀ ਬਾਹਰੋਂ, ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਆਈ ਸਾਧ-ਸੰਗਤ ਦੀਆਂ ਸੁਖ-ਸੁਵਿਧਾਵਾਂ ਦਾ ਵੀ ਉਚਿਤ ਪ੍ਰਬੰਧ ਕਰਦੇ ਹਨ।

ਸ੍ਰੀ ਭੈਣੀ ਸਾਹਿਬ ਜਾਂ ਹੋਰ ਕਿਧਰੇ ਵੀ ਜਦੋਂ ਕੋਈ ਵੱਡਾ ਸਮਾਗਮ ਹੋਵੇ, ਮਾਤਾ ਜੀ ਲੰਗਰ ਵਿੱਚ ਮੋਹਰੀ ਹੁੰਦੇ ਹਨ। ਰੋਜ਼ਾਨਾ ਚੱਲਦੇ ਲੰਗਰ ਤਿਆਰ ਕਰਨ ਵਾਲੇ ਪਾਸੇ ਵੀ ਆਪ ਵਿਸ਼ੇਸ਼ ਦੇਖ-ਰੇਖ ਅਤੇ ਧਿਆਨ ਰੱਖਦੇ ਹਨ। ਹਰ ਮੇਲੇ ਸਮੇਂ ਆਪ ਚਾਹਟਾ, ਦੁੱਧ ਵਰਤਾਉਣ ਦੀ ਸੇਵਾ ਵੀ ਕਰਦੇ ਰਹੇ ਹਨ।

ਸ੍ਰੀ ਸਤਿਗੁਰੂ ਜੀ ਵਲੋਂ ਜਿਥੇ ਕਿਧਰੇ ਵੀ ਉਸਾਰੀ ਦਾ ਕੰਮ ਚਲ ਰਿਹਾ ਹੋਵੇ, ਚਾਹੇ ਉਹ ਰਾਮਸਰੋਵਰ ਬਣਿਆ, ਸਿਮ੍ਰਤੀ ਮੰਦਰ ਤੇ ਜਾਂ ਸਾਧ-ਸੰਗਤ ਤੇ ਸੇਵਕਾਂ ਲਈ ਰਿਹਾਇਸ਼ੀ ਡੇਰੇ ਤੇ ਜਾਂ ਕੋਈ ਹੋਰ ਉਸਾਰੀ ਦਾ ਕੰਮ, ਮਾਤਾ ਜੀ ਮੂਹਰੇ ਹੋ ਕੇ ਵੱਧ ਚੜ੍ਹ ਕੇ ਸੇਵਾ ਕਰਨ ਦਾ ਆਪਣਾ ਯੋਗਦਾਨ ਪਾਉਂਦੇ ਹਨ ਤੇ ਹੋਰਨਾਂ ਨੂੰ ਵੀ ਸੇਵਾ ਕਰਨ ਦੀ ਪ੍ਰੇਰਨਾ ਦੇ ਕੇ ਉਤਸ਼ਾਹਿਤ ਕਰਦੇ ਹਨ।

# ਪ੍ਰਬੰਧਕ ਅਤੇ ਸੇਵਾਦਾਰ

**ਸ੍ਰੀ ਭੈਣੀ ਸਾਹਿਬ ਦੀ ਗਊਸ਼ਾਲਾ** ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਵਕਤ ਵਿਚ ਮੁੱਖ ਪ੍ਰਬੰਧਕ ਸਮੇਂ ਸਮੇਂ 'ਤੇ ਇਸ ਪ੍ਰਕਾਰ ਰਹੇ ਹਨ -

ਸੂਬਾ ਵਰਿਆਮ ਸਿੰਘ , ਸਰਵ ਸੰਤ ਦਿਲਬਾਗ ਸਿੰਘ, ਮਹਿੰਦਰ ਸਿੰਘ ਬੀੰਡਾ, ਗੁਰਨਾਮ ਸਿੰਘ, ਸਾਧੂ ਸਿੰਘ ਭੰਗੂਰ, ਅਮਰ ਸਿੰਘ ਗਰੇਟਾ ਅਤੇ ਬਲਦੇਵ ਸਿੰਘ ਗਹਿਲਾਂ। ਸਵ. ਸੰਤ ਬਲਵੰਤ ਸਿੰਘ ਗਊਸ਼ਾਲਾ ਵਿਚ ਲੰਮਾ ਸਮਾਂ ਸੇਵਾ ਕਰਨ ਵਾਲੇ ਸੇਵਾਦਾਰ ਸਨ।

**ਸ੍ਰੀ ਜੀਵਨ ਨਗਰ ਦੀ ਗਊਸ਼ਾਲਾ** ਵਿਖੇ ਮੁੱਖ ਪ੍ਰਬੰਧਕ ਸਮੇਂ ਸਮੇਂ 'ਤੇ ਇਸ ਪ੍ਰਕਾਰ ਰਹੇ ਹਨ -

ਸੂਬਾ ਵਰਿਆਮ ਸਿੰਘ, ਸਰਵ ਸੰਤ ਮਹਿੰਦਰ ਸਿੰਘ ਬੀੰਡਾ, ਬਲਦੇਵ ਸਿੰਘ ਬਲੀਆ,ਸਾਧੂ ਸਿੰਘ ਭੰਗੂਰ, ਰੌਣਕ ਸਿੰਘ ਤੇ ਦਿਲਬਾਗ ਸਿੰਘ। ਸੰਤ ਕਰਮ ਸਿੰਘ, ਸੰਤ ਕਪੂਰ ਸਿੰਘ ਆਦਿਕ ਲੰਮਾ ਸਮਾਂ ਦੁੱਧ ਦਾ ਰਿਕਾਰਡ ਲਿਖਦੇ ਰਹੇ। ਸੰਤ ਮੱਘਰ ਸਿੰਘ (ਸੈਦੋ) ਪੁਤਲੀ ਗਊ ਨੂੰ ਉਸ ਵਕਤ ਸਾਂਭਦੇ ਸਨ, ਜਦੋਂ 'ਗੋਪਾਲ ਰਤਨ' ਪੁਰਸਕਾਰ ਮਿਲਿਆ ਸੀ।

ਸੰਤ ਰਣਜੀਤ ਸਿੰਘ ਬਾਜਵਾ ਕੋਲ ਪਸ਼ੂਆਂ ਨੂੰ ਦਾਣੇ ਦੇਣ ਦਾ ਪ੍ਰਬੰਧ ਹੁੰਦਾ ਸੀ, ਰੋਜ਼ਾਨਾ ਦੁੱਧ ਦਾ ਰਿਕਾਰਡ ਵੀ ਇਨ੍ਹਾਂ ਕੋਲ ਹੁੰਦਾ ਸੀ। ਕਿੰਨਾਂ ਕਿਸੇ ਗਊ ਨੂੰ ਦਾਣਾ ਦੇਣਾ ਹੈ, ਇਹ ਹਿਸਾਬ ਉਹ ਰੱਖਦੇ ਸਨ। ਗੱਲੇ ਦੇ ਇੰਚਾਰਜ ਵੀ ਇਹੀ ਹੁੰਦੇ ਸਨ।

ਸੰਤ ਸੁਰਜਣ ਸਿੰਘ (ਸਪੁੱਤਰ ਸੰਤ ਸਾਧੂ ਸਿੰਘ ਢੋਟੀਆਂ ਦੇ) ਗਊਆਂ, ਬਲਦਾਂ ਅਤੇ ਹੋਰ ਪਸ਼ੂਆਂ ਦੀ ਖ਼੍ਰੀਦਾਰੀ ਕਰਿਆ ਕਰਦੇ ਸਨ।

**ਮਸਤਾਨਗੜ੍ਹ ਦੀ ਗਊਸ਼ਾਲਾ** ਵਿਖੇ ਮੁੱਖ ਪ੍ਰਬੰਧਕ ਸਮੇਂ ਸਮੇਂ 'ਤੇ ਇਸ ਪ੍ਰਕਾਰ ਰਹੇ ਹਨ-

ਸਰਵ ਸੰਤ ਮੇਜਰ ਸਿੰਘ ਮਧੇਅ , ਨਿਰਮਲ ਸਿੰਘ ਖੂਹ ਅੰਮ੍ਰਿਤਸਰ ਦੇ (ਭਗਵਾਨ ਸਿੰਘ ਡਰਾਈਵਰ ਦੇ ਪਿਤਾ ਜੀ) ਗੁਰਚਰਨ ਸਿੰਘ ਚੰਨ (ਗਰੇਟਾ), ਮੁਖਤਿਆਰ ਸਿੰਘ ਖਾਰੇ ਵਾਲਾ, ਕੁੰਡਾ ਸਿੰਘ, ਅਮਰ ਸਿੰਘ ਗਰੇਟਾ, ਮਹਿੰਦਰ ਸਿੰਘ ਬੀੰਡਾ ਅਤੇ ਬਲਵਿੰਦਰ ਸਿੰਘ (ਸਪੁੱਤਰ ਸੰਤ ਨਿਰਮਲ ਸਿੰਘ ਖੂਹ ਅੰਮ੍ਰਿਤਸਰ)।

**ਐਸ ਵੇਲੇ ਸੰਨ 2010 ਵਿਚ ਸ੍ਰੀ ਭੈਣੀ ਸਾਹਿਬ ਦੀ ਗਊਸ਼ਾਲਾ ਵਿਚ ਇਹ ਸੇਵਾਦਾਰ ਸੇਵਾ ਕਰ** ਰਹੇ ਹਨ -ਸਰਵ ਸ੍ਰੀ ਬਲਦੇਵ ਸਿੰਘ ਭੁੱਲਰ ਪਿੰਡ ਗਹਿਲਾਂ ਜ਼ਿਲ੍ਹਾ ਬਰਨਾਲਾ, ਸਾਧੂ ਸਿੰਘ ਭੰਗੂਰ ਸ੍ਰੀ ਭੈਣੀ ਸਾਹਿਬ, ਕਾਬਲ ਸਿੰਘ ਅਤੇ ਕੁਲਵੰਤ ਸਿੰਘ ਪਿੰਡ ਨਾਰਲੀ

ਜ਼ਿਲ੍ਹਾ ਅੰਮ੍ਰਿਤਸਰ (ਸ਼ਹੀਦ ਬੀਹਲਾ ਸਿੰਘ ਸੰਧੂ ਦੇ ਪਰਿਵਾਰ ਵਿਚੋਂ), ਬਲਵਿੰਦਰ ਸਿੰਘ ਡਰਾਈਵਰ, ਘੁੱਲਾ ਸਿੰਘ ਪਿੰਡ ਪੱਧਰੀ ਜ਼ਿਲ੍ਹਾ ਅੰਮ੍ਰਿਤਸਰ, ਅਵਤਾਰ ਸਿੰਘ ਲਾਲੀ, ਹਰਦੇਵ ਸਿੰਘ ਦੇਬਾ ਅਤੇ ਜਗੀਰ ਸਿੰਘ ਪਿੰਡ ਕੱਕੜਾਂ ਜ਼ਿਲ੍ਹਾ ਅੰਮ੍ਰਿਤਸਰ, ਬਲਬੀਰ ਸਿੰਘ ਬਟਾਲਾ ਜ਼ਿਲ੍ਹਾ ਗੁਰਦਾਸਪੁਰ, ਜਗਤਾਰ ਸਿੰਘ ਬਿੱਟੂ ਸ੍ਰੀ ਭੈਣੀ ਸਾਹਿਬ, ਅਮਰੀਕ ਸਿੰਘ ਪਿੰਡ ਮੁਕਾਮ ਜ਼ਿਲ੍ਹਾ ਗੁਰਦਾਸਪੁਰ, ਸੁਖਦੇਵ ਸਿੰਘ ਯੂ.ਪੀ., ਸੁਖਦੇਵ ਸਿੰਘ ਪਿੰਡ ਵਰਿਆਂਹ ਜ਼ਿਲ੍ਹਾ ਤਰਨਤਾਰਨ, ਕੁਲਜੀਤ ਸਿੰਘ ਰਾਮਪੁਰ, ਗੁਰਨਾਮ ਸਿੰਘ ਸ੍ਰੀ ਜੀਵਨ ਨਗਰ, ਛਬੇਗ ਸਿੰਘ ਕੱਕੜ, ਬਲਵਿੰਦਰ ਸਿੰਘ ਪਿੰਡ ਸਮਾਘ ਜ਼ਿਲਾ ਮੁਕਤਸਰ, ਜੱਸਾ ਸਿੰਘ ਬਟਾਲਾ ਅਤੇ ਸੁਖਦੇਵ ਸਿੰਘ ਪਿੰਡ ਗੰਡੀਵਿੰਡ ਜ਼ਿਲਾ ਤਰਨਤਾਰਨ ਆਦਿਕ।

ਵੈਸੇ ਵੀ ਕਈ ਮਾਈਆਂ-ਬੀਬੀਆਂ ਅਤੇ ਸਿੰਘ ਗੋਹੇ ਕੂੜੇ ਦੀ ਸ਼ਰਧਾ-ਭਾਵਨਾ ਨਾਲ ਸੇਵਾ ਕਰਨ ਰੋਜ਼ਾਨਾ ਆਉਂਦੇ ਹਨ।

**ਸ੍ਰੀ ਜੀਵਨ ਨਗਰ ਅਤੇ ਮਸਤਾਨਗੜ੍ਹ ਦੀਆਂ ਗਊਸ਼ਾਲਾਵਾਂ ਵਿਚ ਸਮੇਂ ਸਮੇਂ 'ਤੇ ਇਹ ਸੇਵਾਦਾਰ ਸੇਵਾ ਕਰਦੇ ਰਹੇ ਹਨ-** ਬਾਬਾ ਗੰਡਾ ਸਿੰਘ ਸੁਨਿਆਰਾ ਸਪੁੱਤਰ ਸੰਤ ਗੁਰਦਿੱਤ ਸਿੰਘ, ਸਰਵ ਸ੍ਰੀ ਬੂਟਾ ਸਿੰਘ, ਬਲਵਿੰਦਰ ਸਿੰਘ ਮਹੰਤ, ਜਗੀਰ ਸਿੰਘ ਸ੍ਰੀ ਜੀਵਨ ਨਗਰ, ਗੁਰਦੇਵ ਸਿੰਘ ਕੋਇਲ, ਗੁਰਮੁਖ ਸਿੰਘ (ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਾਬਕਾ ਹਜ਼ੂਰੀ ਡਰਾਈਵਰ) ਮਹਿੰਦਰ ਸਿੰਘ (ਸਪੁੱਤਰ ਸੂਬਾ ਵਰਿਆਮ ਸਿੰਘ), ਗੁਰਮੇਲ ਸਿੰਘ, ਸੁਖਦੇਵ ਸਿੰਘ, ਹਰਦਿਆਲ ਸਿੰਘ ਮੋਨਾ, ਗੁਰਮੀਤ ਸਿੰਘ ਅਤੇ ਗੁਰਦੀਪ ਸਿੰਘ (ਦੋਵੇਂ ਭਰਾ) ਸਪੁੱਤਰ ਸੰਤ ਬਹਾਲ ਸਿੰਘ, ਡਰਾਈਵਰ ਪ੍ਰੀਤਮ ਸਿੰਘ,ਗੁਰਚਰਨ ਸਿੰਘ ਗਰੇਟਾ, ਮੱਖਣ ਸਿੰਘ, ਰਣਧੀਰ ਸਿੰਘ ਧੀਰਾ, ਬੂਟਾ ਸਿੰਘ ਤੇ ਇੰਦਰ ਸਿੰਘ ਦੋਵੇਂ ਭਰਾ ਸਪੁੱਤਰ ਸੰਤ ਪ੍ਰੀਤਮ ਸਿੰਘ ਰੰਗਲੱਟ, ਹਰਨਾਮ ਸਿੰਘ ਨਾਮੂ ਤੇ ਮਹਿੰਦਰ ਸਿੰਘ ਮਿੰਦੂ (ਦੋਵੇਂ ਭਰਾ) ਪ੍ਰੇਮ ਸਿੰਘ ਪ੍ਰੇਮੀ (ਝੋਕਾ) ਬਲਦੇਵ ਸਿੰਘ, ਅਮਰਜੀਤ ਸਿੰਘ, ਬਲਵਿੰਦਰ ਸਿੰਘ, ਲਾਭ ਸਿੰਘ ਜਟਾਉਂ ਅਤੇ ਅਜੀਤ ਸਿੰਘ, ਟਹਿਲ ਸਿੰਘ (ਪਿਛਲਾ ਪਿੰਡ ਘਣੀਆਂ, ਅੱਜ ਕੱਲ੍ਹ ਇਹ ਮੱਧ ਪ੍ਰਦੇਸ਼ ਰਹਿੰਦੇ ਹਨ), ਚੰਨਣ ਸਿੰਘ ਤੇ ਗੁਰਮੀਤ ਸਿੰਘ ਸਪੁੱਤਰ ਸੰਤ ਉਜਾਗਰ ਸਿੰਘ ਆਦਿ।

ਸਭ ਦਾ ਜ਼ਿਕਰ ਨਹੀਂ ਹੋ ਸਕਦਾ, ਅਨੇਕ ਸੇਵਕ ਗਊਆਂ ਸਾਂਭਦੇ ਰਹੇ।

**ਘੋੜਿਆਂ ਦੀ ਸੇਵਾ ਦੇ ਮੁਖ ਪ੍ਰਬੰਧਕ ਰਹੇ -**

ਸਰਵ ਸ੍ਰੀ ਦਰੋਗਾ ਸਿੰਘ ਦੁੰਮਣ,ਸਰਦਾਰ ਭਗਤ ਸਿੰਘ, ਕਰਮ ਸਿੰਘ ਮੁਨੀਮ ਅਤੇ ਸ਼ੇਰ ਸਿੰਘ ਜਾਕੀ ਆਦਿਕ। ਘੋੜਿਆਂ ਦੇ ਕੁਝ ਸੇਵਾਦਾਰ ਰਹੇ-ਸਰਵ ਸ੍ਰੀ ਸ਼ਿੰਗਾਰਾ ਸਿੰਘ ਲਾੜਾ, ਤਾਰਾ ਸਿੰਘ ਚੀਮਾ, ਦਿਆਲ ਸਿੰਘ ਪੱਖੋਕੇ, ਸਾਧੂ ਸਿੰਘ ਭੰਗੂਰ, ਨਿਰੰਜਨ ਸਿੰਘ, ਜਗਤਾਰ ਸਿੰਘ ਸਪੁੱਤਰ ਨਰੰਜਣ ਸਿੰਘ, ਜਸਪਾਲ ਸਿੰਘ ਸੁਨਿਆਰਾ, ਕਰਤਾਰ ਸਿੰਘ, ਗੁਰਬਚਨ ਸਿੰਘ ਦੇਸੀ, ਨਾਰਾਇਣ ਸਿੰਘ ਖਸਰਾ, ਰੌਣਕ ਸਿੰਘ, ਮਸਤਾਨਾ ਬੰਤਾ ਸਿੰਘ, ਮੁਖਤਿਆਰ ਸਿੰਘ ਟੂਸਾ, ਮੇਜਰ ਸਿੰਘ ਮਧੇਅ, ਪ੍ਰੀਤਮ ਸਿੰਘ ਬਿੱਲੀ,

ਦਰਬਾਰਾ ਸਿੰਘ ਗੋਡਲ, ਬੁਲਾਕਾ ਸਿੰਘ, ਕਰਤਾਰ ਸਿੰਘ ਆਦੋ, ਜਗਤ ਸਿੰਘ ਸਪੁੱਤਰ ਸੰਤਾ ਸਿੰਘ, ਨਰਿੰਦਰ ਸਿੰਘ ਸਪੁੱਤਰ ਸੰਤ ਆਸਾ ਸਿੰਘ ਕਾਲੇ ਖਤਾਈਆਂ, ਕਰਤਾਰ ਸਿੰਘ ਕਾਲਾ ਅਤੇ ਸੁਰਜੀਤ ਸਿੰਘ ਘੈਮੁਆਣਾ (ਮਸਤਾਨੇ ਹਰਦੇਵ ਸਿੰਘ ਦਾ ਭਰਾ) ਆਦਿਕ।

ਐਸ ਵੇਲੇ ਸ੍ਰੀ ਭੈਣੀ ਸਾਹਿਬ ਦੀ ਗਊਸ਼ਾਲਾ ਵੱਲ ਵਿਸ਼ੇਸ਼ ਧਿਆਨ ਸੂਬਾ ਜਗੀਰ ਸਿੰਘ ਜੀ ਦੇ ਰਹੇ ਹਨ।

## ਸੂਬਾ ਜਗੀਰ ਸਿੰਘ ਛਾਪਿਆਂਵਾਲੀ

ਸੂਬਾ ਜਗੀਰ ਸਿੰਘ ਸਪੁੱਤਰ ਸੰਤ ਜੈਮਲ ਸਿੰਘ ਪਿੰਡ ਛਾਪਿਆਂ ਵਾਲੀ, ਤਹਿਸੀਲ ਮਲੋਟ ਜ਼ਿਲ੍ਹਾ ਮੁਕਤਸਰ ਸੰਨ 2007 ਵਿਚ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸੇਵਾ ਕਰਨ ਸ੍ਰੀ ਭੈਣੀ ਸਾਹਿਬ ਆਏ ਤੇ ਉਦੋਂ ਤੋਂ ਇਥੇ ਹੀ ਸੇਵਾ ਕਰ ਰਹੇ ਹਨ।

ਸੰਨ 1988 ਤੋਂ ਸੂਬਾ ਜੀ ਪਿੰਡ ਛਾਪਿਆਂ ਵਾਲੀ ਵਿਖੇ ਚਾਰ ਕਾਲਜਾਂ- ਪੌਲੀਟੈਕਨੀਕ, ਇੰਜਨੀਅਰਿੰਗ, ਫਾਰਮੇਸੀ ਅਤੇ ਐਮ.ਬੀ.ਏ. ਦੀ ਟਰੱਸਟ ਦੇ ਮੈਂਬਰ ਅਤੇ ਜੋਆਇੰਟ ਸੈਕਟਰੀ ਹਨ। ਇਹ ਕਾਲਜ 35 ਏਕੜ ਜ਼ਮੀਨ ਵਿਚ ਹੈ, ਕ੍ਰੀਬ 3500 ਵਿਦਿਆਰਥੀ ਇਸ ਵਿਚ ਪੜ੍ਹਦੇ ਹਨ। ਆਪ ਇਸ ਕਾਲਜ ਦੇ ਸੀਨੀਅਰ ਵਾਇਸ ਚੇਅਰਮੈਨ ਵੀ ਰਹੇ, ਅਜਕਲ ਜੋਆਇੰਟ ਸੈਕਟਰੀ ਹਨ। ਆਪ ਕ੍ਰੀਬ 14 ਸਾਲ ਆਪਣੇ ਪਿੰਡ ਛਾਪਿਆਂਵਾਲੀ ਦੇ ਸਰਪੰਚ ਰਹੇ ਹਨ। ਇਨ੍ਹਾਂ ਦੇ ਕਾਰਜਕਾਲ ਦਰਮਿਆਨ ਹੀ ਉਪਰੋਕਤ ਕਾਲਜਾਂ ਦੀ ਜ਼ਮੀਨ ਦਾਨ ਵਜੋਂ ਦਿੱਤੀ ਗਈ।

ਸੰਨ 2007 ਵਿਚ ਸ੍ਰੀ ਭੈਣੀ ਸਾਹਿਬ ਆਉਣ ਮਗਰੋਂ ਸੁਚਾਰੂ ਰੂਪ ਵਿਚ ਦਸਵੰਧ ਸੰਭਾਲਣ ਦੀ ਸੇਵਾ ਕਰਨ ਦੇ ਨਾਲ ਨਾਲ, ਸੂਬਾ ਜੀ ਇਥੋਂ ਦੀ ਗਊਸ਼ਾਲਾ ਦੇ ਵਿਸ਼ੇਸ਼ ਪ੍ਰਬੰਧਕ ਹਨ। ਆਪ ਗਊਆਂ ਵੱਲ ਬੜੇ ਉਤਸ਼ਾਹ ਨਾਲ ਵਿਸ਼ੇਸ਼ ਧਿਆਨ ਦਿੰਦੇ ਹਨ। ਸੰਨ 2010 ਵਿਚ ਸੂਬਾ ਜੀ ਨੂੰ ਇੰਡੀਅਨ ਕੌਂਸਲ ਆਫ ਐਗਰੀਕਲਚਰ ਰਿਸਰਚ, ਕ੍ਰਿਸੀ ਭਵਨ ਨਵੀਂ ਦਿੱਲੀ ਵਲੋਂ ਨੈਸ਼ਨਲ ਬਿਊਰੋ ਆਫ ਜਨੈਟਿਕ ਰਿਸੋਰਸਿਜ਼ ਕਰਨਾਲ ਦੀ ਇਂਸਟੀਚਿਊਟ ਮੈਨੇਜਮੈਂਟ ਕਮੇਟੀ ਦੇ ਮੈਂਬਰ ਨਾਮਜ਼ਦ ਕੀਤਾ ਗਿਆ ਹੈ। ਇਸ ਦੇ ਡਾਇਰੈਕਟਰ ਜੋਸ਼ੀ ਜੀ ਹਨ। 4 ਸਤੰਬਰ 2010 ਨੂੰ ਕਰਨਾਲ ਵਿਖੇ ਇਸ ਕਮੇਟੀ ਦੀ ਪਹਿਲੀ ਮੀਟਿੰਗ ਹੋਈ। ਇਸ ਵਿਚ ਦੁੱਧ ਦੇਣ ਵਾਲੇ ਪਸ਼ੂਆਂ ਦੀ ਨਸਲ ਸੁਧਾਰ ਕਰਨ ਵਾਸਤੇ ਵਿਚਾਰ-ਵਟਾਂਦਰਾ ਕੀਤਾ ਗਿਆ।

ਇਸ ਮੈਨੇਜਮੈਂਟ ਕਮੇਟੀ ਵਲੋ ਇਕ ਬਰਾਂਚ ਸ੍ਰੀ ਭੈਣੀ ਸਾਹਿਬ ਲਿਆਂਦੇ ਜਾਣ ਦੀ ਸਕੀਮ ਹੈ। ਕੇਂਦਰੀ ਸਰਕਾਰ ਦੇ ਇਸ ਅਦਾਰੇ ਵਲੋਂ ਸਾਹੀਵਾਲ ਨਸਲ ਦੀਆਂ 500 ਗਊਆਂ ਇਥੇ ਰੱਖੀਆਂ ਜਾਣਗੀਆ। ਸਾਹੀਵਾਲ ਨਸਲ ਦਾ ਇਥੇ ਵਿਕਾਸ ਕੀਤੇ ਜਾਣ ਦੀ ਸਕੀਮ ਹੈ। ਪੰਜਾਬ ਵਿਚ ਕਈ ਥਾਵਾਂ 'ਤੇ ਇਸ ਦੀਆਂ ਹੋਰ

ਸ਼ਾਖਾਵਾਂ ਵੀ ਬਣਾਈਆਂ ਜਾਣਗੀਆਂ ਤਾਂ ਜੋ ਗਊਆਂ ਦੀ ਸਾਹੀਵਾਲ ਨਸਲ ਦਾ ਸੁਧਾਰ ਅਤੇ ਵਿਕਾਸ ਹੋ ਸਕੇ।

ਸੂਬਾ ਜਗੀਰ ਸਿੰਘ ਨੇ ਉੱਦਮ ਕੀਤਾ, ਸ੍ਰੀ ਸਤਿਗੁਰੂ ਜੀ ਦੀ ਪ੍ਰਵਾਨਗੀ ਅਤੇ ਆਸ਼ੀਰਵਾਦ ਲੈ ਕੇ, ਸ੍ਰੀ ਭੈਣੀ ਸਾਹਿਬ ਗਊਸ਼ਾਲਾ ਦੀਆਂ ਗਊਆਂ ਅਤੇ ਗਊਧਨ ਨੂੰ ਪ੍ਰਤੀਯੋਗਿਤਾਵਾਂ ਵਿਚ ਲੈ ਕੇ ਗਏ। ਉਥੋਂ ਪ੍ਰਤੀਯੋਗਿਤਾਵਾਂ ਵਿਚੋਂ ਜਿੱਤੇ ਇਨਾਮਾਂ ਦਾ ਵੇਰਵਾ ਅਗਲੇ ਅਧਿਆਏ ਵਿਚ ਹੈ। ਅਗਲੀਆਂ ਪ੍ਰਤੀਯੋਗਿਤਾਵਾਂ ਵਿਚ ਵੀ ਭਾਗ ਲੈਣ ਲਈ ਆਪ ਤਿਆਰੀ ਕਰਵਾ ਰਹੇ ਹਨ।

ਸੂਬਾ ਜੀ ਦੱਸਦੇ ਹਨ ਕਿ ਦੇਸੀ ਗਾਂ ਦੇ ਦੁੱਧ ਵਿਚ ਅਮਰੀਕਨ ਗਾਂ ਦੇ ਦੁੱਧ ਨਾਲੋਂ ਥੰਦਿਆਈ ਕ੍ਰੀਬ ਦੁੱਗਣੀ ਹੁੰਦੀ ਹੈ। ਦੁੱਧ , ਦਹੀ, ਲੱਸੀ ਅਤੇ ਮੱਖਣ ਦਾ ਸੁਆਦ ਵੀ ਜ਼ਿਆਦਾ ਵਧੀਆ ਹੁੰਦਾ ਹੈ। ਐਸ ਵੇਲੇ ਸ੍ਰੀ ਸਤਿਗੁਰੂ ਜੀ ਨੂੰ ਕਈ ਮੱਥਾ ਟਿਕੀਆਂ ਅਮਰੀਕਨ ਗਊਆਂ ਅਤੇ ਵੱਛੀਆਂ ਗਊਸ਼ਾਲਾ ਵਿਚ ਹਨ। ਅਸੀਂ ਸੋਚ ਰਹੇ ਹਾਂ ਕਿ ਜਾਂ ਤਾਂ ਇਨ੍ਹਾਂ ਨੂੰ ਵੇਚ ਕੇ ਸਾਹੀਵਾਲ ਜਾਂ ਹਰਿਆਣਾ ਨਸਲ ਦੀਆਂ ਹੋਰ ਵਧੀਆ ਗਊਆਂ ਖਰੀਦ ਲਈਏ ਅਤੇ ਜਾਂ ਇਨ੍ਹਾਂ ਨੂੰ ਸਾਹੀਵਾਲ ਨਾਲ ਕਰਾਸ ਕਰ ਕੇ, ਦੋ-ਤਿੰਨ ਵਾਰ 'ਚ ਸਾਹੀਵਾਲ ਹੀ ਬਣਾ ਲਈਏ। ਗਊਸ਼ਾਲਾ ਵਿਚ ਸਾਰੀਆਂ ਗਊਆਂ ਵਧੀਆ ਨਸਲ ਦੀਆਂ ਦੇਸੀ ਅਤੇ ਜ਼ਿਆਦਾ ਦੁੱਧ ਦੇਣ ਵਾਲੀਆਂ ਹੋਣ ਤਾਂ ਜੋ ਡੇਰੇ ਵਾਸਤੇ, ਵੱਡੀ ਰਕਮ ਦਾ ਦੁੱਧ, ਬਾਹਰੋਂ ਮੁੱਲ ਨਾ ਲੈਣਾ ਪਏ।

ਆਪ ਅਨੁਸਾਰ, ਗਊਆਂ ਵਾਸਤੇ ਅਜੇ ਹੋਰ ਸ਼ੈੱਡ ਬਣਾਉਣੇ ਹਨ। ਗਊਸ਼ਾਲਾ ਦਾ ਵਧੀਆ ਦਫਤਰ ਬਣਾਉਣਾ ਹੈ। ਇਕ ਵਿਸ਼ੇਸ਼ ਡਾਕਟਰ (ਪਸ਼ੂਆਂ ਦਾ) ਗਊਸ਼ਾਲਾ ਵਿਚ ਰੱਖਣਾ ਹੈ, ਜੋ ਰਾਤ ਨੂੰ ਵੀ ਉਥੇ ਰਹੇ।

ਗਊਆਂ ਦੀ ਸਾਹੀਵਾਲ ਨਸਲ ਸੁਧਾਰਨ ਦਾ ਉਪਰਾਲਾ ਵੀ ਸੂਬਾ ਜੀ ਕਰ ਰਹੇ ਹਨ। ਦੁੱਧੋ ਹਟੀਆਂ ਗਊਆਂ ਦੀ ਸੇਵਾ ਸੰਭਾਲ ਕਰਨ ਵਲ ਵੀ ਆਪ ਧਿਆਨ ਦਿੰਦੇ ਹਨ। ਬਿਰਧ ਗਾਂ ਨੂੰ ਆਪ ਨਾਂ ਬਾਹਰ ਕੱਢਣ ਅਤੇ ਨਾ ਵੇਚਣ ਦੇ ਹੱਕ ਵਿਚ ਹਨ। ਜ਼ਖਮੀ ਜਾਂ ਬੇਸਹਾਰਾ ਗਊਆਂ ਨੂੰ ਆਪ ਗਊਸ਼ਾਲਾ ਦੇ ਵਾੜੇ ਵਿਚ ਵਾੜ ਲੈਂਦੇ ਹਨ ਤਾਂ ਜੋ ਇਨ੍ਹਾਂ ਦੀ ਸੇਵਾ ਸੰਭਾਲ ਕੀਤੀ ਜਾ ਸਕੇ। ਅਜਿਹੀਆਂ ਗਊਆਂ ਵਿਚੋਂ ਕਈ ਸੂਅ ਵੀ ਪੈਂਦੀਆਂ ਹਨ ਤੇ ਦੁੱਧ ਦਿੰਦੀਆਂ ਹਨ।

ਸੂਬਾ ਜੀ ਦੀ ਸੁਪਤਨੀ ਬੀਬੀ ਸੰਤੋਖ ਕੌਰ ਸਪੁੱਤਰੀ ਸ.ਜੀਤ ਸਿੰਘ ਪਿੰਡ ਗੁੰਮਟੀ ਜ਼ਿਲ੍ਹਾ ਬਠਿੰਡਾ, ਸੰਨ 1998 ਵਿਚ ਚੜ੍ਹਾਈ ਕਰ ਗਏ। ਸੂਬਾ ਜੀ ਦੇ ਦੋ ਸਪੁੱਤਰ ਤੇ ਇਕ ਧੀ ਹਨ।

ਸੂਬਾ ਜੀ ਦੇ ਵੱਡੇ ਸਪੁੱਤਰ ਸ.ਜਸਬੀਰ ਸਿੰਘ, ਗੁਰੂ ਤੇਗ ਬਹਾਦਰ ਖਾਲਸਾ ਇੰਜੀਨੀਅਰਿੰਗ ਐਂਡ ਟੈਕਨਾਲਜੀ ਕਾਲਜ ਛਾਪਿਆਂ ਵਾਲੀ ਵਿਖੇ ਡਿਪਟੀ ਰਜਿਸਟਰਾਰ ਫਾਰ ਐਡਮਨੀਸਟਰੇਸ਼ਨ ਹਨ। ਇਨ੍ਹਾਂ ਦੇ ਪੁੱਤਰ ਅਰਸ਼ਦੀਪ ਸਿੰਘ ਨੇ ਐਮ. ਬੀ.ਏ ਕੀਤੀ ਹੈ। ਬੇਟੀ ਵਿਸ਼ਵਦੀਪ ਕੌਰ ਨੇ ਸੰਨ 2010 ਵਿੱਚ ਇਲੈਕਟ੍ਰੋਨਿਕ

ਅਤੇ ਕਮਿਊਨੀਕੇਸ਼ਨ ਵਿੱਚ ਬੀ.ਟੈਕ. ਕੀਤੀ ਹੈ। ਅਜਕਲ ਇਹ ਗੁਰੂ ਤੇਗ ਬਹਾਦਰ ਖਾਲਸਾ ਇੰਸਟੀਟਿਊਟ ਆਫ ਇੰਜਨੀਅਰਿੰਗ ਐਂਡ ਟੈਕਨਾਲਿਜੀ ਕਾਲਜ ਛਾਪਿਆਂ ਵਾਲੀ, ਤਹਿਸੀਲ ਮਲੋਟ ਜ਼ਿਲ੍ਹਾ ਮੁਕਤਸਰ ਵਿਖੇ ਅਸਿਸਟੈਂਟ ਪ੍ਰੋਫੈਸਰ ਹੈ।

ਸੂਬਾ ਜੀ ਦੇ ਛੋਟੇ ਸਪੁੱਤਰ ਸ. ਰਘੁਬੀਰ ਸਿੰਘ, ਪਿੰਡ ਛਾਪਿਆਂ ਵਾਲੀ ਵਿਖੇ ਖੇਤੀ ਬਾੜੀ ਦਾ ਕੰਮ ਕਰਦੇ ਹਨ। ਇਨ੍ਹਾਂ ਦਾ ਇਕੋ ਪੁੱਤਰ ਕਰਨਦੀਪ ਸਿੰਘ ਹੈ ਜੋ ਇੰਜੀਨੀਅਰਿੰਗ ਕਰ ਰਿਹਾ ਹੈ।

ਸੂਬਾ ਜੀ ਦੀ ਸਪੁੱਤਰੀ ਬੀਬੀ ਕੁਲਬੀਰ ਕੌਰ ਸੁਪਤਨੀ ਸ. ਜਗਤਾਰ ਸਿੰਘ ਸਿੱਧੂ ਬਰਾੜ (ਪਿੰਡ ਉਦੇਕਰਨ ਜ਼ਿਲ੍ਹਾ ਮੁਕਤਸਰ) ਦੀਆਂ ਦੋ ਲੜਕੀਆਂ ਨਵਦੀਪ ਕੌਰ, ਸੰਦੀਪ ਕੌਰ ਅਤੇ ਇਕ ਪੁੱਤਰ ਦਵਿੰਦਰ ਸਿੰਘ ਹੈ।

**ਸ੍ਰੀ ਭੈਣੀ ਸਾਹਿਬ, ਸ੍ਰੀ ਜੀਵਨ ਨਗਰ ਅਤੇ ਮਸਤਾਨਗੜ੍ਹ ਦੀਆਂ ਗਊਸ਼ਾਲਾਵਾਂ ਦੇ ਸਮੇਂ ਸਮੇਂ 'ਤੇ ਰਹੇ ਮੁਖ ਪ੍ਰਬੰਧਕ ਅਤੇ ਖਾਸ ਸੇਵਾਦਾਰਾਂ ਦੇ ਕੁਝ ਵੇਰਵੇ ਇਸ ਪ੍ਰਕਾਰ ਹਨ -**

**ਸੂਬਾ ਵਰਿਆਮ ਸਿੰਘ -**

ਸੂਬਾ ਵਰਿਆਮ ਸਿੰਘ (ਸਪੁੱਤਰ ਸੰਤ ਚੂੜ ਸਿੰਘ ਪਿਛਲਾ ਪਿੰਡ ਜਮਸ਼ੇਰ, ਪਾਕਿਸਤਾਨ) ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਵਿਚ ਸੰਨ 1947 ਤੋਂ ਪਹਿਲੋਂ ਸ੍ਰੀ ਭੈਣੀ ਸਾਹਿਬ ਵਿਖੇ ਗਊਸ਼ਾਲਾ ਦੇ ਮੁੱਖ ਪ੍ਰਬੰਧਕ ਵਜੋਂ ਸੇਵਾ ਕਰਦੇ ਰਹੇ। ਜਦੋਂ ਸ੍ਰੀ ਸਤਿਗੁਰੂ ਜੀ ਨੇ ਸ੍ਰੀ ਜੀਵਨ ਨਗਰ ਦਾ ਇਲਾਕਾ ਅਬਾਦ ਕੀਤਾ, ਉਦੋਂ ਆਪ ਹੁਕਮ ਅਨੁਸਾਰ ਉਥੇ ਗਊਸ਼ਾਲਾ ਵਿਚ ਸੇਵਾ ਕਰਨ ਚਲੇ ਗਏ। ਸਾਰੀ ਉਮਰ ਆਪ ਨੇ ਸੇਵਾ ਕੀਤੀ ਅਤੇ ਸੰਨ 1975 ਚ ਆਪ ਸ੍ਰੀ ਭੈਣੀ ਸਾਹਿਬ ਆ ਗਏ ਅਤੇ ਇਥੇ ਹੀ ਚੜ੍ਹਾਈ ਕੀਤੇ।

ਸੂਬਾ ਜੀ ਸਾਰੀਆਂ ਪਸ਼ੂ ਪ੍ਰਦਰਸ਼ਨੀਆਂ ਵਿਚ ਗਊਆਂ ਤੇ ਹੋਰ ਪਸ਼ੂ ਧਨ ਲੈ ਕੇ ਜਾਇਆ ਕਰਦੇ ਸਨ ।ਸ੍ਰੀ ਸਤਿਗੁਰੂ ਜੀ ਦੀਆਂ ਆਪ 'ਤੇ ਬਹੁਤ ਖੁਸ਼ੀਆਂ ਸਨ। ਸੰਤ ਗੁਰਬਖਸ਼ ਸਿੰਘ ਸ੍ਰੀ ਭੈਣੀ ਸਾਹਿਬੀਆ ਸਪੁੱਤਰ ਸੰਤ ਝੰਡਾ ਸਿੰਘ ਅਤੇ ਸੰਤ ਪੂਰਨ ਸਿੰਘ ਸਪੁੱਤਰ ਸੰਤ ਸੇਵਾ ਸਿੰਘ, ਸੰਤ ਬਖਤੌਰ ਸਿੰਘ ਸਪੁੱਤਰ ਸੰਤ ਜੋਧ ਸਿੰਘ, ਸੂਬਾ ਵਰਿਆਮ ਸਿੰਘ ਸਹਾਇਕ ਵਜੋਂ ਨਾਲ ਸੇਵਾ ਕਰਿਆ ਕਰਦੇ ਸਨ।

ਸੂਬਾ ਜੀ ਦਾ ਪਰਿਵਾਰ ਸ੍ਰੀ ਜੀਵਨ ਨਗਰ ਰਹਿੰਦਾ ਹੈ। ਉਥੇ ਇਨ੍ਹਾਂ ਦੇ ਤਿੰਨ ਪੁੱਤਰ ਸਰਵ ਸ੍ਰੀ ਮਹਿੰਦਰ ਸਿੰਘ, ਸੁਖਚੈਨ ਸਿੰਘ ਗਾਂਧੀ ਅਤੇ ਬਖਸ਼ੀਸ਼ ਸਿੰਘ ਰਹਿੰਦੇ ਹਨ।

**ਸੰਤ ਦਿਲਬਾਗ ਸਿੰਘ -**

ਇਹ ਪਿੰਡ ਰਾਣੀਆਂ ਜ਼ਿਲ੍ਹਾ ਸਰਸਾ ਦੇ ਹਨ, ਇਹ ਸੰਤ ਹਰੀ ਸਿੰਘ ਅਤੇ ਮਾਤਾ ਰਾਮ ਕੌਰ ਦੇ ਪੁੱਤਰ ਹਨ। ਇਨ੍ਹਾਂ ਦੇ ਨਾਨਾ ਜੀ ਸੰਤ ਸੇਵਾ ਸਿੰਘ (ਕੱਕੜਾਂ ਵਾਲੇ) ਨੇ ਇਨ੍ਹਾਂ ਨੂੰ ਬਚਪਨ ਤੋਂ ਹੀ ਸ੍ਰੀ ਸਤਿਗੁਰੂ ਜੀ ਨੂੰ ਮੱਥਾ ਟੇਕ ਦਿੱਤਾ ਸੀ। ਇਹ ਦਸ ਜਮਾਤਾਂ ਆਪਣੇ ਪਿੰਡ ਵਿੱਚ ਪੜ੍ਹਨ ਮਗਰੋਂ ਸੇਵਾ ਕਰਨ ਸ੍ਰੀ ਭੈਣੀ ਸਾਹਿਬ ਆ ਗਏ

ਸਨ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਤੋਂ ਹੀ ਇਹ ਸ੍ਰੀ ਭੈਣੀ ਸਾਹਿਬ ਦੀ ਇਸ ਗਊਸ਼ਾਲਾ ਦੇ ਪ੍ਰਬੰਧਕ ਵਜੋਂ ਸੇਵਾ ਕਰਦੇ ਰਹੇ। ਇਨ੍ਹਾਂ ਨੇ ਸੰਨ 1950 ਤੋਂ ਸੰਨ 1993 ਤੀਕ ਕ੍ਰੀਬ 43 ਸਾਲ ਸ੍ਰੀ ਭੈਣੀ ਸਾਹਿਬ ਗਊਸ਼ਾਲਾ ਦੇ ਪਹਿਲੋਂ ਸੇਵਾਦਾਰ ਅਤੇ ਫਿਰ ਪ੍ਰਬੰਧਕ ਵਜੋਂ ਸੇਵਾ ਕੀਤੀ। ਫਿਰ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸ੍ਰੀ ਜੀਵਨ ਨਗਰ ਗਊਸ਼ਾਲਾ ਵਿਖੇ ਸੇਵਾ ਕਰਨ ਚਲੇ ਗਏ। ਡਾ. ਇਕਬਾਲ ਸਿੰਘ ਸ੍ਰੀ ਭੈਣੀ ਸਾਹਿਬ ਇਨ੍ਹਾਂ ਦੇ ਛੋਟੇ ਭਰਾ ਹਨ।

ਸ੍ਰੀ ਭੈਣੀ ਸਾਹਿਬ ਦੀ ਗਊਸ਼ਾਲਾ ਵਿਖੇ ਪ੍ਰਬੰਧਕ ਵਜੋਂ ਸੇਵਾ ਕਰਦਿਆਂ ਸੰਤ ਦਿਲਬਾਗ ਸਿੰਘ ਦੀ ਦੇਖ-ਰੇਖ ਹੇਠ ਬਹੁਤ ਕੰਮ ਹੋਇਆ। ਗਊਆਂ ਬਾਰੇ ਇਨ੍ਹਾਂ ਨੂੰ ਬਹੁਤ ਜਾਣਕਾਰੀ ਹੈ। ਬੀਮਾਰ ਗਊਆਂ ਨੂੰ ਠੀਕ ਕਰਨ ਦੇ ਨੁਸਖੇ ਅਤੇ ਦਵਾਈਆਂ ਦੀ ਇਨ੍ਹਾਂ ਨੂੰ ਭਰਪੂਰ ਜਾਣਕਾਰੀ ਹੈ। ਨਸਲ ਸੁਧਾਰ ਦਾ ਕੰਮ ਵੀ ਇਨ੍ਹਾਂ ਨੇ ਕੀਤਾ।

ਇਨ੍ਹਾਂ ਵਲੋਂ ਵਧੀਆ ਸੰਭਾਲ ਕੀਤੇ ਜਾਣ ਕਾਰਣ, ਇਨ੍ਹਾਂ ਵੇਲੇ ਗਊਆਂ ਨੇ ਬਹੁਤ ਦੁੱਧ ਦਿੱਤਾ। ਇਹ ਦੱਸਦੇ ਹਨ ਕਿ ਸਮੁੰਦਰੀ ਗਾਂ ਹਰ ਰੋਜ 40 ਪੌਂਡ ਦੁੱਧ ਦਿੰਦੀ ਰਹੀ। ਜਿਸ ਕਾਰਣ 'ਗੋਪਾਲ ਰਤਨ' ਪੁਰਸਕਾਰ ਪ੍ਰਾਪਤ ਹੋਇਆ, ਉਸ ਪੁਤਲੀ ਗਾਂ ਨੇ 300 ਦਿਨਾਂ 'ਚ ਸੱਤ ਹਜਾਰ 625 ਪੌਂਡ ਦੁੱਧ ਦਿੱਤਾ ਅਤੇ ਲਗਾਤਾਰ ਚਾਰ ਸਾਲ ਭਾਰਤ ਸਰਕਾਰ ਵਲੋਂ ਇਨਾਮ ਜਿੱਤਦੀ ਰਹੀ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਬਹੁਤ ਕਿਰਪਾ ਬਖ਼ਸ਼ਿਸ਼ ਅਤੇ ਖੁਸ਼ੀਆਂ ਇਨ੍ਹਾਂ 'ਤੇ ਰਹੀਆਂ। ਸ੍ਰੀ ਸਤਿਗੁਰੂ ਜੀ ਨੇ ਸਮੇਂ ਸਮੇਂ 'ਤੇ ਹੁਕਮ ਕਰ ਕਈ ਵਰ ਇਨ੍ਹਾਂ ਨੂੰ ਦਿੱਤੇ, ਜਿਵੇਂ ਕਿ:-

"ਦਿਲਬਾਗ ਸਿੰਘ ਉਨ੍ਹਾਂ ਬੱਚਿਆਂ 'ਚੋਂ ਹੈ ਜਿਹੜੇ ਪਿੱਛੋਂ ਦੌੜ ਕੇ ਸਭ ਤੋਂ ਅੱਗੇ ਲੰਘ ਜਾਂਦੇ ਹਨ।"

"ਜਿੰਨੀ ਤੂੰ ਗਊਸ਼ਾਲਾ 'ਚ ਤਨੋਂ ਮਨੋਂ ਸੇਵਾ ਕਰਦਾ ਹੈ, ਕੋਈ ਵਿਰਲਾ ਹੀ ਸਿੱਖ ਕਰਦਾ ਹੈ।"

"ਗਊਸ਼ਾਲਾ 'ਚ ਸਭ ਤੋਂ ਲੰਮਾ ਸਮਾਂ ਸੇਵਾ, ਦਿਲਬਾਗ ਸਿੰਘ ਦੀ ਰਹੇਗੀ।"

"ਇਹ ਗਊਆਂ ਦੀ ਸੇਵਾ ਤਨੋਂ ਮਨੋਂ, ਨਿਸ਼ਕਾਮ ਹੋ ਕੇ ਕਰਦਾ ਹੈ। ਦਰਗਾਹ ਵਿੱਚ ਇਸ ਲਈ ਦਰਵਾਜੇ ਖੁੱਲ੍ਹੇ ਰਹਿਣਗੇ।"

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਵੀ ਬਹੁਤ ਖੁਸ਼ੀਆਂ ਇਨ੍ਹਾਂ 'ਤੇ ਰਹੀਆਂ।

ਸੰਨ 1993 ਤੋਂ ਸੰਤ ਦਿਲਬਾਗ ਸਿੰਘ, ਸ੍ਰੀ ਜੀਵਨ ਨਗਰ ਦੀ ਗਊਸ਼ਾਲਾ ਵਿਖੇ ਪ੍ਰਬੰਧਕ ਵਜੋਂ ਸੇਵਾ ਕਰ ਰਹੇ ਹਨ। ਇਹ ਆਪਣੀ ਦੇਖ-ਰੇਖ ਹੇਠ ਸੇਵਕਾਂ ਤੋਂ ਕੰਮ ਕਰਵਾਉਂਦੇ ਹਨ। ਇਨ੍ਹਾਂ ਦੀ ਉਮਰ ਕ੍ਰੀਬ 76 ਸਾਲ ਦੀ ਹੈ (ਇਨ੍ਹਾਂ ਦਾ ਜਨਮ ਪਿੰਡ ਜਗਦਿਓ, ਜ਼ਿਲਾ ਲਾਇਲਪੁਰ ਪਾਕਿਸਤਾਨ ਵਿਖੇ ਹੋਇਆ ਸੀ।

ਸੰਤ ਦਿਲਬਾਗ ਸਿੰਘ ਹੋਰੀਂ ਚਾਰ ਭਰਾ ਹਨ:-

ਸੰਤ ਦਿਲਦਾਰ ਸਿੰਘ ਰਾਣੀਆਂ ( ਰੋਡਵੇਜ਼ 'ਚ ਡਰਾਈਵਰ ਰਹੇ)

ਫੌਜੀ ਪਾਲ ਸਿੰਘ ਰਾਣੀਆਂ

ਡਾ: ਇਕਬਾਲ ਸਿੰਘ: ਇਹ ਸੰਨ 1986 ਤੋਂ ਪਹਿਲੋਂ ਸੰਤ ਨਗਰ ਅਤੇ ਫਿਰ ਸੰਨ 1997 ਤੋਂ ਸ੍ਰੀ ਭੈਣੀ ਸਾਹਿਬ ਵਿਖੇ ਕੁਦਰਤੀ ਇਲਾਜ ਅਤੇ ਯੋਗ ਕਰਵਾਉਣ ਦੀ ਨਿਸ਼ਕਾਮ ਸੇਵਾ ਕਰ ਰਹੇ ਹਨ। ਸ੍ਰੀ ਭੈਣੀ ਸਾਹਿਬ ਵਿਖੇ ਰੋਜ਼ਾਨਾ ਸਵੇਰੇ ਆਸਾ ਦੀ ਵਾਰ ਦੇ ਕੀਰਤਨ ਦੀ ਸਮਾਪਤੀ ਮਗਰੋਂ ਇਹ ਸਾਧ-ਸੰਗਤ ਨੂੰ ਯੋਗ ਸਿਖਾਉਂਦੇ ਹਨ।

ਸੰਤ ਦਿਲਬਾਗ ਸਿੰਘ ਦੀ ਸੁਪਤਨੀ ਸਵ. ਸੀਤੋ ਸਨ। ਇਨ੍ਹਾਂ ਦੇ ਘਰ ਇਕੋ ਧੀ ਗੋਗੀ ਹੈ ਜੋ ਸੰਤ ਜਗਰਾਜ ਸਿੰਘ ਦੀ ਸੁਪਤਨੀ ਅਤੇ ਸੰਤ ਸਾਧੂ ਸਿੰਘ ਰਾਏਸਰ ਦੇ ਢੋਲਕੀ ਵਾਲਿਆਂ ਦੀ ਨੂੰਹ ਹੈ।

**ਸੰਤ ਮਹਿੰਦਰ ਸਿੰਘ ਬੀਂਡਾ -**

ਸੂਬਾ ਵਰਿਆਮ ਸਿੰਘ ਤੋਂ ਮਗਰੋਂ ਸੰਤ ਮਹਿੰਦਰ ਸਿੰਘ ਬੀਂਡਾ ਸਪੁੱਤਰ ਸੰਤ ਧਿਆਨ ਸਿੰਘ ਗਿੱਲ ( ਪਿਛੋਂ ਗਿੱਲਾਂ,ਜ਼ਿਲ੍ਹਾ ਲਾਇਲਪੁਰ ਦੇ) ਕਈ ਸਾਲ ਸ੍ਰੀ ਜੀਵਨ ਨਗਰ ਗਊਸ਼ਾਲਾ ਦੇ ਪ੍ਰਬੰਧਕ ਵਜੋਂ ਸੇਵਾ ਕਰਦੇ ਰਹੇ। ਫਿਰ ਹੁਕਮ ਅਨੁਸਾਰ ਆਪ ਸ੍ਰੀ ਭੈਣੀ ਸਾਹਿਬ ਗਊਸ਼ਾਲਾ ਵਿੱਚ ਪ੍ਰਬੰਧਕ ਵਜੋਂ ਸੇਵਾ ਕਰਨ ਆਏ। ਇਸ ਤੋਂ ਬਾਅਦ ਸੰਨ 2009 ਤੀਕ ਆਪ ਨੇ ਮਸਤਾਨਗੜ੍ਹ ਦੀ ਗਊਸ਼ਾਲਾ ਵਿਚ ਸੇਵਾ ਕੀਤੀ। ਸੰਨ 2010 ਵਿਚ ਸੰਤ ਬਲਵਿੰਦਰ ਸਿੰਘ (ਖੂਹ ਅੰਮ੍ਰਿਤਸਰ) ਮਸਤਾਨਗੜ੍ਹ ਦੀ ਗਊਸ਼ਾਲਾ ਦੇ ਪ੍ਰਬੰਧਕ ਬਣੇ।

ਸੰਤ ਮਹਿੰਦਰ ਸਿੰਘ ਬੀਂਡਾ ਦੱਸਦੇ ਹਨ ਕਿ ਸੰਨ 1947 ਨੂੰ ਉਹ ਛੋਟੀ ਉਮਰ ਦੇ ਸਨ, ਜਦੋਂ ਆਪਣੇ ਪਰਿਵਾਰ ਨਾਲ ਪਾਕਿਸਤਾਨ ਤੋਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿੱਚ ਆਏ ਸਨ।

ਬਚਪਨ ਤੋਂ ਹੀ ਆਪ ਸ੍ਰੀ ਜੀਵਨ ਨਗਰ ਗਊਸ਼ਾਲਾ ਵਿੱਚ ਗਊਆਂ ਨੂੰ ਚਾਰਨ, ਪੱਠੇ ਪਾਉਣ, ਧਾਰਾਂ ਕੱਢਣ ਆਦਿ ਦੀ ਸੇਵਾ ਕਰਨ ਲੱਗ ਪਏ ਸਨ। ਇਨ੍ਹਾਂ ਤੇ ਇਨ੍ਹਾਂ ਦੇ ਭਰਾ ਸੰਤੋਖ ਸਿੰਘ ਨੂੰ ਸ੍ਰੀ ਸਤਿਗੁਰੂ ਜੀ ਨੇ ਇਨ੍ਹਾਂ ਦੇ ਪਿੰਡ ਰਾਣੀਆਂ ਤੋਂ ਗਊਸ਼ਾਲਾ ਦੀ ਸੰਭਾਲ ਕਰਨ ਲਈ ਸ੍ਰੀ ਜੀਵਨ ਨਗਰ ਬੁਲਾ ਲਿਆ ਸੀ। ਸ੍ਰੀ ਸਤਿਗੁਰੂ ਜੀ ਨੇ ਇਨ੍ਹਾਂ ਨੂੰ ਪਹਿਲੋਂ ਸ੍ਰੀ ਜੀਵਨ ਨਗਰ ਦੀ ਗਊਸ਼ਾਲਾ ਦਾ ਪ੍ਰਬੰਧਕ ਬਣਾਇਆ। ਫਿਰ ਹੁਕਮ ਅਨੁਸਾਰ ਆਪ ਨੇ 15 ਸਾਲ ਸ੍ਰੀ ਭੈਣੀ ਸਾਹਿਬ ਦੀ ਗਊਸ਼ਾਲਾ ਅਤੇ ਕ੍ਰੀਬ 13 ਸਾਲ ਮਸਤਾਨਗੜ੍ਹ ਦੀ ਗਊਸ਼ਾਲਾ ਵਿੱਚ ਪ੍ਰਬੰਧਕ ਵਜੋਂ ਸੇਵਾ ਕੀਤੀ।

ਸ੍ਰੀ ਸਤਿਗੁਰੂ ਜਗਜੀਤ ਜੀ ਦੀਆਂ ਇਨ੍ਹਾਂ 'ਤੇ ਬਹੁਤ ਖੁਸ਼ੀਆਂ ਰਹੀਆਂ। ਇਨ੍ਹਾਂ ਦੇ ਪ੍ਰਬੰਧਕ ਵਜੋਂ ਸੇਵਾ ਕਰਨ ਸਮੇਂ ਦੌਰਾਨ ਕਈ ਗਊਆਂ ਪਸ਼ੂ ਪ੍ਰਦਰਸ਼ਨੀਆਂ ਅਤੇ

ਪ੍ਰਤੀਯੋਗਿਤਾਵਾਂ ਵਿੱਚੋਂ ਇਨਾਮ ਜਿੱਤਦੀਆਂ ਰਹੀਆਂ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਇਨ੍ਹਾਂ ਤੋਂ ਸ਼ਬਦ ਸੁਣਿਆ ਕਰਦੇ ਸਨ। ਸ਼ਬਦ ਸੁਣਦਿਆਂ ਸ੍ਰੀ ਸਤਿਗੁਰੂ ਜੀ ਨੇ ਬਚਨ ਕੀਤਾ ਕਿ ਇਹ ਤਾਂ ਬੀਂਡੇ ਵਾਂਗ ਬੋਲਦਾ ਹੈ। ਉਦੋਂ ਤੋਂ ਹੀ ਇਨ੍ਹਾਂ ਦਾ ਨਾਮ ਬੀਂਡਾ ਪੈ ਗਿਆ।

ਸੰਤ ਮਹਿੰਦਰ ਸਿੰਘ ਬੀਂਡਾ ਦੀ ਸੁਪਤਨੀ ਬੀਬੀ ਬਲਵਿੰਦਰ ਕੌਰ, ਮਹੰਤ ਬਖਤੌਰ ਸਿੰਘ ਪਿੰਡ ਸੈਦੋ (ਜ਼ਿਲ੍ਹਾ ਮੋਗਾ) ਦੀ ਬੇਟੀ ਹੈ।

ਸੰਤ ਮਹਿੰਦਰ ਸਿੰਘ ਦੇ ਦੋ ਸਪੁੱਤਰ ਅਤੇ ਚਾਰ ਧੀਆਂ ਹਨ। ਇਨ੍ਹਾਂ ਦਾ ਵੱਡਾ ਸਪੁੱਤਰ ਗੁਰਬਚਨ ਸਿੰਘ ਬਿੱਲਾ, ਜਿਹੜਾ ਕਈ ਸਾਲ ਪਹਿਲੋਂ ਸ੍ਰੀ ਭੈਣੀ ਸਾਹਿਬ ਵਿਖੇ ਪ੍ਰਯੋਗ ਵਿੱਚ ਅੰਮ੍ਰਿਤ ਵੇਲੇ ਪੀਪਾ ਵਜਾ ਕੇ ਸਾਧ-ਸੰਗਤ ਨੂੰ ਜਗਾਉਣ ਦੀ ਸੇਵਾ ਕਰਿਆ ਕਰਦਾ ਸੀ, ਅਜਕਲ ਕੈਨੇਡਾ ਵਿਖੇ ਰਹਿੰਦਾ ਹੈ। ਇਸਦੀ ਪਤਨੀ ਉੱਤਮ ਕੌਰ ਹੈ।

ਛੋਟਾ ਸਪੁੱਤਰ ਗੁਰਦੇਵ ਸਿੰਘ ਆਪਣੇ ਪਿਤਾ ਨਾਲ ਸ੍ਰੀ ਜੀਵਨ ਨਗਰ ਰਹਿੰਦਾ ਹੈ। ਸਪੁੱਤਰੀਆਂ ਵਿੱਚੋਂ ਵੱਡੀ ਧੀ ਸੁਖਪਾਲ ਕੌਰ, ਸੰਤ ਗੁਰਮੀਤ ਸਿੰਘ ਰਾਹੋਂ ਦੀ ਸੁਪਤਨੀ ਹੈ। ਇਸ ਤੋਂ ਛੋਟੀ ਧੀ ਰਾਣੀ ਸੰਤ ਸਰਮੇਸ਼ ਸਿੰਘ ਅੰਮ੍ਰਿਤਸਰ ਦੀ ਸੁਪਤਨੀ ਹੈ। ਧੀ ਵੀਰਾਂ ਸੁਪਤਨੀ ਸੰਤ ਧਿਆਨ ਸ੍ਰੀ ਭੈਣੀ ਸਾਹਿਬ ਅਤੇ ਧੀ ਗੁਰਮੀਤ ਕੌਰ ਸੁਪਤਨੀ ਸੰਤ ਰਾਜਾ ਸਿੰਘ ਸ੍ਰੀ ਭੈਣੀ ਸਾਹਿਬ ਹੈ।

**ਸੰਤ ਬਲਦੇਵ ਸਿੰਘ ਬਲੀਆ -**

ਜਦੋਂ ਸੰਤ ਮਹਿੰਦਰ ਸਿੰਘ ਬੀਂਡਾ ਸ੍ਰੀ ਜੀਵਨ ਨਗਰ ਤੋਂ ਸ੍ਰੀ ਭੈਣੀ ਸਾਹਿਬ ਆ ਗਏ ਉਦੋਂ ਸੰਤ ਬਲਦੇਵ ਸਿੰਘ (ਸਪੁੱਤਰ ਸੰਤ ਜੈ ਸਿੰਘ ਸੈਦੋ ਵਾਲੇ) ਸ੍ਰੀ ਜੀਵਨ ਨਗਰ ਵਿਖੇ, ਉਨ੍ਹਾਂ ਦੇ ਥਾਂ ਸੇਵਾ ਕਰਦੇ ਰਹੇ। ਆਪ ਚੜ੍ਹਾਈ ਕਰ ਗਏ ਹਨ, ਇਨ੍ਹਾਂ ਦਾ ਇਕ ਪੁੱਤਰ ਸਵ. ਹਰਦੀਪ ਸਿੰਘ ਸ੍ਰੀ ਜੀਵਨ ਨਗਰ ਰਹਿੰਦਾ ਸੀ।

**ਸੰਤ ਗੁਰਨਾਮ ਸਿੰਘ -**

ਜਦੋਂ ਸੰਤ ਮਹਿੰਦਰ ਸਿੰਘ ਬੀਂਡਾ ਸ੍ਰੀ ਭੈਣੀ ਸਾਹਿਬ ਗਊਸ਼ਾਲਾ ਤੋਂ ਮਸਤਾਨਗੜ੍ਹ ਦੀ ਗਊਸ਼ਾਲਾ ਵਿਚ ਪ੍ਰਬੰਧਕ ਵਜੋਂ ਚਲੇ ਗਏ, ਉਦੋਂ ਸੰਤ ਗੁਰਨਾਮ ਸਿੰਘ ਸ੍ਰੀ ਭੈਣੀ ਸਾਹਿਬ ਗਊਸ਼ਾਲਾ ਦੇ ਇੰਚਾਰਜ ਬਣੇ ਅਤੇ ਕ੍ਰੀਬ ਸੱਤ ਸਾਲ ਸੇਵਾ ਕੀਤੀ। ਅੱਜ ਕੱਲ ਇਹ ਸ੍ਰੀ ਭੈਣੀ ਸਾਹਿਬ ਹੀ ਰਹਿੰਦੇ ਹਨ। ਇਨ੍ਹਾਂ ਤੋਂ ਬਾਅਦ ਸ੍ਰੀ ਭੈਣੀ ਸਾਹਿਬ ਗਊਸ਼ਾਲਾ ਵਿਚ ਸੰਤ ਸਾਧੂ ਸਿੰਘ ਭੰਗੂਰ ਤੇ ਸੰਤ ਅਮਰ ਸਿੰਘ ਗਰੇਟਾ ਨੇ ਸੇਵਾ ਸੰਭਾਲੀ।

ਸੰਤ ਗੁਰਨਾਮ ਸਿੰਘ ( ਜਠੌਲ), ਸਾਬਕਾ ਹਜ਼ੂਰੀ ਲਾਂਗਰੀ ਸੰਤ ਸਤਨਾਮ ਸਿੰਘ ਦੇ ਛੋਟੇ ਭਰਾ ਹਨ। ਇਹ ਸੰਤ ਸੁੱਚਾ ਸਿੰਘ (ਪਿੰਡ ਬੁੱਢਣਪੁਰ ਜ਼ਿਲ੍ਹਾ ਕਰਨਾਲ) ਦੇ ਸਪੁੱਤਰ ਹਨ। ਸੰਤ ਗੁਰਨਾਮ ਸਿੰਘ ਸੰਨ 1984 'ਚ ਸ੍ਰੀ ਭੈਣੀ ਸਾਹਿਬ ਵਿਖੇ ਗਊਸ਼ਾਲਾ ਵਿੱਚ ਸੇਵਾ ਕਰਨ ਆਏ। ਇੱਕ ਸਾਲ ਇੱਥੇ ਇਨ੍ਹਾਂ ਨੇ ਸੇਵਾ ਕੀਤੀ। ਇਸ ਮਗਰੋਂ ਕੁਝ ਸਮਾਂ ਆਪ ਨੇ ਟਰੈਕਟਰ ਦੇ ਡਰਾਈਵਰ ਵਜੋਂ ਸੇਵਾ ਕੀਤੀ। ਫਿਰ

ਕ੍ਰੀਬ ਸੱਤ ਸਾਲ ਆਪ ਨੇ ਸ੍ਰੀ ਭੈਣੀ ਸਾਹਿਬ ਦੀ ਗਊਸ਼ਾਲਾ ਦੇ ਪ੍ਰਬੰਧਕ ਵਜੋਂ ਸੇਵਾ ਕਰ ਕੇ ਸ੍ਰੀ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਸ੍ਰੀ ਸਤਿਗੁਰੂ ਜੀ ਨੇ ਗਊਸ਼ਾਲਾ 'ਚ ਜਾ ਕੇ ਸੇਵਕਾਂ ਨੂੰ ਹੁਕਮ ਕੀਤਾ ਸੀ, "ਜਿਵੇਂ ਤੁਸੀਂ ਸੂਬਾ ਵਰਿਆਮ ਸਿੰਘ ਦਾ ਆਖ ਮੰਨਦੇ ਹੋ, ਇਵੇਂ ਗੁਰਨਾਮ ਸਿੰਘ ਦਾ ਕਹਿਣਾ ਮੰਨਣਾ ਹੈ।"

ਸੰਤ ਗੁਰਨਾਮ ਸਿੰਘ ਦੀ ਸੁਪਤਨੀ ਬੀਬੀ ਗੁਰਦੇਵ ਕੌਰ(ਸਪੁੱਤਰੀ ਸੰਤ ਸੁਲੱਖਣ ਸਿੰਘ ਖੰਘੂੜਾ ਪਿੰਡ ਕਿਰਪਾਲ ਪੱਟੀ, ਜ਼ਿਲ੍ਹਾ ਸਰਸਾ) ਹੈ। ਇਨ੍ਹਾਂ ਦੇ ਦੋ ਸਪੁੱਤਰ ਗੁਰਦਿਆਲ ਸਿੰਘ (ਆਸਟਰੇਲੀਆ) ਅਤੇ ਗੰਗਾ ਸਿੰਘ ਹਨ। ਬੇਟੀ ਗਿਆਨ ਕੌਰ ਹੈ। ਇਹ ਮੁਹਾਲੀ ਤੋਂ ਨਰਸਿੰਗ ਦਾ ਕੋਰਸ ਕਰ ਰਹੀ ਹੈ।

ਸੰਤ ਗੁਰਨਾਮ ਸਿੰਘ ਦੱਸਦੇ ਹਨ ਕਿ ਸ੍ਰੀ ਸਤਿਗੁਰੂ ਜੀ ਪਾਸੋਂ ਉਨ੍ਹਾਂ ਨੂੰ ਬਹੁਤ ਖੁਸ਼ੀਆਂ ਪ੍ਰਾਪਤ ਹੋਈਆਂ ਹਨ ਅਤੇ ਉਹ ਅਰਦਾਸ ਕਰਦੇ ਹਨ ਕਿ ਸਤਿਗੁਰੂ ਚਰਨਾਂ ਨਾਲ ਉਨ੍ਹਾਂ ਦੀ ਪ੍ਰੀਤ ਇਸੇ ਤਰ੍ਹਾਂ ਨਿਭੇ।

ਜਦੋਂ ਸੰਤ ਗੁਰਨਾਮ ਸਿੰਘ ਨੂੰ ਸ੍ਰੀ ਸਤਿਗੁਰੂ ਜੀ ਦਾ ਹੁਕਮ ਹੋਇਆ ਕਿ ਸ੍ਰੀ ਭੈਣੀ ਸਾਹਿਬ ਰਹਿ ਕੇ ਸੇਵਾ ਕਰਨੀ ਹੈ, ਉਦੋਂ ਤੋਂ ਆਪ ਨੇ ਹੁਕਮ ਦੀ ਪਾਲਣਾ ਕੀਤੀ। ਇਨ੍ਹਾਂ ਨੇ ਆਪਣੇ ਕਾਰਜ-ਕਾਲ ਦਰਮਿਆਨ ਗਊਸ਼ਾਲਾ ਦੀਆਂ ਗਊਆਂ ਦੀ ਖੁਰਾਕ ਅਤੇ ਸੇਵਾ ਵੱਲ ਵਿਸ਼ੇਸ਼ ਧਿਆਨ ਦਿੱਤਾ, ਜਿਸ ਦੇ ਫਲਸਰੂਪ ਗਊਆਂ ਦਾ ਰੋਜ਼ਾਨਾ ਦੁੱਧ 25 ਕਿਲੋ ਤੀਕ ਪਹੁੰਚ ਗਿਆ ਸੀ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸਾਰੇ ਸੇਵਕਾਂ ਦਾ ਬਹੁਤ ਧਿਆਨ ਰੱਖਦੇ ਹਨ। ਇੱਕ ਵਾਰ ਸੰਤ ਗੁਰਨਾਮ ਸਿੰਘ ਨੇ ਅਰਜ਼ ਕੀਤੀ ਸੀ ਕਿ ਮੈਂ ਆਪਣੇ ਪਿੰਡ ਫਸਲ ਸਾਂਭਣ ਜਾਣਾ ਹੈ ਤਾਂ ਸੱਚੇ ਪਾਤਸ਼ਾਹ ਜੀ ਨੇ ਹੁਕਮ ਕੀਤਾ ਕਿ ਮੈਂ ਤੇਰੇ ਪਿੰਡ ਫਸਲ ਸਾਂਭਣ ਲਈ ਬੰਦੇ ਭੇਜ ਦਿਆਂਗਾ ਜਿਹੜਾ ਕਿਸੇ ਨਾਲ ਲੈਣ-ਦੇਣ ਦਾ ਹਿਸਾਬ ਹੈ ਉਹ ਵੀ ਮੁਕਾ ਦਿਆਂਗੇ, ਤੂੰ ਫਿਕਰ ਨਾ ਕਰ ਇਥੇ ਰਹਿ ਕੇ ਸੇਵਾ ਕਰ।

**ਸੰਤ ਸਾਧੂ ਸਿੰਘ ਭੰਗੂਰ -**

ਸੰਤ ਬਲਦੇਵ ਸਿੰਘ ਬਲੀਆ ਤੋਂ ਬਾਅਦ ਸੰਤ ਸਾਧੂ ਸਿੰਘ ਸਪੁੱਤਰ ਸੰਤ ਸੋਹਣ ਸਿੰਘ ਖਤਰਾਈਆਂ ਸੰਨ 1985 ਤੋਂ ਸ੍ਰੀ ਜੀਵਨ ਨਗਰ ਗਊਸ਼ਾਲਾ ਦੇ ਪ੍ਰਬੰਧਕ ਰਹੇ। ਉਸ ਤੋਂ ਪਹਿਲੋਂ ਆਪ ਬਚਪਨ ਤੋਂ ਹੀ ਸ੍ਰੀ ਜੀਵਨ ਨਗਰ ਵਿਖੇ ਘੋੜਿਆਂ ਦੀ ਸੇਵਾ ਕਰਦੇ ਰਹੇ।

ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸੰਨ 1993 ਤੋਂ ਆਪ ਸ੍ਰੀ ਭੈਣੀ ਸਾਹਿਬ ਆ ਗਏ। ਉਦੋਂ ਤੋਂ ਆਪ ਸਮੇਂ ਸਮੇਂ 'ਤੇ ਲੰਗਰ 'ਚ ਸੇਵਾ ਕਰਦੇ ਰਹੇ, ਵਰਨੀਆਂ ਵਿਚ ਵੀ ਲੱਗੇ ਤੇ ਗਊਸ਼ਾਲਾ 'ਚ ਵੀ ਸੇਵਾ ਕਰਦੇ ਰਹੇ। ਸੰਨ 2008 ਤੋਂ ਸੰਨ 2009 ਤੀਕ ਆਪ ਬਿਰਧਸ਼ਾਲਾ 'ਚ ਇੰਚਾਰਜ ਰਹੇ। ਸੰਨ 2009 ਤੋਂ ਬਾਅਦ ਹੁਕਮ ਅਨੁਸਾਰ ਆਪ ਗਊਸ਼ਾਲਾ ਵਿਚ ਸੇਵਾ ਕਰ ਰਹੇ ਹਨ।

ਇਨ੍ਹਾਂ ਦਾ ਸਾਰਾ ਪਰਿਵਾਰ ਸ੍ਰੀ ਭੈਣੀ ਸਾਹਿਬ ਰਹਿੰਦਾ ਹੈ। ਇਨ੍ਹਾਂ ਦੇ ਪੁੱਤਰ ਸਰਵ ਸ੍ਰੀ ਜਸਵੰਤ ਸਿੰਘ, ਮਲਕੀਤ ਸਿੰਘ, ਕੁਲਵੰਤ ਸਿੰਘ ਅਤੇ ਸ਼ਾਮ ਸਿੰਘ ਹਨ।

**ਸੰਤ ਰੌਣਕ ਸਿੰਘ -**

ਸੰਤ ਰੌਣਕ ਸਿੰਘ ਸਪੁੱਤਰ ਸੰਤ ਦੀਵਾਨ ਸਿੰਘ ਧਰਨੇ (ਪਿਛਲਾ ਪਿੰਡ ਮਿਰਜਾ ਜਾਨ, ਗੁਜਰਾਂਵਾਲਾ, ਪਾਕਿਸਤਾਨ), ਘੋੜੇ ਘੋੜੀਆਂ ਵੀ ਸਾਂਭਦੇ ਰਹੇ ਅਤੇ ਲੰਮਾ ਸਮਾਂ ਸ੍ਰੀ ਜੀਵਨ ਨਗਰ ਗਊਸ਼ਾਲਾ ਦੇ ਪ੍ਰਬੰਧਕ ਵਜੋਂ ਵੀ ਰਹੇ। ਹਾਕੀ ਵਾਲੇ ਸੁਖਦੇਵ ਸਿੰਘ ਇਨ੍ਹਾਂ ਦੇ ਪੁੱਤਰ ਹਨ।

ਸੰਤ ਰੌਣਕ ਸਿੰਘ ਦੱਸਦੇ ਹਨ ਕਿ ਵੈਸੇ ਤਾਂ ਉਹ ਛੋਟੀ ਉਮਰ ਤੋਂ ਹੀ ਗਊਆਂ ਚਾਰਨ ਦੀ ਸੇਵਾ ਵਿੱਚ ਆ ਗਏ ਸਨ ਪਰ ਸ੍ਰੀ ਜੀਵਨ ਨਗਰ ਦੀ ਗਊਸ਼ਾਲਾ ਦੇ ਪ੍ਰਬੰਧਕ ਵਜੋਂ ਸੂਬਾ ਵਰਿਆਮ ਸਿੰਘ ਅਤੇ ਸੰਤ ਬਲੀ ਸਿੰਘ ਬਲੀਆ ਤੋਂ ਬਾਅਦ ਸੇਵਾ ਵਿੱਚ ਆਏ ਸਨ।

ਜਦ ਸੰਤ ਰੌਣਕ ਸਿੰਘ ਬਹੁਤ ਛੋਟੀ ਉਮਰ ਦੇ ਸਨ, ਇਨ੍ਹਾਂ ਦੇ ਮਾਂ-ਬਾਪ ਚੜ੍ਹਾਈ ਕਰ ਗਏ ਸਨ। ਸੰਨ 1947 ਵਿੱਚ ਇਹ ਕ੍ਰੀਬ ਅੱਠ ਸਾਲ ਦੀ ਉਮਰ ਵਿੱਚ ਪਾਕਿਸਤਾਨ ਤੋਂ, ਸਰੀਕੇ ਵਿੱਚੋਂ ਲਗਦੇ ਆਪਣੇ ਚਾਚਾ ਸੰਤ ਕਿਰਪਾਲ ਸਿੰਘ ਨਾਲ, ਸ੍ਰੀ ਜੀਵਨ ਨਗਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਕੋਲ ਆ ਗਏ ਸਨ। ਆਪ ਅਨੁਸਾਰ ਸ੍ਰੀ ਸਤਿਗੁਰੂ ਜੀ ਨੇ ਆਪ ਨੂੰ ਸੰਭਾਲਿਆ ਅਤੇ ਇਤਨਾ ਪਿਆਰ ਤੇ ਸਨੇਹ ਦਿੱਤਾ ਕਿ ਮਾਂ-ਬਾਪ ਜਾਂ ਭੈਣ-ਭਰਾ ਵੀ ਇਤਨਾ ਨਹੀਂ ਕਰ ਸਕਦੇ। ਸ੍ਰੀ ਸਤਿਗੁਰੂ ਜੀ ਨੇ ਆਪਣੇ ਲਾਂਗਰੀ ਸੰਤ ਆਤਮਾ ਸਿੰਘ( ਜੋ ਕਿ ਸੰਤ ਰਤਨ ਸਿੰਘ ਹਜ਼ੂਰੀ ਲਾਂਗਰੀ ਨਾਲ ਰਲ ਕੇ ਸੇਵਾ ਕਰਦੇ ਸਨ) ਕੋਲ ਇਨ੍ਹਾਂ ਨੂੰ ਪੜ੍ਹਨ ਲਗਾ ਦਿੱਤਾ।

ਜਦੋਂ ਇਹ ਨੌਜਵਾਨ ਅਵਸਥਾ ਵਿੱਚ ਪਹੁੰਚੇ ਤਾਂ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਇਨ੍ਹਾਂ ਦਾ ਵਿਆਹ ਬੀਬੀ ਸੁਰਜੀਤ ਕੌਰ (ਸਪੁੱਤਰੀ ਸਃ ਬਾਬੂ ਸਿੰਘ ਮਾਨਸਾ ਮੰਡੀ) ਨਾਲ ਹੋਇਆ। ਇਨ੍ਹਾਂ ਦੇ ਦੋ ਸਪੁੱਤਰ ਅਤੇ ਚਾਰ ਧੀਆਂ ਹਨ।

ਸਪੁੱਤਰਾਂ ਵਿੱਚੋਂ ਵੱਡਾ ਸੁਖਦੇਵ ਸਿੰਘ ਘੁੱਦ ਸ੍ਰੀ ਭੈਣੀ ਸਾਹਿਬ ਰਹਿੰਦਾ ਹੈ ਅਤੇ ਨਾਮਧਾਰੀ ਹਾਕੀ ਇਲੈਵਨ ਦੀ ਪਹਿਲੀ ਟੀਮ ਦਾ ਖਿਡਾਰੀ ਰਿਹਾ ਹੈ ਅਤੇ ਬਹੁਤ ਪ੍ਰਾਪਤੀਆਂ ਕੀਤੀਆਂ ਹਨ। ਇਸ ਬਾਰੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਬਚਨ ਕਰਦੇ ਹਨਃ

"ਇਹ ਸੁਖਦੇਵ ਸਿੰਘ ਘੁੱਦ ਹਾਕੀ ਖੇਡਦਾ ਹੈ, ਕੱਦ ਛੋਟਾ ਹੈ ਪਰ ਚੀਨ ਦੀ ਕੰਧ ਵਾਂਗੂੰ ਬਾਲ ਨੂੰ ਆਪਣੇ ਸਰਕਲ ਵਿੱਚੋਂ ਲੰਘਣ ਨਹੀਂ ਦਿੰਦਾ। ਇਹ ਉਸ ਸੰਤ ਰੌਣਕ ਸਿੰਘ ਦਾ ਪੁੱਤਰ ਹੈ ਜਿਨ੍ਹਾਂ ਨੂੰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੀ ਗੋਦ ਵਿੱਚ ਪਾਲਿਆ ਹੈ।"

ਸੰਤ ਸੁਖਦੇਵ ਸਿੰਘ ਘੁੱਦ ਦੀ ਸੁਪਤਨੀ ਰਾਜ ਕੌਰ, ਸੰਤ ਪਿਆਰਾ ਸਿੰਘ ਸੰਤਨਗਰ ਦੀ ਬੇਟੀ ਹੈ। ਇਸਦੇ ਦਾਦਾ ਜੀ ਸੰਤ ਸੰਤਾ ਸਿੰਘ ਸਨ। ਪੜਦਾਦਾ ਜੀ ਸੰਤ ਬਿਸ਼ਨ ਸਿੰਘ ਸੁਨਿਆਰਾ ਸਨ, ਜਿਹੜੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪਹਿਲੇ ਹੁਕਮਨਾਮੇ ਬਰਮਾ ਤੋਂ ਲੈ ਕੇ ਆਏ ਸਨ। ਸੰਤ ਸੁਖਦੇਵ ਸਿੰਘ ਦੀ ਇੱਕ ਬੇਟੀ ਗੁਰਪ੍ਰੀਤ ਕੌਰ ਤੇ ਦੋ ਬੇਟੇ ਹਨ। ਦੋਵੇਂ ਬੇਟੇ ਸਵਰਨ ਸਿੰਘ ਤੇ ਗੁਲਜਾਰ ਸਿੰਘ ਮੱਸਲ ਵੀਕਨੈਸ ਦੀ ਬੀਮਾਰੀ ਨਾਲ ਪੀੜਤ ਹਨ, ਸ੍ਰੀ ਸਤਿਗੁਰੂ ਦੀ ਕਿਰਪਾ ਨਾਲ ਅੱਗੇ ਨਾਲੋਂ ਠੀਕ ਹਨ। ਇਹ ਜਪ-ਪ੍ਰਯੋਗ ਸਮੇਂ ਰਾਤ ਇੱਕ ਵਜੇ ਤੋਂ ਉਠ ਕੇ ਭਜਨ ਕਰਦੇ ਹਨ।

ਸੰਤ ਰੌਣਕ ਸਿੰਘ ਦੀਆਂ ਚਾਰ ਧੀਆਂ ਹਨ:-

1. ਬੀਬੀ ਰਾਜ ਕੌਰ ਸੁਪਤਨੀ ਸੰਤ ਜੋਗਿੰਦਰ ਸਿੰਘ ਲੁਧਿਆਣਾ।
2. ਬੀਬੀ ਜਸਵੀਰ ਕੌਰ ਸੁਪਤਨੀ ਸੰਤ ਜੋਗਿੰਦਰ ਸਿੰਘ ਰਾਣੀਆਂ
3. ਬੀਬੀ ਹਰਜਿੰਦਰ ਕੌਰ ਸੁਪਤਨੀ ਸੰਤ ਦੀਦਾਰ ਸਿੰਘ ਸਰਸਾ
4. ਬੀਬੀ ਬਲਵਿੰਦਰ ਕੌਰ ਸੁਪਤਨੀ ਸੰਤ ਸਤਪਾਲ ਸਿੰਘ ਦਿੱਲੀ

ਸੰਤ ਰੌਣਕ ਸਿੰਘ ਦੱਸਦੇ ਹਨ ਕਿ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵੀ ਮੈਨੂੰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵਾਂਗ ਹੀ ਪਿਆਰ ਨਾਲ ਨਿਵਾਜਦੇ ਰਹੇ ਹਨ।

**ਸੰਤ ਕਪੂਰ ਸਿੰਘ -**

ਸੰਤ ਕਪੂਰ ਸਿੰਘ ਸੈਣੀ (ਪਿੰਡ ਰੰਗੀਲਪੁਰ ਜ਼ਿਲ੍ਹਾ ਰੋਪੜ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਤੋਂ, ਸੰਨ 1957 ਤੋਂ ਕ੍ਰੀਬ 40 ਸਾਲ ਗਊਸ਼ਾਲਾ ਵਿਚ ਰਿਕਾਰਡ ਤਿਆਰ ਕਰਨ ਦੀ ਸੇਵਾ ਕਰਦੇ ਰਹੇ। ਉਦੋਂ ਤੋਂ ਗਊਆਂ ਦਾ ਸਾਰਾ ਰਿਕਾਰਡ ਇਨ੍ਹਾਂ ਦਾ ਬਣਾਇਆ ਹੋਇਆ ਹੈ।

ਸੰਤ ਕਪੂਰ ਸਿੰਘ ਦਾ ਜਨਮ ਸੰਨ 1920 ਵਿਚ ਪਿੰਡ ਮੌਲੀ ਬਾਦਵਾਨ ਤਹਿਸੀਲ ਖਰੜ ਜ਼ਿਲ੍ਹਾ ਰੋਪੜ ਵਿਖੇ ਪਿਤਾ ਸ. ਸੁੰਦਰ ਸਿੰਘ ਅਤੇ ਮਾਤਾ ਰਾਜ ਕੌਰ ਦੇ ਗ੍ਰਹਿ ਵਿਖੇ ਹੋਇਆ। ਪਰਿਵਾਰ ਵਿਚ ਸਭ ਤੋਂ ਪਹਿਲਾਂ ਇਨ੍ਹਾਂ ਦੇ ਛੋਟੇ ਭਰਾ ਸੰਤ ਜੰਗ ਸਿੰਘ ਜੀ ਨਾਮਧਾਰੀ ਸਜੇ।

ਸ. ਕਪੂਰ ਸਿੰਘ ਨੂੰ ਸ਼ੁਰੂ ਤੋਂ ਹੀ ਖੇਤੀ ਬਾੜੀ ਅਤੇ ਗਾਵਾਂ ਮੱਝਾਂ ਪਾਲਣ ਦਾ ਬਹੁਤ ਸ਼ੌਕ ਸੀ। ਮੈਟ੍ਰਿਕ ਦੀ ਪੜ੍ਹਾਈ ਪੂਰੀ ਕਰਨ ਉਪ੍ਰੰਤ ਆਪ ਸੰਨ 1938 ਵਿਚ ਸਰਕਾਰੀ ਡੇਅਰੀ ਲਾਹੌਰ ਵਿਖੇ ਮਿਲਕ ਰਿਕਾਰਡਰ ਦੀ ਨੌਕਰੀ ਕਰਨ ਲੱਗ ਪਏ। ਦੇਸ਼ ਦੀ ਵੰਡ ਤੋਂ ਬਾਅਦ ਆਪ ਪਾਕਿਸਤਾਨ ਤੋਂ ਵਾਪਸ ਆ ਕੇ 'ਐਡਵਰਡ ਕਵਾਟਿੰਡ ਡੇਅਰੀ ਦਿੱਲੀ' ਵਿਖੇ ਨੌਕਰੀ ਕਰਨ ਲੱਗੇ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਅਨੁਸਾਰ ਮਹਾਰਾਜ ਬੀਰ ਸਿੰਘ, ਸ.ਕਪੂਰ ਸਿੰਘ ਨੂੰ ਦਿੱਲੀ ਤੋਂ ਸ੍ਰੀ ਜੀਵਨ ਨਗਰ ਵਿਖੇ ਲੈ ਆਏ ਅਤੇ ਉਨ੍ਹਾਂ ਨੂੰ ਉਥੇ

ਡੇਰੇ ਦੀ ਗਊਸ਼ਾਲਾ ਵਿਚ ਗਾਵਾਂ-ਮੱਝਾਂ ਦੇ ਦੁੱਧ ਘਿਓ ਦੇ ਨਾਪ ਤੋਲ ਅਤੇ ਉਨ੍ਹਾਂ ਦੀ ਪੈਡਾਗਿਰੀ ਬਣਾਉਣ ਦਾ ਕੰਮ ਸੌਂਪ ਦਿਤਾ। ਇਥੇ ਉਨ੍ਹਾਂ ਨੇ ਇਹ ਸੇਵਾ ਤਕਰੀਬਨ 25 ਸਾਲ ਨਿਭਾਈ। ਇਸ ਸਮੇਂ ਦੌਰਾਨ ਉਨ੍ਹਾਂ ਨੇ ਸ੍ਰੀ ਜੀਵਨ ਨਗਰ ਵਿਖੇ ਹਰ ਇਕ ਗਾਂ-ਮੱਝ ਦੇ ਦੁੱਧ ਦਾ ਸਲਾਨਾ ਰਿਕਾਰਡ ਬਣਾਇਆ।

ਇਸ ਉਪ੍ਰੰਤ ਉਹ ਕ੍ਰੀਬ ਸੰਨ 1975 ਵਿਚ ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸ੍ਰੀ ਭੈਣੀ ਸਾਹਿਬ ਵਿਖੇ ਆ ਗਏ। ਇਥੇ ਉਨ੍ਹਾਂ ਨੂੰ ਸ੍ਰੀ ਭੈਣੀ ਸਾਹਿਬ ਡੇਰੇ ਵਿਚ ਗਊਆਂ ਦੇ ਦੁੱਧ ਘਿਓ ਦਾ ਰਿਕਾਰਡ ਤਿਆਰ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ।

ਸੰਤ ਕਪੂਰ ਸਿੰਘ ਨੇ ਸ੍ਰੀ ਭੈਣੀ ਸਾਹਿਬ ਵਿਖੇ ਮੱਝਾਂ ਤੇ ਗਾਵਾਂ ਦਾ ਰਿਕਾਰਡ ਇਸ ਤਰੀਕੇ ਨਾਲ ਤਿਆਰ ਕੀਤਾ ਕਿ ਉਸ ਨੂੰ ਵੇਖ ਕੇ ਬਾਹਰੋਂ ਗਾਵਾਂ ਮੱਝਾਂ ਖਰੀਦਣ ਵਾਲੇ ਅਧਿਕਾਰੀ ਅਤੇ ਵਪਾਰੀ ਲੋਕ ਦੰਗ ਰਹਿ ਜਾਂਦੇ ਸਨ। ਸ੍ਰੀ ਭੈਣੀ ਸਾਹਿਬ ਵਿਖੇ ਉਨ੍ਹਾਂ ਇਹ ਸੇਵਾ ਤਕਰੀਬਨ 20 ਸਾਲ ਆਪਣੇ ਮਨ ਤਨ ਤੇ ਧਨ ਨਾਲ ਨਿਭਾਈ। ਸੰਨ 1993 ਵਿਚ ਉਹ ਸਿਹਤ ਠੀਕ ਨਾ ਹੋਣ ਕਾਰਨ ਸਤਿਗੁਰਾਂ ਦੀ ਆਗਿਆ ਨਾਲ ਆਪਣੇ ਪਿੰਡ ਰੰਗੀਲਪੁਰ ਜ਼ਿਲ੍ਹਾ ਰੋਪੜ ਵਿਖੇ ਆ ਗਏ ਅਤੇ ਇਥੇ ਹੀ ਉਹ ਅਕਤੂਬਰ ਸੰਨ 1998 ਵਿਚ ਚੜ੍ਹਾਈ ਕਰ ਗਏ। ਸ੍ਰੀ ਭੈਣੀ ਸਾਹਿਬ ਵਿਖੇ ਉਨ੍ਹਾਂ ਵਲੋਂ ਤਿਆਰ ਕੀਤਾ ਗਿਆ ਰਿਕਾਰਡ ਅੱਜ ਤਕ ਵੀ ਮੌਜੂਦ ਹੈ।

ਸੰਤ ਕਪੂਰ ਸਿੰਘ ਦਾ ਪਹਿਲਾ ਵਿਆਹ ਬੀਬੀ ਕੁਲਦੀਪ ਕੌਰ ਸਪੁੱਤਰੀ ਸ. ਆਤਮਾ ਸਿੰਘ ਲੌਦੀ ਮਾਜਰਾ ਨਾਲ ਹੋਇਆ। ਇਨ੍ਹਾਂ ਦੇ ਚੜ੍ਹਾਈ ਕਰਨ ਉਪ੍ਰੰਤ ਦੂਜਾ ਵਿਆਹ ਬੀਬੀ ਅੰਮ੍ਰਿਤ ਕੌਰ ਸਪੁੱਤਰੀ ਡਾ. ਤ੍ਰਿਲੋਕ ਸਿੰਘ ਨਾਲ ਹੋਇਆ।

ਸੰਤ ਕਪੂਰ ਸਿੰਘ ਦੇ ਤਿੰਨ ਸਪੁੱਤਰ ਹਨ- ਸ. ਜਸਵੰਤ ਸਿੰਘ, ਸ. ਅਮਰੀਕ ਸਿੰਘ ਪਿੰਡ ਮੌਲੀ ਅਤੇ ਡਾ. ਸੁਖਬੀਰ ਸਿੰਘ ਪਿੰਡ ਰੰਗੀਲਪੁਰ ਜ਼ਿਲ੍ਹਾ ਰੋਪੜ ।

ਸ. ਜਸਵੰਤ ਸਿੰਘ, ਐਡਵੋਕੇਟ ਜਨਰਲ ਪੰਜਾਬ ਤੋਂ ਸੁਪਰਡੈਂਟ ਰਿਟਾਯਰ ਹੋਏ ਹਨ। ਇਨ੍ਹਾਂ ਦੀ ਸੁਪਤਨੀ ਬੀਬੀ ਸਵਰਨ ਕੌਰ ਸਪੁੱਤਰੀ ਸ. ਅਜੀਤ ਸਿੰਘ ਦੇਸੂ-ਮਾਜਰੇ ਤੋਂ ਹਨ। ਇਨਾਂ ਦੇ ਦੋ ਪੁੱਤਰ ਹਨ- ਹਰਿੰਦਰਪਾਲ ਸਿੰਘ ਤੇ ਬਲਵਿੰਦਰ ਸਿੰਘ। ਹਰਿੰਦਰਪਾਲ ਸਿੰਘ ਪੀ. ਜੀ. ਆਈ. ਚੰਡੀਗੜ੍ਹ ਵਿਚ ਇਲੈਕਟ੍ਰੀਸ਼ੀਅਨ ਹਨ।

ਸ. ਅਮਰੀਕ ਸਿੰਘ, ਪੰਜਾਬ ਸੈਕਟਰੀਏਟ ਚੰਡੀਗੜ੍ਹ ਵਿਚ ਚੌਥਾ ਪੰਜਾਬ ਵਿੱਤ ਕਮਿਸ਼ਨਰ ਵਿਭਾਗ ਵਿਚ ਸੁਪਰਡੈਂਟ ਹਨ। ਇਨ੍ਹਾਂ ਦਾ ਦਫਤਰ 17 ਸੈਕਟਰ, ਉਦਯੋਗ ਭਵਨ ਚੰਡੀਗੜ੍ਹ ਵਿਖੇ ਹੈ। ਇਹ ਮੁੱਖ ਮੰਤਰੀ ਪੰਜਾਬ ਦੇ ਦਫਤਰ ਵਿਚ ਵੀ ਕੰਮ ਕਰਦੇ ਰਹੇ ਹਨ। ਇਨ੍ਹਾਂ ਦੇ ਤਿੰਨ ਪੁੱਤਰ ਹਨ-ਕੁਲਵਿੰਦਰ ਸਿੰਘ ਤੇ ਪਰਮਜੀਤ ਸਿੰਘ ਜੋ ਸੈਕਟਰੀਏਟ 'ਚ ਨੌਕਰੀ ਕਰਦੇ ਹਨ ਅਤੇ ਹਰਜਿੰਦਰ ਸਿੰਘ ਫੂਡ ਸਪਲਾਈ ਇੰਸਪੈਕਟਰ ਹੈ।

ਡਾ. ਸੁਖਬੀਰ ਸਿੰਘ ਪਿੰਡ ਰੰਗੀਲਪੁਰ (ਰੋਪੜ) ਵਿਖੇ ਡਾਕਟਰ ਹਨ। ਇਨ੍ਹਾਂ ਦਾ ਇੱਕ ਪੁੱਤਰ ਵਰਿੰਦਰਪਾਲ ਸਿੰਘ ਅਤੇ ਦੋ ਧੀਆਂ ਹਨ।

ਸੰਤ ਅਤਰ ਸਿੰਘ ਗਰੇਟਾ -

ਸੰਤ ਕਪੂਰ ਸਿੰਘ ਤੋਂ ਬਾਅਦ, ਸ੍ਰੀ ਜੀਵਨ ਨਗਰ ਵਿਖੇ ਦੁੱਧ ਦਾ ਸਾਰਾ ਰਿਕਾਰਡ, ਸੰਤ ਅਤਰ ਸਿੰਘ ਗਰੇਟਾ ਸਪੁੱਤਰ ਸੰਤ ਸ਼ਿੰਗਾਰਾ ਸਿੰਘ ਗਰੇਟਾ ਨੇ ਸੰਨ 1976-78 ਤੀਕ ਦੋ ਸਾਲ ਸੰਭਾਲਿਆ ਅਤੇ ਨਾਲ ਹੀ ਗਊਆਂ ਦੀ ਸੇਵਾ ਵੀ ਕਰਦੇ ਸਨ।

ਸੰਤ ਅਮਰ ਸਿੰਘ ਗਰੇਟਾ -

ਸੰਤ ਅਮਰ ਸਿੰਘ ਗਰੇਟਾ ਸਪੁੱਤਰ ਸੰਤ ਪਿਆਰਾ ਸਿੰਘ ਗਰੇਟਾ ਸ੍ਰੀ ਜੀਵਨ ਨਗਰ ਨੇ ਚਾਚੇ ਦੇ ਪੁੱਤਰ ਜਗੀਰ ਸਿੰਘ, ਜੋਗਾ ਸਿੰਘ ਰੱਬ ਤੇ ਬਲਵਿੰਦਰ ਸਿੰਘ ਮਹੰਤ ਤਿੰਨੋਂ ਭਰਾ ਸਪੁੱਤਰ ਸੰਤ ਪੂਰਨ ਸਿੰਘ, ਅਤਰ ਸਿੰਘ ਸਪੁੱਤਰ ਸੰਤ ਸ਼ਿੰਗਾਰਾ ਸਿੰਘ ਨੂੰ ਗਊਆ ਦੀ ਸੇਵਾ ਕਰਨ ਜਾਂਦਿਆਂ ਦੇਖ, ਸੰਨ 1975 'ਚ 9ਵੀਂ ਕਲਾਸ ਵਿਚੋਂ ਪੜ੍ਹਾਈ ਛੱਡ ਕੇ ਸ੍ਰੀ ਜੀਵਨ ਨਗਰ ਦੀ ਗਊਸ਼ਾਲਾ ਵਿਖੇ ਸੇਵਾ ਕਰਨੀ ਸ਼ੁਰੂ ਕੀਤੀ।

ਸੰਤ ਮਹਿੰਦਰ ਸਿੰਘ ਬੀਂਡਾ ਨੇ ਅਰਜ਼ ਕਰ, ਸੰਤ ਅਮਰ ਸਿੰਘ ਨੂੰ ਦੁੱਧ ਦਾ ਰਿਕਾਰਡ ਲਿਖਣ ਲਾ ਦਿੱਤਾ।

ਸੰਤ ਅਮਰ ਸਿੰਘ ਸੰਨ 1987-88 ਤੋਂ ਸੰਨ 2009 ਤੀਕ ਸ੍ਰੀ ਜੀਵਨ ਨਗਰ, ਮਸਤਾਨਗੜ੍ਹ ਅਤੇ ਸ੍ਰੀ ਭੈਣੀ ਸਾਹਿਬ ਗਊਸ਼ਾਲਾ ਦੇ ਪ੍ਰਬੰਧਕ ਵੀ ਰਹੇ ਅਤੇ ਰਿਕਾਰਡ ਵੀ ਲਿਖਦੇ ਰਹੇ। ਇਨ੍ਹਾਂ ਨੇ 16 ਨਵੰਬਰ ਸੰਨ 1996 ਤੋਂ ਸੰਨ 2009 ਤਕ ਸ੍ਰੀ ਭੈਣੀ ਸਾਹਿਬ ਗਊਸ਼ਾਲਾ ਦਾ ਰਿਕਾਰਡ ਰੱਖਿਆ।

ਆਪ ਦੱਸਦੇ ਹਨ ਕਿ ਸ੍ਰੀ ਭੈਣੀ ਸਾਹਿਬ ਵਿਖੇ ਜਦੋਂ ਗਊਸ਼ਾਲਾ ਵੱਡੇ ਲੰਗਰ ਵਾਲੇ ਪਾਸੇ ਸੀ, ਰੋਜ਼ ਵਾਂਗ ਸ੍ਰੀ ਸਤਿਗੁਰੂ ਜੀ ਇਕ ਦਿਨ ਗਊਸ਼ਾਲਾ ਵਿਚ ਦਰਸ਼ਨ ਦੇਣ ਆਏ। ਉਦੋਂ ਉਥੇ ਮੁੱਖ ਪ੍ਰਬੰਧਕ ਸੰਤ ਗੁਰਨਾਮ ਸਿੰਘ ਅਤੇ ਰਿਕਾਰਡ ਰੱਖਣ ਵਾਲੇ ਸੰਤ ਅਮਰ ਸਿੰਘ ਗਰੇਟਾ ਸਨ।

ਸਤਿਗੁਰੂ ਜੀ ਹੁਕਮ ਕਰ ਕੇ ਪੁੱਛਿਆ, 'ਵੱਧ ਤੋਂ ਵੱਧ ਕਿੰਨਾ ਦੁੱਧ ਹੈ ਗਊਆਂ ਦਾ।'

ਸੰਤ ਅਮਰ ਸਿੰਘ ਨੇ ਅਰਜ਼ ਕੀਤੀ, 'ਵੱਧ ਤੋਂ ਵੱਧ ਦੁੱਧ 15 ਤੋਂ 16 ਕਿਲੋ ਚਲ ਰਿਹੈ।'

ਸ੍ਰੀ ਸਤਿਗੁਰੂ ਜੀ ਫਰਮਾਇਆ, ' 20 ਕਿਲੋ ਤੋਂ ਉੱਪਰ ਹੋਣਾ ਚਾਹੀਦਾ ਹੈ, ਜਿਸ ਚੀਜ਼ ਦੀ ਲੋੜ ਹੈ, ਮੈਨੂੰ ਦੱਸੋ। '

ਸੰਤ ਅਮਰ ਸਿੰਘ ਨੇ ਅਰਜ਼ ਕੀਤੀ, 'ਸੱਚੇ ਪਾਤਸ਼ਾਹ ਜੀ, ਆਪ ਜੀ ਦੀ ਬਖਸ਼ਿਸ਼ ਨਾਲ ਹੋ ਜਾਵੇਗਾ। '

ਗਊਆਂ ਵੱਲ ਹੋਰ ਜ਼ਿਆਦਾ ਧਿਆਨ ਦਿੱਤਾ ਗਿਆ ਅਤੇ ਗਊਸ਼ਾਲਾ ਦੀਆਂ ਸਾਰੀਆਂ ਗਊਆਂ ਦਾ ਦੁੱਧ ਨਵਾਂ ਸੂਆ ਪੈਣ ਦੇ ਹਿਸਾਬ ਨਾਲ ਵਧਦਾ ਗਿਆ ਅਤੇ 25 ਕਿਲੋ ਤਕ ਪਹੁੰਚ ਗਿਆ। ਸੰਤ ਅਮਰ ਸਿੰਘ ਗਰੇਟਾ ਦੇ ਦੋ ਬੇਟੇ ਗੁਲਜਾਰ ਸਿੰਘ ਤੇ ਅਵਤਾਰ ਸਿੰਘ ਹਨ ਅਤੇ ਬੇਟੀ ਅਵਤਾਰ ਕੌਰ ਹੈ।

**ਸੰਤ ਬਲਦੇਵ ਸਿੰਘ ਗਹਿਲਾਂ -**

ਸੰਤ ਬਲਦੇਵ ਸਿੰਘ, ਜੂਨ 2008 ਵਿਚ ਹੁਕਮ ਅਨਸੁਾਰ ਸ੍ਰੀ ਭੈਣੀ ਸਾਹਿਬ ਗਊਸ਼ਾਲਾ ਵਿਚ ਸੇਵਾ ਕਰਨ ਆਏ। ਸੰਤ ਅਮਰ ਸਿੰਘ ਗਰੇਟਾ ਮਗਰੋਂ ਹੁਣ ਤੀਕ ਇਹ ਗਊਸ਼ਾਲਾ ਵਿਖੇ ਪ੍ਰਬੰਧਕ ਹਨ ਅਤੇ ਗਊਆਂ ਦਾ ਸਾਰਾ ਰਿਕਾਰਡ ਵੀ ਰੱਖਦੇ ਹਨ। ਸੰਤ ਬਲਦੇਵ ਸਿੰਘ ਸਪੁੱਤਰ ਸੰਤ ਸੇਵਾ ਸਿੰਘ ਪਿੰਡ ਗਹਿਲਾਂ ਜ਼ਿਲ੍ਹਾ ਬਰਨਾਲਾ ਦੇ ਹਨ। ਇਨ੍ਹਾਂ ਦੇ ਚਾਚਾ ਜੀ ਸੰਤ ਕਾਲਾ ਸਿੰਘ ਕਣਕ ਝੋਨੇ ਦੀ ਉਗਰਾਹੀ ਕਰਨ ਦੀ ਸੇਵਾ ਕਰਦੇ ਹਨ। ਇਨ੍ਹਾਂ ਦੇ ਦਾਦਾ ਜੀ ਸੰਤ ਸਖਦੇਵ ਸਿੰਘ ਅਤੇ ਪੜਦਾਦਾ ਜੀ ਸੂਬਾ ਵਰਿਆਮ ਸਿੰਘ ਜੀ ਗਹਿਲਾਂ ਵਾਲੇ ਸਨ।

**ਸੰਤ ਨਿਰਮਲ ਸਿੰਘ ਖੂਹ ਅੰਮ੍ਰਿਤਸਰ -**

ਸੰਤ ਨਿਰਮਲ ਸਿੰਘ ਢਿਲੋਂ, ਪਿੰਡ ਖੂਹ ਅੰਮ੍ਰਿਤਸਰ ਜ਼ਿਲ੍ਹਾ ਸਰਸਾ ਹਰਿਆਣਾ ਦੇ ਹਨ। ਆਪ ਕ੍ਰੀਬ 8 ਸਾਲ ਮਸਤਾਨਗੜ੍ਹ ਦੀ ਗਊਸ਼ਾਲਾ ਵਿਖੇ ਪ੍ਰਬੰਧਕ ਰਹੇ।

ਸੰਤ ਸੁਖਦੇਵ ਸਿੰਘ ਸਪੁੱਤਰ ਸੰਤ ਉਮਰਾਓ ਸਿੰਘ (ਪਿੰਡ ਕੱਕੜ ਜ਼ਿਲ੍ਹਾ ਅੰਮ੍ਰਿਤਸਰ ਦੇ) ਅਤੇ ਸੰਤ ਪੂਰਨ ਸਿੰਘ (ਸੰਤ ਅਵਤਾਰ ਸਿੰਘ ਅੰਮ੍ਰਿਤਸਰ ਕਲਾਂ ਵਾਲਿਆਂ ਦੇ ਪਿਤਾ ), ਨਾਲ ਹੱਟੀ ਤੇ ਵਰਨੀਆਂ ਵਿਚ ਵੀ ਆਪ ਸੇਵਾ ਕਰਦੇ ਰਹੇ।

ਸੰਤ ਨਿਰਮਲ ਸਿੰਘ ਦੇ ਪੰਜ ਪੁੱਤਰ ਹਨ। ਮਹਿੰਦਰ ਸਿੰਘ ਤੇ ਭਗਵਾਨ ਸਿੰਘ ਨਾਮਧਾਰੀ ਰੱਸਾਕਸ਼ੀ ਦੀ ਟੀਮ ਦੇ ਮੋਢੀ ਮੈਂਬਰ ਰਹੇ ਹਨ। ਮਹਿੰਦਰ ਸਿੰਘ ਅਤੇ ਸਵਿੰਦਰ ਸਿੰਘ ਛਿੰਦਾ ਅਤੇ ਜੋਗਿੰਦਰ ਸਿੰਘ (ਰਾਮ) ਪਿੰਡ ਖੂਹ ਅੰਮ੍ਰਿਤਸਰ ਵਿਖੇ ਰਹਿੰਦੇ ਹਨ। ਬਲਵਿੰਦਰ ਸਿੰਘ ਸੰਨ 2010 ਤੋਂ ਮਸਤਾਨਗੜ੍ਹ ਦੀ ਗਊਸ਼ਾਲਾ ਵਿਖੇ ਮੁਖ ਪ੍ਰਬੰਧਕ ਹਨ। ਪਹਿਲੋਂ ਆਪ ਕਈ ਸਾਲਾਂ ਤੋਂ ਇਥੇ ਸੇਵਾਦਾਰ ਸਨ। ਭਗਵਾਨ ਸਿੰਘ,ਸ੍ਰੀ ਸਤਿਗੁਰੂ ਜੀ ਦੀਆਂ ਗੱਡੀਆਂ ਦੇ ਡਰਾਈਵਰ ਹਨ ਅਤੇ ਸ੍ਰੀ ਭੈਣੀ ਸਾਹਿਬ ਰਹਿੰਦੇ ਹਨ।

ਸੰਤ ਨਿਰਮਲ ਸਿੰਘ ਦੱਸਦੇ ਹਨ ਕਿ ਮੱਘਰ ਵਿਚ ਉਨ੍ਹਾਂ ਨੇ ਗਊਸ਼ਾਲਾ ਦਾ ਚਾਰਜ ਲਿਆ ਸੀ। ਇਕ ਦਿਨ ਸੱਚੇ ਪਾਤਸ਼ਾਹ ਜੀ ਆਏ ਤੇ ਫਰਮਾਇਆ ਕਿ ਗਊਆਂ ਲਿੱਸੀਆਂ ਹਨ। ਸੰਤ ਨਿਰਮਲ ਸਿੰਘ ਨੇ ਤਨ ਮਨ ਨਾਲ ਗਊਆਂ ਦੀ ਸੇਵਾ ਕੀਤੀ। ਜਦੋਂ ਸੱਚੇ ਪਾਤਸ਼ਾਹ ਜੀ ਚੇਤਰ ਵਿਚ ਦਰਸ਼ਨ ਦੇਣ ਆਏ ਤਾਂ ਮਾਲ ਦੀ ਹਾਲਤ ਵਧੀਆ ਹੋ ਗਈ ਸੀ। ਸੱਚੇ ਪਾਤਸ਼ਾਹ ਜੀ ਬਚਨ ਕੀਤਾ,

'ਨਿਰਮਲ ਸਿੰਘ ਆਪ ਤਾਂ ਲਿੱਸੇ ਹੋ ਗਏ, ਪਰ ਮਾਲ ਰਾਜ਼ੀ ਕਰ ਦਿੱਤਾ ਜਿਵੇਂ ਦਾ ਚਾਹੀਦਾ ਸੀ।'

ਗਊਸ਼ਾਲਾ ਦੀ ਸੇਵਾ ਮਗਰੋਂ ਆਪ ਹੱਟੀ ਦੇ ਇੰਚਾਰਜ ਰਹੇ।

**ਸੰਤ ਮੇਜਰ ਸਿੰਘ ਮਧੇਅ ਵਾਲਾ -**

ਸੰਤ ਮੇਜਰ ਸਿੰਘ ਮਧੇਅ ਵਾਲਾ ਜ਼ਿਲ੍ਹਾ ਮੋਗਾ, ਪਹਿਲੋਂ ਸ੍ਰੀ ਜੀਵਨ ਨਗਰ ਗਊਸ਼ਾਲਾ 'ਚ ਸੇਵਾ ਕਰਦੇ ਰਹੇ। ਫਿਰ ਮਸਤਾਨਗੜ੍ਹ ਦੀ ਗਊਸ਼ਾਲਾ ਵਿਖੇ ਕ੍ਰੀਬ

ਪੰਦਰਾਂ ਸਾਲ ਆਪ ਮੁੱਖ ਪ੍ਰਬੰਧਕ ਵਜੋਂ ਸੇਵਾ ਕਰਦੇ ਰਹੇ। ਪਿੰਡ ਰਾਣੀਆਂ ਵਿਖੇ ਇਨ੍ਹਾਂ ਦੇ ਸਪੁੱਤਰ ਗੁਰਮੇਲ ਸਿੰਘ ਤੇ ਗੁਰਦਿਆਲ ਸਿੰਘ ਰਹਿੰਦੇ ਹਨ।

**ਸੰਤ ਮੱਘਰ ਸਿੰਘ -**

ਸੰਤ ਮੱਘਰ ਸਿੰਘ ਸੈਦੋ ਕ੍ਰੀਬ ਪੰਜਾਹ ਸਾਲ , ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਫਿਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਵਕਤ ਵਿਚ ਸ੍ਰੀ ਜੀਵਨ ਨਗਰ ਅਤੇ ਮਸਤਾਨਗੜ੍ਹ ਗਊਸ਼ਾਲਾ ਵਿਖੇ ਨਿਸ਼ਕਾਮ ਸੇਵਾ ਕਰਦੇ ਰਹੇ। ਇਨ੍ਹਾਂ ਦੇ ਵੱਡੇ ਭਰਾ ਸੰਤ ਜੈ ਸਿੰਘ ਸੈਦੋ , ਸ੍ਰੀ ਜੀਵਨ ਨਗਰ ਵਿਖੇ ਲੰਮਾ ਸਮਾਂ ਹੱਟੀ ਦੇ ਇੰਚਾਰਜ ਰਹੇ।

ਸੰਤ ਮਘੱਰ ਸਿੰਘ (ਸਪੁੱਤਰ ਸੰਤ ਸੁਹਾਵਾ ਸਿੰਘ ਅਤੇ ਮਾਤਾ ਰਾਜ ਕੌਰ) ਦਾ ਜਨਮ ਪਿੰਡ ਸੈਦੋ ਹੁਣ ਜ਼ਿਲ੍ਹਾ ਮੋਗਾ ਵਿਖੇ ਹੋਇਆ। ਇਨ੍ਹਾਂ ਦੇ ਦਾਦਾ ਜੀ ਸੰਤ ਪਾਖਰ ਸਿੰਘ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਵਕਤ ਵਿਚ ਹੋਏ ਸੂਬਾ ਮਾਨ ਸਿੰਘ ਸੈਦੋ ਵਾਲਿਆ ਦੇ ਸਰੀਕੇ ਪਰਿਵਾਰ ਵਿਚੋਂ ਸਨ। ਸੰਤ ਮੱਘਰ ਸਿੰਘ ਦਾ ਪਰਿਵਾਰ ਸੰਨ 1947 ਵਿਚ ਪਿੰਡ ਸੈਦੋ ਤੋਂ ਸ੍ਰੀ ਜੀਵਨ ਨਗਰ ਆ ਗਿਆ। ਉਦੋਂ ਸੰਤ ਮੱਘਰ ਸਿੰਘ ਕ੍ਰੀਬ 9-10 ਸਾਲ ਦੀ ਉਮਰ ਦੇ ਸਨ। ਆਪ ਗਊਸ਼ਾਲਾ ਦੀਆਂ ਗਊਆਂ ਚਾਰਨ ਦੀ ਸੇਵਾ ਕਰਨ ਲੱਗ ਪਏ। ਉਦੋਂ ਤੋਂ ਹੀ ਆਪ ਗਊਆਂ ਦੀ ਸੇਵਾ ਵਿਚ ਹਨ। ਪੁਤਲੀ ਅਤੇ ਝੁੰਗੋ ਆਦਿਕ ਇਨਾਮ ਪ੍ਰਾਪਤ ਹਰਿਆਣਾ ਨਸਲ ਦੀਆਂ ਗਊਆਂ ਨੂੰ ਵੀ ਇਹੀ ਸਾਂਭਿਆ ਕਰਦੇ ਸਨ।

ਪੁਤਲੀ ਗਊ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਖਰੀਦੀ ਸੀ। ਇਸ ਨੇ ਇਨਾਮ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਵਿਚ ਪ੍ਰਾਪਤ ਕੀਤੇ। ਪੁਤਲੀ ਨੂੰ 'ਆਲ ਇੰਡੀਆ ਦੁੱਧ ਮੁਕਾਬਲੇ' ਵਿਚੋਂ ਪਹਿਲੇ ਨੰਬਰ 'ਤੇ ਆਉਣ ਕਾਰਨ ਲਗਾਤਾਰ ਤਿੰਨ ਸਾਲ ਦੋ,ਦੋ ਹਜ਼ਾਰ ਰੁ. ਦਾ ਨਕਦ ਇਨਾਮ, ਚੌਥੇ ਸਾਲ ਚਾਰ ਹਜ਼ਾਰ ਰੁ. ਇਨਾਮ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ 'ਗੋਪਾਲ ਰਤਨ' ਦਾ ਪੁਰਸਕਾਰ ਪ੍ਰਾਪਤ ਹੋਇਆ। ਜਦੋਂ ਸੱਚੇ ਪਾਤਸ਼ਾਹ ਜੀ ਨੂੰ ਇਹ ਇਨਾਮ ਮਿਲਿਆ ਤਾਂ ਆਪ ਨੇ ਸੰਤ ਮੱਘਰ ਸਿੰਘ ਨੂੰ ਇਕ ਪੀਪਾ ਦੇਸੀ ਘਿਓ ਦਾ ਅਤੇ ਇਕ ਦਸਤਾਰ ਦੇ ਕੇ ਖ਼ੁਸ਼ੀਆਂ ਬਖ਼ਸ਼ੀਆਂ।

ਮਹਾਰਾਜ ਬੀਰ ਸਿੰਘ ਨੇ ਚਾਰ ਸੀਟਾਂ ਵਾਲੇ ਆਪਣੇ ਪ੍ਰਾਈਵੇਟ ਹਵਾਈ ਜ਼ਹਾਜ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਸੰਤ ਰਿਸ਼ੀ ਸਿੰਘ ਨਾਲ ਸੰਤ ਮੱਘਰ ਸਿੰਘ ਨੂੰ ਵੀ ਬਿਠਾ ਕੇ ਝੂਟੇ ਦਿਤੇ ਅਤੇ ਅਸਮਾਨ ਦੀ ਸੈਰ ਕਰਨ ਦਾ ਆਨੰਦ ਦਿੱਤਾ।

ਜਦੋਂ ਗਊ ਪੁਤਲੀ ਚੜ੍ਹਾਈ ਕੀਤੀ ਤਾਂ ਸੰਤ ਮੱਘਰ ਸਿੰਘ ਕਈ ਦਿਨ ਬਹੁਤ ਉਦਾਸ ਰਹੇ। ਪਤਾ ਲੱਗਣ ਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪ ਨੂੰ ਦਿਲਾਸਾ ਦਿੱਤਾ।

ਗਊ ਝੁੰਗੋ ਨੇ ਵੀ ਸੁਹੱਪਣ ਅਤੇ ਦੁੱਧ ਵਿਚ, ਕੁਲ ਹਿੰਦੋਸਤਾਨ ਦੇ ਮੁਕਾਬਲੇ ਵਿਚੋਂ ਇਨਾਮ ਪ੍ਰਾਪਤ ਕੀਤੇ। ਇਹ ਦਿਨ ਦਾ ਕ੍ਰੀਬ 28 ਕਿਲੋਂ ਦੁੱਧ ਦਿੰਦੀ ਰਹੀ। ਸੰਤ ਮੱਘਰ ਸਿੰਘ ਦੱਸਦੇ ਹਨ ਕਿ ਝੁੰਗੋ ਦੇ ਵੱਛੇ ਝੰਡਾ, ਭੋਲੂ ਤੇ ਉਗਰਸੈਨ, ਬੜੇ

ਉੱਚੇ ਲੰਮੇ ਅਤੇ ਸੋਹਣੇ ਸਨ। ਸਭ ਗਊਆਂ, ਵੱਛੇ, ਵੱਛੀਆਂ ਦੇ ਨਾਮ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਰੱਖੇ ਹੋਏ ਹਨ।

ਸੰਤ ਮੱਘਰ ਸਿੰਘ ਸ਼ਰਧਾ, ਸੇਵਾ ਤੇ ਸੰਜਮ ਵਿਚ ਜੀਵਨ ਬਤੀਤ ਕਰਦੇ ਰਹੇ ਹਨ। ਹੁਕਮ ਅਨੁਸਾਰ ਸੰਨ 1990 ਤੀਕ ਆਪ ਸ੍ਰੀ ਜੀਵਨ ਨਗਰ ਅਤੇ ਉਸ ਤੋਂ ਬਾਅਦ ਮਸਤਾਨਗੜ੍ਹ ਗਊਸ਼ਾਲਾ ਵਿਚ ਸੇਵਾ ਕਰਦੇ ਰਹੇ। ਅੱਜ ਕੱਲ੍ਹ ਮਸਤਾਨਗੜ੍ਹ ਡੇਰੇ ਵਿਖੇ ਰੋਜ਼ਾਨਾ ਆਸਾ ਦੀ ਵਾਰ ਤੇ ਨਿਤਨੇਮ ਇਨ੍ਹਾਂ ਦੇ ਦੇਖ ਰੇਖ ਹੇਠ ਚਲ ਰਿਹਾ ਹੈ। ਸ੍ਰੀ ਸਤਿਗੁਰੂ ਜੀ ਨੇ ਆਪ ਨੂੰ ਹੁਕਮ ਕੀਤਾ ਹੈ ਕਿ, ਤੂੰ ਵਾਰ ਤੇ ਨਿਤਨੇਮ ਵਿਚ ਜ਼ਰੂਰ ਆਉਣਾ ਹੈ ਭਾਵੇਂ ਕੋਈ ਆਵੇ ਨਾ ਆਵੇ। ਹੁਕਮ ਮੁਤਾਬਕ ਆਪ ਰੋਜ਼ਾਨਾ ਇਸ ਨਿਯਮ ਦਾ ਪਾਲਨ ਕਰਦੇ ਹਨ।

ਸੰਤ ਮੱਘਰ ਸਿੰਘ ਦੀ ਸਿੰਘਣੀ ਬੀਬੀ ਗੁਰਦੇਵ ਕੌਰ ਕ੍ਰੀਬ 34-35 ਸਾਲ ਦੀ ਉਮਰ ਵਿਚ ਚੜ੍ਹਾਈ ਕਰ ਗਏ ਸਨ। ਇਨ੍ਹਾਂ ਦੇ ਦੋ ਧੀਆਂ ਸਵਰਨ ਕੌਰ ਤੇ ਜਸਬੀਰ ਕੌਰ ਅਤੇ ਇਕ ਪੁੱਤਰ ਗੁਰਚਰਨ ਸਿੰਘ ਪੱਪੂ ਹੈ। ਸੰਤ ਗੁਰਚਰਨ ਸਿੰਘ ਪੱਪੂ ਸੰਨ 2007 ਤੋਂ ਮਸਤਾਨਗੜ੍ਹ ਅਤੇ ਟਿੱਬੇ ਦੇ ਇਲਾਕੇ ਵਿਚ- ਗਊਸ਼ਾਲਾ, ਖੇਤੀ ਬਾੜੀ, ਲੰਗਰ, ਵਰਨੀ ਅਤੇ ਵਿਦਿਅਕ ਅਦਾਰਿਆ ਆਦਿ ਦੇ ਇੰਚਾਰਜ ਹਨ। ਇਹ ਸ੍ਰੀ ਗੁਰੂ ਹਰੀ ਸਿੰਘ ਵਿਦਿਅਕ ਸੋਸਾਇਟੀ ਦੇ ਖਜ਼ਾਨਚੀ ਹਨ। ਇਸ ਸੋਸਾਇਟੀ ਵਿਚ ਸ੍ਰੀ ਗੁਰੂ ਹਰੀ ਸਿੰਘ ਕਾਲਜ ਅਤੇ ਤਿੰਨ ਸਕੂਲ- ਸ੍ਰੀ ਗੁਰੂ ਹਰੀ ਸਿੰਘ ਸੀਨੀਅਰ ਸੈਕੰਡਰੀ ਸਕੂਲ ਸ੍ਰੀ ਜੀਵਨ ਨਗਰ, ਅਟੱਲ ਪ੍ਰਤਾਪੀ ਕੰਨਿਆ ਪਾਠਸ਼ਾਲਾ ਸ੍ਰੀ ਜੀਵਨ ਨਗਰ, ਅਤੇ ਸਤਿਗੁਰੂ ਪ੍ਰਤਾਪ ਸਿੰਘ ਇੰਟਰਨੈਸ਼ਨਲ ਸਕੂਲ ਸ੍ਰੀ ਜੀਵਨ ਨਗਰ ਅਉਂਦੇ ਹਨ।

ਸੰਤ ਗੁਰਚਰਨ ਸਿੰਘ ਸੰਨ 1979 ਤੋਂ 1992 ਤੀਕ ਨਾਮਧਾਰੀ ਹਾਕੀ ਇਲੈਵਨ ਦੀ ਪਹਿਲੀ ਟੀਮ ਦੇ ਮੈਂਬਰ ਰਹੇ। ਹਾਕੀ ਦੀ ਟੀਮ ਨਾਲ ਆਪ ਦੁਨੀਆਂ ਦੇ ਬਹੁਤ ਸਾਰੇ ਦੇਸ਼ਾਂ- ਥਾਈਲੈਂਡ, ਤਨਜ਼ਾਨੀਆ, ਅਮਰੀਕਾ, ਇੰਗਲੈਂਡ, ਸਪੇਨ, ਬੈਲਜ਼ੀਅਮ ਆਦਿ ਘੁੰਮੇ। ਸੰਨ 1996 ਤੋਂ 98 ਤੀਕ ਆਪ ਅਮਰੀਕਾ ਰਹਿ ਕੇ ਆਏ। ਆਪਣੇ ਪਿਤਾ ਦੇ ਪੂਰਨਿਆ ਤੇ ਚਲਦਿਆਂ, ਅੱਜ ਕੱਲ੍ਹ ਆਪ ਮਸਤਾਨਗੜ੍ਹ ਦੇ ਇਲਾਕੇ ਵਿਚ ਸੇਵਾ ਕਾਰਜਾਂ ਵਿਚ ਲੱਗੇ ਹੋਏ ਹਨ।

**ਸੰਤ ਕਰਮ ਸਿੰਘ -**

ਸ੍ਰੀ ਜੀਵਨ ਨਗਰ ਵਿਖੇ ਮਿਸਤਰੀ ਸੰਤ ਕਰਮ ਸਿੰਘ ਸਪੁੱਤਰ ਸੰਤ ਝੰਡਾ ਸਿੰਘ ਗੀਹਲ ਲੰਮਾ ਸਮਾਂ ਗਊਸ਼ਾਲਾ ਵਿਚ ਗਊਆਂ ਦੇ ਦੁੱਧ ਅਤੇ ਘਿਓ ਦਾ ਰਿਕਾਰਡ ਲਿਖਦੇ ਰਹੇ। ਆਪ ਗਊਸ਼ਾਲਾ, ਘੋੜਸ਼ਾਲਾ ਤੇ ਲੰਗਰ ਦੇ ਇੰਚਾਰਜ ਰਹੇ।

ਜਦੋਂ ਬੰਗਲੌਰ ਦਾ ਨਾਮਧਾਰੀ ਫਾਰਮ ਸੰਨ 1974 ਵਿਚ ਖਰੀਦਿਆ ਗਿਆ ਉਦੋਂ ਸੰਤ ਕਰਮ ਸਿੰਘ ਸੇਵਾ 'ਚ ਆਏ ਅਤੇ ਸੰਨ 1993 ਤੀਕ ( ਜਦੋਂ ਚੜ੍ਹਾਈ ਕੀਤੇ) ਸੇਵਾ ਵਿਚ ਰਹੇ।

ਸੰਤ ਕਰਮ ਸਿੰਘ 20 ਸਾਲ ਬਿਨਾਂ ਵੋਟਾਂ ਤੋਂ ਪਿੰਡ ਸੰਤ ਨਗਰ ਜ਼ਿਲ੍ਹਾ ਸਰਸਾ ਦੇ ਸਰਪੰਚ ਰਹੇ ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸੰਤ ਨਗਰ ਘਰ ਆ ਕੇ ਇਨ੍ਹਾਂ ਨੂੰ ਸੇਵਾ ਕਰਨ ਲਈ ਸ੍ਰੀ ਜੀਵਨ ਨਗਰ ਨਾਲ ਲੈ ਗਏ ਸਨ। ਹੁਕਮ ਕੀਤਾ, 'ਸਰਪੰਚ ਜੀ, ਤੁਹਾਡੇ ਬੱਚੇ ਵੱਡੇ ਹੋ ਗਏ ਹਨ, ਹੁਣ ਤੁਸੀਂ ਮੇਰੇ ਕੋਲ ਚਲੋ।'

ਸੰਤ ਕਰਮ ਸਿੰਘ ਨੇ ਤਨ-ਮਨ ਨਾਲ ਸੇਵਾ ਕੀਤੀ। ਸ੍ਰੀ ਸਤਿਗੁਰੂ ਜੀ ਦੀਆਂ ਆਪ ਜੀ 'ਤੇ ਬਹੁਤ ਖੁਸ਼ੀਆਂ ਸਨ।

ਸੰਤ ਕਰਮ ਸਿੰਘ 1 ਜੂਨ ਸੰਨ 1993 ਨੂੰ ਸੰਤ ਨਗਰ ਵਿਖੇ ਆਪਣੇ ਘਰ ਚੜ੍ਹਾਈ ਕੀਤੇ ਆਪ ਨਮਿਤ ਪਾਠ ਦਾ ਭੋਗ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ 13 ਜੂਨ ਨੂੰ ਪਿਆ।

ਸੰਤ ਕਰਮ ਸਿੰਘ ਦਾ ਇਕੋ ਪੁੱਤਰ ਸਵ. ਹਰਚਰਨ ਸਿੰਘ ਅਤੇ ਚਾਰ ਧੀਆਂ ਗੁਰਮੀਤ ਕੌਰ, (ਸੰਤਨਗਰ) ਸਵ.ਗੁਰਦੇਵ ਕੌਰ (ਰਾਣੀਆਂ), ਸੁਰਜੀਤ ਕੌਰ (ਮੰਡੀ) ਅਤੇ ਬੇਅੰਤ ਕੌਰ (ਸਰਸਾ) ਹੋਏ।

ਸੰਤ ਹਰਚਰਨ ਸਿੰਘ ਦੇ ਤਿੰਨ ਪੁੱਤਰ ਜੋਧ ਸਿੰਘ, ਸਿਮਰ ਸਿੰਘ ਅਤੇ ਸ਼ਮਸ਼ੇਰ ਸਿੰਘ ਹਨ। ਪੰਜ ਧੀਆਂ ਬਲਜੀਤ ਕੌਰ (ਸ੍ਰੀ ਭੈਣੀ ਸਾਹਿਬ), ਸੁਰਿੰਦਰ ਕੌਰ (ਸ੍ਰੀ ਭੈਣੀ ਸਾਹਿਬ), ਹਰਮੀਤ ਕੌਰ( ਮੁੱਲਾਂਪੁਰ ਖੇੜੀ, ਜ਼ਿਲ੍ਹਾ ਫਤਿਹਗੜ੍ਹ ਸਾਹਿਬ), ਬਲਵਿੰਦਰ ਕੌਰ (ਐਲਨਾਬਾਦ) ਅਤੇ ਰਣਜੀਤ ਕੌਰ (ਬਟਾਲਾ) ਹਨ।

**ਸੰਤ ਕੁਲਵੰਤ ਸਿੰਘ ਨਾਰਲੀ**

ਸੰਤ ਕੁਲਵੰਤ ਸਿੰਘ ਨਾਰਲੀ ਸਪੁੱਤਰ ਸ: ਸੱਜਣ ਸਿੰਘ ਸੰਧੂ, ਪਿੰਡ ਨਾਰਲੀ, ਜ਼ਿਲ੍ਹਾ ਤਰਨਤਾਰਨ, ਅੰਮ੍ਰਿਤਸਰ ਸਾਕੇ ਦੇ ਸ਼ਹੀਦ ਬੀਹਲਾ ਸਿੰਘ ਦੇ ਪਰਿਵਾਰ ਵਿੱਚੋਂ ਹਨ। ਇਹ ਸ੍ਰੀ ਭੈਣੀ ਸਾਹਿਬ ਦੀ ਗਊਸ਼ਾਲਾ ਵਿਖੇ ਪ੍ਰਬੰਧਕ ਸੰਤ ਬਲਦੇਵ ਸਿੰਘ ਗਹਿਲਾਂ ਦੀ ਦੇਖ-ਰੇਖ ਹੇਠ ਸੇਵਾਦਾਰ ਹਨ। ਇਸ ਵੇਲੇ ਜ਼ਿਆਦਾ ਦੁੱਧ ਦੇਣ ਵਾਲੀਆਂ ਅਤੇ ਇਨਾਮ ਪ੍ਰਾਪਤ ਜਿੰਨੀਆਂ ਗਊਆਂ ਹਨ, ਕ਼ਰੀਬ ਉਨ੍ਹਾਂ ਸਾਰੀਆਂ ਦੀ ਸੇਵਾ-ਸੰਭਾਲ ਇਹੀ ਕਰ ਰਹੇ ਹਨ। ਨਾਗਪੁਸ਼ਪੀ, ਜਗਤ, ਬਾਣੀ, ਗੁਲਾਬ, ਪੁਕਾਰ, ਕਿਰਪਾ, ਨਿਰੰਤਰ, ਨਿਸ਼ਕਾਮ ਅਤੇ ਰੰਗਲੀ ਗਊਆਂ ਨੂੰ ਸੰਤ ਕੁਲਵੰਤ ਸਿੰਘ ਅਤੇ ਨਸੀਬ, ਨਿਰਜੀਵ, ਪਟਨਾ ਗਊਆਂ ਨੂੰ ਸੰਤ ਬਲਬੀਰ ਸਿੰਘ (ਬਟਾਲੇ ਦੇ) ਅਤੇ ਨਿਧਾਨੀ ਗਾਂ ਨੂੰ ਸੰਤ ਦਲਜੀਤ ਸਿੰਘ ਸਾਂਭਦੇ ਹਨ।

# ਗਊਆਂ ਦੇ ਦੁੱਧ ਤੇ ਘਿਓ ਦੇ ਰਿਕਾਰਡ

ਗਊਆਂ ਦੀ ਚੰਗੀ ਸੇਵਾ ਸੰਭਾਲ ਹੋਣ ਕਾਰਣ ਸ੍ਰੀ ਸਤਿਗੁਰੂ ਜਗਜੀਤ ਜੀ ਦੇ ਸਮੇਂ ਗਊਆਂ ਨੇ ਦੁੱਧ ਅਤੇ ਘਿਓ ਦੇ ਨਵੇਂ ਰਿਕਾਰਡ ਸਥਾਪਤ ਕੀਤੇ ਹਨ। ਅਨੇਕ ਗਾਵਾਂ 'ਆਲ ਇੰਡੀਆਂ ਮਿਲਕ ਕੰਪੀਟੀਸ਼ਨ' ਵਿਚੋਂ ਪਹਿਲੇ ਦਰਜੇ 'ਤੇ ਆਉਂਦੀਆਂ ਰਹੀਆਂ ਹਨ। ਹਰਿਆਣਾ ਨਸਲ ਦੀ 'ਪੁਤਲੀ' ਨਾਂ ਦੀ ਗਊ ਇਸ ਮੁਕਾਬਲੇ ਵਿਚੋਂ ਲਗਾਤਾਰ ਤਿੰਨ ਸਾਲ 63 ਪੌਂਡ ਦੁੱਧ ਦੇ ਕੇ ਪਹਿਲੇ ਨੰਬਰ 'ਤੇ ਆਉਂਦੀ ਰਹੀ ਜਿਸ ਕਾਰਨ ਸੰਨ 1964 ਵਿੱਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ' ਗੋਪਾਲ ਰਤਨ ' ਐਵਾਰਡ ਮਿਲਿਆ। ਗੋਸੰਵਰਧਨ ਦੇ ਇਕ ਪ੍ਰਤੀਨਿਧੀ ਨੇ 'ਪੁਤਲੀ' ਨੂੰ ਭਾਰਤ ਦੀ ਦੁੱਧ ਦੀ ਮਲਕਾ ਦੱਸ ਕੇ ਇਕ ਲੇਖ ਲਿਖਿਆ।

ਇਸੇ ਤਰ੍ਹਾਂ ਹਰਿਆਣਾ ਨਸਲ ਦੀ 'ਝੰਗੋ ' ਨਾਮਕ ਗਾਂ 64 ਪੌਂਡ ਦੁੱਧ ਰੋਜ਼ਾਨਾ ਦੇ ਕੇ ਅਤੇ ਸਾਹੀਵਾਲ ਨਸਲ ਦੀ 'ਨੌਲੱਖੀ ' ਗਾਂ 74 ਪੌਂਡ ਦੁੱਧ ਰੋਜ਼ਾਨਾ ਦੇ ਕੇ ਭਾਰਤ ਭਰ ਵਿਚੋਂ ਪਹਿਲੇ ਦਰਜੇ 'ਤੇ ਆਈਆਂ। ਸਾਹੀਵਾਲ ਨਸਲ ਦੀ 'ਸੁਰਹਾ' ਨਾਂ ਦੀ ਇਕ ਗਾਂ ਬਿਨ੍ਹਾਂ ਸੂਣ ਤੋਂ ਦੁੱਧ ਦਿੰਦੀ ਰਹੀ। ਸਾਹੀਵਾਲ ਨਸਲ ਦੀ ਇਕ ਗਾਂ 'ਨੌਕਰਨ', ਚੌਧਰੀ ਬੰਸੀ ਲਾਲ ਦੇ ਵਕਤ, 'ਆਲ ਇੰਡੀਆਂ ਕੈਟਲ ਸ਼ੋ' ਵਿਚੋਂ ਪਹਿਲੇ ਨੰਬਰ 'ਤੇ ਆਈ। 'ਸਹੇਲੀ ' ਨਾਂ ਦੀ ਗਊ ਨੇ ਵੀ ਆਪਣੇ ਵਕਤ ਵਿਚ 21 ਕਿਲੋ 700 ਗ੍ਰਾਮ ਦੁੱਧ ਰੋਜ਼ਾਨਾ ਦਿਤਾ। ਇਸ ਦੇ 14 ਕਿਲੋ 700 ਗ੍ਰਾਮ ਦੁੱਧ ਵਿਚੋਂ ਤਿੰਨ ਪਾ ਘਿਓ ਬਣਦਾ ਰਿਹਾ (ਇਹ ਗੱਲ ਸ੍ਰੀ ਸਤਿਗੁਰੂ ਜੀ ਨੇ ਮੈਨੂੰ ਆਪ ਦੱਸੀ)।

ਸੰਨ 1965 ਵਿਚ ਹਿਸਾਰ ਵਿਚ 'ਕੈਟਲ ਸ਼ੋ ਕੰਪੀਟੀਸ਼ਨ' ਹੋਇਆ। ਸ੍ਰੀ ਸਤਿਗੁਰੂ ਜੀ ਦੀਆਂ ਗਊਆਂ ਦੇ ਇਤਨੇ ਇਨਾਮ ਹੋ ਗਏ ਸਨ ਕਿ ਰੱਖਣ ਨੂੰ ਜਗ੍ਹਾ ਨਹੀਂ ਸੀ! ਉਸ ਵੇਲੇ ਮਾਲ-ਡੰਗਰ ਦੇ ਪ੍ਰਬੰਧਕ ਸੂਬਾ ਵਰਿਆਮ ਸਿੰਘ ਸਨ। ਇਨਾਮ ਦੇਣ ਆਏ ਭਾਰਤ ਦੇ ਉਸ ਵੇਲੇ ਦੇ ਪ੍ਰਧਾਨ ਮੰਤਰੀ ਸ੍ਰੀ ਲਾਲ ਬਹਾਦਰ ਸ਼ਾਸ਼ਤਰੀ ਨੇ ਕਿਹਾ,

" ਸਭੀ ਇਨਾਮ ਆਪ ਕੇ ਹੈਂ, ਬਾਰ ਬਾਰ ਆਤੇ ਹੈਂ ਜਾਤੇ ਹੈਂ ਆਪ ਯਹੀਂ ਬੈਠ ਜਾਏਂ। "

ਸ੍ਰੀ ਸਤਿਗੁਰੂ ਜੀ ਨੇ ਗਊ ਪਾਲਣ ਨੂੰ ਉਤਸ਼ਾਹਿਤ ਕਰਨ ਲਈ ਸਮੇਂ ਸਮੇਂ ਜਗ੍ਹਾ ਜਗ੍ਹਾ ਪਸ਼ੂ ਪ੍ਰਦਰਸ਼ਨੀਆਂ ਲਗਵਾਈਆਂ। ਸਤਿਗੁਰੂ ਜੀ ਵਲੋਂ ਸਰਵ ਪ੍ਰਥਮ ਪਸ਼ੂ ਪ੍ਰਦਰਸ਼ਨੀ ਸੰਨ 1960 ਵਿਚ ਸ੍ਰੀ ਜੀਵਨ ਨਗਰ ਵਿਖੇ ਲਗਾਈ ਗਈ ਸੀ। ਇਸ ਵਿਚ ਨਾਮਧਾਰੀ ਪੰਥ ਦੀਆਂ ਪੈਦਾ ਕੀਤੀਆਂ ਤੇ ਸਾਂਭੀਆਂ ਹੋਈਆਂ ਗਊਆਂ

ਨੂੰ ਇਨਾਮ ਦੇਣ ਲਈ ਪਸ਼ੂ ਪਾਲਣ ਅਤੇ ਖੇਤੀਬਾੜੀ ਮੰਤਰੀ ਚੌਧਰੀ ਸੂਰਜਮੱਲ, ਸ੍ਰੀ ਜੀਵਨ ਨਗਰ ਆਏ ਸਨ। ਪਸ਼ੂ ਪ੍ਰਦਰਸ਼ਨੀ ਸਮੇਂ ਉਚੇਚੇ ਤੌਰ 'ਤੇ ਭਾਰਤ ਸਰਕਾਰ ਦੇ ਖੇਤੀ ਬਾੜੀ ਅਤੇ ਖੁਰਾਕ ਮੰਤਰੀ ਡਾ. ਰਾਮ ਸੁਭਾਗ ਸਿੰਘ, ਪੰਜਾਬ ਦੇ ਪਸ਼ੂ ਪਾਲਣ ਡਾਇਰੈਕਟਰ ਸ. ਪ੍ਰੀਤਮ ਸਿੰਘ ਬਰਾੜ ਅਤੇ ਹਿਸਾਰ ਦੇ ਡਿਪਟੀ ਕਮਿਸ਼ਨਰ ਸ. ਇਕਬਾਲ ਸਿੰਘ ਆਦਿਕ ਪੁਤਲੀ ਗਊ ਨੂੰ ਵੇਖਣ ਆਏ ਸਨ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਵਿਚ ਜਿਹੜੀਆਂ ਗਊਆਂ ਨੇ ਦੁੱਧ ਤੇ ਘਿਓ ਦੇ ਰਿਕਾਰਡ ਸਥਾਪਤ ਕੀਤੇ ਅਤੇ ਪਸ਼ੂ ਮੁਕਾਬਲਿਆਂ ਵਿਚੋਂ ਇਨਾਮ ਜਿੱਤੇ ਦਾ ਵੇਰਵਾ ਪੇਸ਼ ਹੈ :-

### ਪਹਿਲਾ ਰਿਕਾਰਡ

ਸੰਨ 1982 ਤੋਂ 85 ਦਰਮਿਆਨ ਲਿਖੇ ਹੋਏ ਸੰਤ ਕਪੂਰ ਸਿੰਘ ਦੇ ਰਿਕਾਰਡ ਅਨੁਸਾਰ ਕੁਝ ਕੁ ਗਾਈਆਂ ਦੇ ਰੋਜ਼ਾਨਾ ਦੁੱਧ ਦਾ ਰਿਕਾਰਡ ਇਸ ਪ੍ਰਕਾਰ ਹੈ:

| | | |
|---|---|---|
| ਇੰਕਾਰ | - | 18½ |
| ਊਖਾ | - | 18 ਕਿਲੋ 800 ਗ੍ਰਾਮ |
| ਕਿੱਕਣੀ | - | 21 ਕਿਲੋ 300 ਗ੍ਰਾਮ |
| ਨੈਣਾਂ ਦੇਵੀ | - | 20 ਕਿਲੋ 400 ਗ੍ਰਾਮ |
| ਕੌਲ | - | 15 ਕਿਲੋ |

### ਦੂਜਾ ਰਿਕਾਰਡ

ਸੰਨ 1991 ਨੂੰ ਸ੍ਰੀ ਸਤਿਗੁਰੂ ਜੀ ਦੇ ਸ੍ਰੀ ਜੀਵਨ ਨਗਰ ਦੌਰੇ ਸਮੇਂ ਮੈਂ ਤੇ ਮੇਰੇ ਪਤੀ ਸੰਤ ਭਗਵੰਤ ਸਿੰਘ ਹੁਕਮ ਅਨੁਸਾਰ ਨਾਲ ਗਏ। ਉਸ ਦੌਰੇ ਸਮੇਂ ਸਤਿਗੁਰੂ ਹਰੀ ਸਿੰਘ ਪਸ਼ੂ ਪਾਲਕ ਫਾਰਮ ਸ੍ਰੀ ਜੀਵਲ ਨਗਰ ਦੀ ਗਊਸ਼ਾਲਾ ਵਿਖੇ 26 ਅਕਤੂਬਰ ਸੰਨ 1991 ਨੂੰ ਅਸੀਂ ਗਏ। ਗਊਸ਼ਾਲਾ ਵਿਚ ਉਸ ਸਮੇਂ ਮੌਜੂਦ ਸਰਪੰਚ ਸੰਤ ਕਰਮ ਸਿੰਘ ( ਪਿਛਲਾ ਪਿੰਡ 35 ਚੱਕ ਜ਼ਿਲ੍ਹਾ ਲਾਇਲਪੁਰ, ਹੁਣ ਨਨਕਾਣਾ, ਪਾਕਿਸਤਾਨ) ਨੇ ਮੈਨੂੰ ਇਹ ਰਿਕਾਰਡ ਵਾਲੇ ਪੰਨੇ ਗਊਸ਼ਾਲਾ ਵਿਚ ਰੋਜ਼ਾਨਾ ਲਿਖੇ ਜਾਂਦੇ ਰਜਿਸਟਰ ਵਿਚੋਂ ਫੋਟੋਸਟੈਟ ਕਰਵਾ ਕੇ ਦਿੱਤੇ। ਇਹ ਇਸ ਕਿਤਾਬ ਵਿਚ ਪੰਨਾ ਨੰ: 79 ਤੋਂ 85 ਤੀਕ ਲਿਖੇ ਹੋਏ ਹਨ।

### ਤੀਜਾ ਰਿਕਾਰਡ

ਸ੍ਰੀ ਭੈਣੀ ਸਾਹਿਬ ਦੀ ਗਊਸ਼ਾਲਾ ਦਾ ਹੈ, ਜਿਹੜਾ ਮੈਨੂੰ ਉਸ ਸਮੇਂ ਦੇ ਗਊਸ਼ਾਲਾ ਦੇ ਪ੍ਰਬੰਧਕ ਸੰਤ ਅਮਰ ਸਿੰਘ ਗਰੇਟਾ ਨੇ 13 ਅਕਤੂਬਰ ਸੰਨ 2009 ਨੂੰ ਦਿਤਾ। ਇਹ ਰਿਕਾਰਡ ਇਸ ਪੁਸਤਕ ਦੇ ਪੰਨਾ ਨੰ: 86, 87 'ਤੇ ਲਿਖਿਆ ਹੋਇਆ ਹੈ।

## ਚੌਥਾ ਰਿਕਾਰਡ

ਸ੍ਰੀ ਭੈਣੀ ਸਾਹਿਬ ਦੀ ਗਊਸ਼ਾਲਾ ਦੀਆਂ ਗਊਆਂ ਦੇ ਰੋਜ਼ਾਨਾ ਦੁੱਧ ਦਾ ਇਹ ਰਿਕਾਰਡ ਅਗਸਤ ਸਤੰਬਰ ਸੰਨ 2010 ਦਾ ਹੈ:

| | | |
|---|---|---|
| ਪਟਨਾ | - | 27 ਕਿਲੋ |
| ਬਾਣੀ | - | 25 ਕਿਲੋ |
| ਨਾਗਪੁਸ਼ਪੀ | - | 20½ ਕਿਲੋ |
| ਨਸੀਬ | - | 20½ ਕਿਲੋ |
| ਨਿਸ਼ਕਾਮ | - | 15 ਕਿਲੋ ਪਹਿਲੇ ਸੂਏ ਦਾ ਹੈ, ਅੱਗੋਂ 20 ਕਿਲੋ ਤੀਕ ਦੀ ਸੰਭਾਵਨਾ ਹੈ। |
| ਜਗਤ | - | 22 ਕਿਲੋ, ਇਸਦਾ ਦੁੱਧ 27 ਕਿਲੋ ਤੀਕ ਵਧਣ ਦੀ ਸੰਭਾਵਨਾ ਹੈ। |
| ਗੁਲਾਬ | - | 18-19 ਕਿਲੋ |
| ਨਿਰਜੀਵ | - | 18 ਕਿਲੋ |
| ਨਿਧਾਨੀ | - | 18 ਕਿਲੋ, 22 ਕਿਲੋ ਤੀਕ ਹੋਣ ਦੀ ਸੰਭਾਵਨਾ ਹੈ। |
| ਨਿਰੰਤਰ | - | 20 ਕਿਲੋ, ਅਜੇ ਹੋਰ ਵਧੇਗੀ। |
| ਕਿਰਪਾ | ~ | 18 ਕਿਲੋ |
| ਪੁਕਾਰ | - | 17-18 ਕਿਲੋ, ਅਜੇ ਹੋਰ ਵਧੇਗੀ। |

ਇਨ੍ਹਾਂ ਵਿੱਚੋਂ ਨਿਧਾਨੀ ਤੇ ਨਿਰੰਤਰ ਹਰਿਆਣਾ ਨਸਲ ਦੀਆਂ ਅਤੇ ਬਾਕੀ ਸਾਰੀਆਂ ਸਾਹੀਵਾਲ ਨਸਲ ਦੀਆਂ ਗਾਵਾਂ ਹਨ। ਇਨ੍ਹਾਂ ਗਾਵਾਂ ਨੇ ਦੁੱਧ ਚੁਆਈ ਅਤੇ ਨਸਲ ਪ੍ਰਤੀਯੋਗਿਤਾਵਾਂ ਵਿੱਚੋਂ ਇਨਾਮ ਜਿੱਤੇ ਹਨ।

ਸੰਨ 1991 ਦਾ ਰਿਕਾਰਡ: ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਦੀਆਂ ਗਊਆਂ ਜਿਨਾਂ ਨੇ ਦੁੱਧ ਤੇ ਘਿਓ ਦੇ ਰਿਕਾਰਡ ਸਥਾਪਤ ਕੀਤੇ। ਪ੍ਰਤੀਯੋਗਿਤਾਵਾਂ ਵਿਚੋਂ ਇਨਾਮ ਜਿੱਤੇ।

੧ੴ

ਸ੍ਰੀ ਭੈਣੀ ਸਾਹਿਬ ਦੀਆਂ ਗਊਆਂ

[illegible]

| S.N. | Name of Cow | Highest yield in a lactation days | yield | Highest yield in a day |
|---|---|---|---|---|
| 1 | ਨੰਦਿਨੀ | 325 | 1574-00 kg | 15-100 kg |
| 2 | ਸਾਵਿਤਰੀ | 297 | 2170-00 kg | 15-00 " |
| 3 | ਮੈਨਾ | 318 | 2667-00 " | 15-00 " |
| 4 | ਦੀਪਾਵਤੀ | 436 | 3364-800 " | 19-800 " |
| 5 | ਊਸ਼ਾ | 298 | 2811-00 " | 15-100 " |
| 6 | ਸ਼ਕਤਿਰੂਪਾ | 235 | 3266-500 " | 16-00 " |
| 7 | ਕੌਲ | 302 | 3142-500 " | 17-700 " |
| 8 | ਨਕਦੀ | 242 | 2989-00 " | 18-300 " |
| 9 | ਰਾਣੀ | 324 | 2831-200 " | 18-00 " |
| 10 | ਕੁਮਾਰੀ | 268 | 2400-400 " | 15-300 " |
| 11 | ਕਮਲਾ | 273 | 2367-800 " | 18-200 " |
| 12 | ਮਾਲਤੀ | 405 | 3236-800 " | 17-00 " |
| 13 | ਮੁਕਤੀ | 400 | 3016-900 " | 15-00 " |
| 14 | ਨਗਮਣੀ | 320 | 2537-300 " | 15-00 " |

| | | | | |
|---|---|---|---|---|
| 15 | ਕਿੰਗਨੀ | 309 | 4125—1040 | 16—00 |
| 16 | ਗ੍ਰਿਮਾਮਾ | 359 | 2546—700 | 15—100 |
| 17 | ਮਕੌੜਲਾ | 527 | 3259—500 | 18—800 |
| 18 | ਟਈਦਾਸਾ | 298 | 2545—300 | 15—300 |
| 19 | ਜਾਮੈਪਰੀ | 213 | 2264—800 | 19—00 |
| 20 | ਜਾਪਾਨਤੀ | 270 | 1993—500 | 18—300 |
| 21 | ਮਿਸਰਲਾ | 320 | 3582—400 | 18—200 |
| 22 | ਤਲੌਜਾਰੀ | 452 | 3199—100 | 16—100 |
| 23 | ਕਮਖਿਆ | 231 | 3410—200 | 19—500 |
| 24 | ਮਤੰਗੀ | 412 | 2513—900 | 15—400 |
| 25 | ਕਾਮਸ਼ਾਦਤੀ | 464 | 3309—100 | 15—800 |
| 26 | ਆਸਾਗਾਦਤੀ | 270 | 2378—500 | 19—800 |
| 27 | ਸਨੀਤਾ | 374 | 3391—500 | 17—600 |
| 28 | ਨੂਰਨੈਣਾ | 455 | 3847—900 | 17—00 |

੯੯

ਸ੍ਰੀ ਭੈਣੀ ਸਾਹਿਬ ਵਾਲੀ ਗਾਈਆਂ

(ਹਰਿਆਣਾ)

| S.N. | Name of Cow | Highest yield in a Lactation days | yield | Highest yeild in a day |
|---|---|---|---|---|
| 1 | ਨਰਦ | 235 | 3281—00 kg | 17—500 kg |
| 2 | ਪੁਸ਼ਪਾ | 276 | 2581—800 kg | 17—100 kg |
| 3 | ਕਿਣਕਣੀ | 258 | 3266—500 ″ | 19—400 ″ |
| 4 | ਸ਼ਿੰਗਾਰ | 288 | 3459—800 ″ | 19—300 ″ |
| 5 | ਝਾਂਜਰ | 269 | 2601—201 ″ | 16—00 ″ |
| 6 | ਨੈਣਾਦੇਵੀ | 412 | 4105—300 ″ | 20—400 ″ |
| 7 | ਨਿਰਵੈਸ਼ੀ | 248 | 2470—00 ″ | 18—200 ″ |
| 8 | ਪ੍ਰਕਿਰਤੀ | 258 | 2044—400 ″ | 16—300 ″ |
| 9 | ਊਸ਼ਾ | 284 | 2972—100 ″ | 18—800 ″ |
| 10 | ਜਮਨਾ | 383 | 2910—400 ″ | 15—00 ″ |
| 11 | ਅਰਾਧਨਾ | 414 | 2585—500 ″ | 18—900 ″ |
| 12 | ਸ਼ਿੰਗਾਰੀ | 325 | 2801—400 ″ | 17—100 ″ |
| 13 | ਨਿਮਾਣੀ | 242 | 2307—200 ″ | 19—300 ″ |
| 14 | ਝੁਮਕੀ | 155 | 1680—100 ″ | 17—700 ″ |
| 15 | ਪਦਮਣੀ | 621 | 3994—00 ″ | 17—500 ″ |
| 16 | ਆਰਸ਼ੀ | 269 | 2482—300 ″ | 17—00 ″ |

ੴ

ਸ਼ਾਹੀ ਦਾਸ ਗਾਈਆਂ ਦਾ ਪਰਚਾ ਰਿਕਾਰਡ

| S.No. | Name | Highest yield in a Lactation days | Yield | Highest yield in a day |
|---|---|---|---|---|
| 1 | ਨੈਨਸੀ | 300 | 14150 Lbs. | 74.75 Lbs |
| 2 | ਗੁਰਮਤੀ | 329 | 9387.5 Lbs. | 44.00 Lbs |
| 3 | ਨੈਂਚੀ | 283 | 6243 " | 26-395 Kg |
| 4 | ਗੁਲਨਾਰ | 336 | 2479-100 kg | 17-200 " |
| 5 | ਰੌਪਤੀ | 405 | 3343-900 " | 19-00 " |
| 6 | ਰਤਨਪ੍ਰਭਾ | 233 | 2681-200 " | 19-100 " |
| 7 | ਸਰੋਜ਼ੀ | 288 | 2965-500 " | 21-600 " |
| 8 | ਮਾਲਤੀ | 291 | 3345-700 " | 19-700 " |
| 9 | ਰੁਕਮੀ | 306 | 12068 Lbs | 60.0 Lbs |
| 10 | ਗੋਂਦੀ | 305 | 9203 Lbs | 44.0 Lbs |
| 11 | ਗੁਲਤਾਜੀ | 445 | 8344 Lbs | 39.5 " |
| 12 | ਟੀਟੀ | 291 | 7190 Lbs | 34.5 " |
| 13 | ਮੀਰਾਬਾਈ | 306 | 8881.5 Lbs | 40.0 " |
| 14 | ਮੈਨਾ | 300 | 12645 Lbs | 49.5 " |
| 15 | ਸੁੰਦਰੀ | 305 | 9797.5 Lbs | 55.0 " |
| 16 | ਹੇਮਤੀ | 318 | 8847.75 Lbs | 39.5 " |
| 17 | ਹੀਰੀ | 302 | 8643.5 Lbs | 41.5 " |
| 18 | ਨੈਨਕੌਰੀ | 300 | 11044.25 Lbs | 55.0 " |

## ਹਰਿਆਣਾ ਗਾਈਆਂ ਦਾ ਪੁਰਾਣਾ ਰਿਕਾਰਡ

| S.N. | Name | Highest Yield in a Lactation days | Highest Yield in a Lactation Yield | Highest yield in a day |
|---|---|---|---|---|
| 1 | ਤੋੜੀ | 300 | 8000.0 Lbs | 36.0 Lbs |
| 2 | ਟੋੜੀ | 381 | 9026.0 Lbs | 41.5 Lbs |
| 3 | ਹਰਨੀ | 242 | 5835.0 Lbs | 39.0 Lbs |
| 4 | ਪਦਮਣੀ | 300 | 5090.0 Lbs | 34.5 Lbs |
| 5 | ਚੰਦ੍ਰਮਾ | 253 | 4659.5 Lbs | 47.5 Lbs |
| 6 | ਪਿਆਰੀ | 262 | 7624.0 Lbs | 40.0 Lbs |
| 7 | ਚੰਦ੍ਰਮਣੀ | 300 | 7365.0 Lbs | 46.0 Lbs |
| 8 | ਝੂੰਗੀ | 300 | 7887.0 Lbs | 39.0 Lbs |
| 9 | ਜਮਨਾ II | 300 | 5804.0 Lbs | 40.0 Lbs |
| 10 | ਨੀਲੀ | 300 | 6785.0 Lbs | 48.0 Lbs |
| 11 | ਪੁਤਲੀ | 300 | 10139.5 Lbs | 28.594 kg |

ੴ

Record
All India Milk Compitition

| | Breed | Name of Cow | Daing yield in 24 hours | year |
|---|---|---|---|---|
| 1 | Haryana | PUTLI | 41.37 lbs | 1961 |
| 2 | " | " | 54.37 lbs | 1962 |
| 3 | " | " | 58.86 lbs | 1963 |
| 4 | " | " | 28.594 kg | 1964 |
| 5 | Sahiwal | NAUCHANDI | 25.313 kg | " |
| 6 | " | MIRAN | 25.500 kg | " |
| 7 | " | NAUKARN | 16.875 " | " |
| 8 | Haryana | JHUNGI | 14.344 " | " |
| 9 | " | CHANDANI | 19.463 " | 1965 |
| 10 | " | CHANDERKALA | 15.300 " | " |
| 11 | Saiwal | NAUKARAN | 22.350 " | " |
| 12 | " | MALKANI | 18.750 " | " |
| 13 | " | NAUCHANDI | 16.988 " | " |
| 14 | " | MIRAN | 16.575 " | " |

ਗੁਪਾਲ ਰਤਨ [illegible]

| | | | | |
|---|---|---|---|---|
| 15 | Hariana | JHUNGO | 26.737 " | 1966 |
| 16 | " | MURTI | 17.587 " | " |
| 17 | " | CHANCHO | 16.871 " | " |
| 18 | Sahiwal | NAUCHANDI | 26.362 " | " |
| 19 | " | KISMAT | 20.025 " | " |
| 20 | " | NAUSHANGAR | 16.871 " | " |
| 21 | Hariana | JHUNGO | 27.900 " | 1967 |
| 22 | " | CHANDERKALA | 16.600 " | " |
| 23 | Sahiwal | NAUCHANDI | 26.325 " | " |
| 24 | " | GAINDAN | 19.537 " | " |
| 25 | " | SURASTI | 18.025 " | " |
| 26 | Tharparkar | CHAMAN | 17.550 " | " |
| 27 | " | GULBAGH | 16.500 " | " |

[illegible] 13 [illegible] 200[illegible]

| | [illegible] | ਕਿਲੋ - ਗ੍ਰਾਮ | ਕਿਲੋ - ਗ੍ਰਾਮ |
|---|---|---|---|
| 1 | [illegible] | 301/3028-600 | 16-?00 |
| 2 | [illegible] | 264/2356-300 | 15-600 |
| 3 | [illegible] | 306/2809-?00 | 16-800 |
| 4 | [illegible] | 273/2671-600 | 15-600 |
| 5 | [illegible] | 248/2933-200 | 15-?00 |
| 6 | [illegible] | 302/2518-400 | 15-800 |
| 7 | [illegible] | 302/2805-300 | 16-700 |
| 8 | [illegible] | 305/3861-500 | 18-100 |
| 9 | [illegible] | 304/3551-400 | 18-500 |
| 10 | [illegible] | 280/2267-600 | 16-300 |
| 11 | [illegible] | 313/2952-900 | 18-300 |
| 12 | [illegible] | 308/2961-800 | 16-300 |
| 13 | [illegible] | 305/3027-700 | 16-700 |
| 14 | [illegible] | 306/3825-600 | 17-000 |
| 15 | [illegible] | 305/2666-500 | 15-100 |
| 16 | [illegible] | 305/3399-600 | 17-000 |
| 17 | [illegible] | 305/4382-900 | 25-000 |
| 18 | [illegible] | 304/3840-000 | 20-300 |
| 19 | [illegible] | 305/3674-200 | 18-600 |
| 20 | [illegible] | 305/3238-700 | 16-000 |
| 21 | [illegible] | 305/4063-100 | 20-100 |
| 22 | [illegible] | 305/3775-600 | 17-200 |
| 23 | [illegible] | 305/3840-200 | 18-500 |
| 24 | [illegible] | 305/3989-600 | 20-500 |
| 25 | [illegible] | 305/3697-000 | 18-300 |
| 26 | [illegible] | 305/3793-500 | 15-700 |
| 27 | [illegible] | 304/4022-900 | 19-000 |
| 28 | [illegible] | 305/2961-500 | 17-100 |
| 29 | [illegible] | 306/3575-400 | 17-300 |
| 30 | [illegible] | 306/3466-200 | 12-500 |
| 31 | [illegible] | 306/2769-100 | 16-300 |
| 32 | [illegible] | 305/2938-000 | 15-700 |

| [illegible] ਨਾਮ | [illegible] | [illegible] |
|---|---|---|
| | [illegible] | [illegible] |
| [illegible] | 305/4321-200 | 20-400 |
| [illegible] | 305/3732-900 | 15-500 |
| [illegible] | 305/2514-100 | 15-00 |
| [illegible] | 305/4014-900 | 18-800 |
| [illegible] | 305/3131-900 | 15-900 |
| [illegible] | 305/3702-100 | 18-200 |
| ਚਕਲੀ | 305/3145-300 | 14-200 |
| [illegible] | 305/2732-400 | 15-00 |
| ਮੀਨਾ | 305/2951-300 | 13-500 |
| [illegible] | 305/3110-400 | 14-700 |
| ਸੁਨੀਤਾ | 305/2918-00 | 15-00 |
| [illegible] | 306/2465-400 | 14-800 |
| [illegible] | 305/2442-600 | 14-00 |
| [illegible] | 305/3147-100 | 14-700 |

13-10-2009

| | | | |
|---|---|---|---|
| [illegible] | 307/4799-900 | 26-100 | [illegible] |
| [illegible] | 305/4308-700 | 17-600 | |
| [illegible] | 300/4048-400 | 19-300 | |
| [illegible] | 305/3585-700 | 16-300 | |
| [illegible] | 282/2471-900 | 17-400 | |
| [illegible] | 302/2561-400 | 17-400 | |
| [illegible] | 301/3231-300 | 18-200 | |
| [illegible] | 230/2505-300 | 16-100 | |
| [illegible] | 307/3442-600 | 16-300 | |
| [illegible] | 307/2887-500 | 16-400 | |
| [illegible] | 306/2371-100 | 11-00 | |

## ਪ੍ਰਤੀਯੋਗਿਤਾਵਾਂ ਵਿਚੋਂ ਜਿੱਤੇ ਇਨਾਮਾਂ ਦਾ ਵੇਰਵਾ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਗਊਸ਼ਾਲਾਵਾਂ ਦੀਆਂ ਗਊਆਂ ਅਤੇ ਹੋਰ ਪਸ਼ੂ ਧਨ, ਪ੍ਰਤੀਯੋਗਿਤਾਵਾਂ ਵਿਚੋਂ ਭਾਗ ਲੈ ਕੇ ਇਨਾਮ ਜਿੱਤਦੇ ਰਹਿੰਦੇ ਹਨ। ਇਨ੍ਹਾਂ ਵਿਚੋਂ ਕੁਝ ਕੁ ਦਾ ਜ਼ਿਕਰ ' ਗਊਆਂ ਦੇ ਦੁੱਧ ਅਤੇ ਘਿਓ ਦੇ ਰਿਕਾਰਡ', ਅਧਿਆਏ ਵਿਚ ਕੀਤਾ ਗਿਆ ਹੈ।

ਅਜੋਕੇ ਸਮੇਂ ਵਿਚ ਸੰਨ 2009 ਅਤੇ ਸੰਨ 2010 ਵਿਚ ਪੰਜਾਬ ਸਰਕਾਰ ਦੇ ਪਸ਼ੂ ਪਾਲਣ ਵਿਭਾਗ ਵਲੋਂ ਆਯੋਜਿਤ ਕੀਤੇ ਗਏ ਪਸ਼ੂ ਮੇਲਿਆਂ ਵਿਚ ਹੋਈਆਂ ਪ੍ਰਤੀਯੋਗਿਤਾਵਾਂ ਵਿਚ ਭਾਗ ਲੈਣ ਵਾਲੇ ਸ੍ਰੀ ਭੈਣੀ ਸਾਹਿਬ ਦੀ ਗਊਸ਼ਾਲਾ ਦੀਆਂ ਗਊਆਂ, ਵੱਛੀਆਂ ਅਤੇ ਸਾਨ੍ਹਾਂ ਆਦਿ ਨੇ ਬਹੁਤ ਵੱਡੀਆਂ ਪ੍ਰਾਪਤੀਆਂ ਹਾਸਲ ਕੀਤੀਆਂ।

ਸ੍ਰੀ ਸਤਿਗੁਰੂ ਜੀ ਦੇ ਅਸ਼ੀਰਵਾਦ ਤੇ ਪ੍ਰਵਾਨਗੀ ਅਨੁਸਾਰ ਇਨ੍ਹਾਂ ਨੂੰ, ਸੂਬਾ ਜਗੀਰ ਸਿੰਘ ਛਾਪਿਆਂ ਵਾਲੀ (ਮੁਕਤਸਰ) ਦੀ ਸੁਯੋਗ ਅਗਵਾਈ ਹੇਠ ਗਊਸ਼ਾਲਾ ਦੇ ਪ੍ਰਬੰਧਕਾਂ ਸੰਤ ਦਲਜੀਤ ਸਿੰਘ, ਸੰਤ ਅਮਰ ਸਿੰਘ ਗਰੇਟਾ ਅਤੇ ਸੰਤ ਬਲਦੇਵ ਸਿੰਘ ਆਦਿ ਵਲੋਂ ਪੰਜਾਬ ਰਾਜ ਪਸ਼ੂ ਧਨ ਚੈਂਪੀਅਨਸ਼ਿਪ- 2009 ਮੁਕਤਸਰ, ਪੰਜਾਬ ਪਸ਼ੂ ਧਨ ਚੈਂਪਿਅਨਸ਼ਿਪ- 2009 (ਪੂਰਬੀ ਜ਼ੋਨ ਪੱਧਰੀ ਮੁਕਾਬਲਾ) ਪਸ਼ੂ ਮੰਡੀ ਚੜਿੱਕ ਜਿਲ੍ਹਾ ਮੋਗਾ ਅਤੇ ਉੱਤਰੀ ਭਾਰਤ ਪਸ਼ੂ ਧਨ ਚੈਂਪਿਅਨਸ਼ਿਪ-2010 ਮੁਕਤਸਰ ਵਿਚ ਲਿਜਾਇਆ ਗਿਆ ਸੀ।

ਇਥੋਂ ਆ ਕੇ ਪ੍ਰਬੰਧਕ ਵਰਗ ਨੇ ਸ੍ਰੀ ਭੈਣੀ ਸਾਹਿਬ ਵਿਖੇ ਇਹ ਸਾਰੇ ਮਾਨ ਸਨਮਾਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿਚ ਭੇਟ ਕਰ ਖੁਸ਼ੀਆਂ ਪ੍ਰਾਪਤ ਕੀਤੀਆਂ ਅਤੇ ਅਗੋਂ ਲਈ ਵੀ ਇਸੇ ਤਰ੍ਹਾਂ ਦੀਆਂ ਮਾਣ ਮੱਤੀਆਂ ਕਾਮਯਾਬੀਆਂ ਹਾਸਲ ਕਰਨ ਦੀ ਬਖਸ਼ਿਸ਼ ਕਰਨ ਦੀ, ਸ੍ਰੀ ਸਤਿਗੁਰੂ ਜੀ ਤੋਂ ਮੰਗ ਕੀਤੀ। ਪ੍ਰਾਪਤ ਇਨਾਮਾਂ ਦਾ ਵੇਰਵਾ ਪੇਸ਼ ਹੈ -

### ਪੰਜਾਬ ਰਾਜ ਪਸ਼ੂ ਧਨ ਚੈਂਪਿਅਨਸ਼ਿਪ- 2009
### ਗੁਰੂ ਗੋਬਿੰਦ ਸਿੰਘ ਸਟੇਡੀਅਮ ਸਰਕਾਰੀ ਕਾਲਜ ਮੁਕਤਸਰ ਵਿਖੇ
### 8 ਤੋਂ 12 ਜਨਵਰੀ ਸੰਨ 2009

ਪੰਜਾਬ ਦੇ 4 ਵੱਖ ਵੱਖ ਥਾਵਾਂ 'ਤੇ ਮੁਕਾਬਲੇ ਕਰਾ ਕੇ, ਸੈਂਕੜੇ ਚੋਣਵੇਂ ਪਸ਼ੂਆਂ ਦੇ ਫਾਇਨਲ ਮੁਕਾਬਲੇ ਇਸ ਮੇਲੇ 'ਤੇ ਕਰਾਏ ਗਏ । ਇਸ ਪਸ਼ੂ ਮੇਲੇ ਵਿਚ ਸਟੇਡੀਅਮ ਵਿਚ ਨਾਮਧਾਰੀ ਗਊਸ਼ਾਲਾ ਸ੍ਰੀ ਭੈਣੀ ਸਾਹਿਬ ਦੀਆਂ ਗਊਆਂ 'ਤੇ ਹੋਰ ਪਸ਼ੂ ਧਨ

ਵਿਸ਼ੇਸ਼ ਆਕਰਸ਼ਣ ਦਾ ਕੇਂਦਰ ਸਨ। ਇਨ੍ਹਾਂ ਵਲੋਂ ਵੱਖੋ ਵੱਖ ਪ੍ਰਤੀਯੋਗਤਾਵਾਂ ਵਿਚੋਂ 2 ਲੱਖ 89 ਹਜ਼ਾਰ ਦੇ 14 ਇਨਾਮ ਜਿੱਤੇ ਗਏ

**ਦੁੱਧ ਚੁਆਈ ਵਾਲੀਆਂ ਗਾਵਾਂ ਦੀ ਪ੍ਰਤੀਯੋਗਤਾ**

ਪਹਿਲੇ ਪੰਜ ਇਨਾਮ ਸ੍ਰੀ ਭੈਣੀ ਸਾਹਿਬ ਦੀਆਂ ਗਊਆਂ ਨੂੰ ਪ੍ਰਾਪਤ ਹੋਏ।

| | |
|---|---|
| ਪਹਿਲਾ ਇਨਾਮ - ਨਸੀਬ ਗਾਂ ਨੂੰ | 51,000 ਰੁ. |
| ਦੂਜਾ ਇਨਾਮ - ਸੁਖਦਾਈ ਗਾਂ ਨੂੰ - | 31,000 ਰੁ. |
| ਤੀਜਾ ਇਨਾਮ - ਰਹਿਮਤ ਗਾਂ ਨੂੰ - | 21,000 ਰੁ. |
| ਚੌਥਾ ਇਨਾਮ - ਕਾਸ਼ਨੀ ਗਾਂ ਨੂੰ | 12,000 ਰੁ |
| ਪੰਜਵਾ ਇਨਾਮ - ਸਰੂਪ ਗਾਂ ਨੂੰ - | 10,000 ਰੁ. |

ਪਹਿਲੇ ਨੰਬਰ ਦਾ ਇਨਾਮ ਜਿੱਤਣ ਵਾਲੀ ਗਊ ਨਸੀਬ ਸਾਢੇ 18 ਕਿਲੋ ਦੁੱਧ ਦੇ ਕੇ ਫਸਟ ਆਈ। ਵੈਸੇ ਰੋਜ਼ਾਨਾ ਇਹ ਕ੍ਰੀਬ 22-23 ਕਿਲੋ ਦੁੱਧ ਦਿੰਦੀ ਹੈ।

**ਨਸਲ ਵਾਲੀਆਂ ਸਾਹੀਵਾਲ ਗਾਵਾਂ ਦੀ ਪ੍ਰਤੀਯੋਗਤਾ**

| | |
|---|---|
| ਚੌਥਾ ਇਨਾਮ - ਨਿਰਜੀਵ ਗਾਂ ਨੂੰ | 10,000 ਰੁ. |
| ਛੇਵਾ ਇਨਾਮ - ਨਸੀਬ ਗਾਂ ਨੂੰ - | 5,000 ਰੁ. |
| ਸੱਤਵਾਂ ਇਨਾਮ - ਰਹਿਮਤ ਗਾਂ ਨੂੰ - | 5,000 ਰੁ. |

**ਸਾਹੀਵਾਲ ਵੱਛੀਆਂ ਦੀ ਪ੍ਰਤੀਯੋਗਤਾ**

| | |
|---|---|
| ਪਹਿਲਾ ਇਨਾਮ - ਸੁਰੀਲੀ ਵੱਛੀ ਨੂੰ | 31,000 ਰੁ. |
| ਤੀਜਾ ਇਨਾਮ - ਨਿਸ਼ਕਾਮ ਵੱਛੀ ਨੂੰ | 11,000 ਰੁ. |
| ਚੌਥਾ ਇਨਾਮ - ਕਰਮੀ ਵੱਛੀ ਨੂੰ | 10,000 ਰੁ. |

**ਸਾਹੀਵਾਲ ਸਾਨ੍ਹ ਪ੍ਰਤੀਯੋਗਤਾ**

| | |
|---|---|
| ਪਹਿਲਾ ਇਨਾਮ -ਮਸਤਾਨਗੜ੍ਹ ਵਾਲੇ ਸਮੁੰਦਰ ਸਾਨ੍ਹ ਨੂੰ | 51,000 ਰੁ. |
| ਦੂਜਾ ਇਨਾਮ - ਤਾਰਾ ਸਾਨ੍ਹ ਨੂੰ - | 31,000 ਰੁ. |
| ਅੱਠਵਾਂ ਇਨਾਮ - ਮੱਰਹਾ ਨਸਲ ਦੇ ਸਾਨ੍ਹ ਨੂੰ - | 10,000 ਰੁ. |

ਇਸ ਫਾਇਨਲ ਮੁਕਾਬਲੇ ਵਿਚ ਜੇਤੂ ਪਸ਼ੂਆਂ ਦੀ ਇਨਾਮ ਵੰਡ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਦੁਆਰਾ ਕੀਤੀ ਗਈ, ਜਿਸ ਵਿਚ ਪੰਜਾਬ ਦੇ ਖੇਤੀ ਬਾੜੀ ਤੇ ਪਸ਼ੂ ਪਾਲਣ ਮੰਤਰੀ ਸ. ਗੁਲਜਾਰ ਸਿੰਘ ਰਣੀਕੇ ਤੇ ਬਹੁਤ ਸਾਰੇ ਪਤਵੰਤੇ ਸੱਜਣ ਤੇ ਮਹਿਕਮਿਆਂ ਦੇ ਸਰਕਾਰੀ ਅਫਸਰ ਸ਼ਾਮਲ ਸਨ। ਹਜ਼ਾਰਾਂ ਦੀ ਗਿਣਤੀ ਵਿਚ ਪਸ਼ੂ ਪ੍ਰੇਮੀ ਤੇ ਪਸ਼ੂ-ਪਾਲਕ ਇਸ ਸਟੇਡੀਅਮ ਵਿਚ ਮੌਜੂਦ ਸਨ।

## ਪੰਜਾਬ ਪਸ਼ੂ ਧਨ ਚੈਂਪਿਅਨਸ਼ਿਪ- 2009
## ਪੂਰਬੀ ਜ਼ੋਨ ਪੱਧਰੀ ਮੁਕਾਬਲਾ
## ਪਸ਼ੂ ਮੰਡੀ ਪਿੰਡ ਚੜਿੱਕ (ਜ਼ਿਲ੍ਹਾ ਮੋਗਾ)
## 26-27-28 ਦਸੰਬਰ 2009 ਨੂੰ

ਇਸ ਪੂਰਬੀ ਜੋਨ ਪੱਧਰੀ ਮੁਕਾਬਲੇ ਵਿਚ ਸ੍ਰੀ ਭੈਣੀ ਸਾਹਿਬ ਦੀਆ ਗਊਆਂ ਅਤੇ ਪਸ਼ੂ ਧਨ ਵਲੋਂ 54 ਹਜ਼ਾਰ ਦੇ 12 ਇਨਾਮ ਜਿੱਤੇ ਗਏ।

**ਦੁੱਧ ਚੁਆਈ ਮੁਕਾਬਲਾ-ਸਾਹੀਵਾਲ**

| | | |
|---|---|---|
| ਪਹਿਲਾ ਇਨਾਮ - | ਨਾਗਪੁਸ਼ਪੀ ਗਾਂ ਨੂੰ | 10,000 ਰੁ. |
| ਦੂਜਾ ਇਨਾਮ - | ਨਿਸ਼ਕਾਮ ਗਾਂ ਨੂੰ | 8,000 ਰੁ. |
| ਚੌਥਾ ਇਨਾਮ - | ਨਾਥਾਂ ਵਾਲੀ ਨੰ.1 ਗਾਂ ਨੂੰ | 3,000 ਰੁ. |
| ਪੰਜਵਾਂ ਇਨਾਮ - | ਅਰਦਾਸ ਗਾਂ ਨੂੰ | 2,000 ਰੁ. |

ਇਸ ਪ੍ਰਤੀਯੋਗਤਾ ਦੇ 5 ਵਿਚੋਂ ਚਾਰ ਇਨਾਮ ਜਿੱਤ ਲਏ ਗਏ।

**ਸਾਹੀਵਾਲ ਨਸਲ ਵਾਲੀਆਂ ਗਾਵਾਂ ਦੀ ਪ੍ਰਤੀਯੋਗਿਤਾ**

| | | |
|---|---|---|
| ਪਹਿਲਾ ਇਨਾਮ - | ਰਹਿਮਤ ਗਾਂ ਨੂੰ | 10,000 ਰੁ. |
| ਦੂਜਾ ਇਨਾਮ - | ਸੁਰੀਲੀ ਗਾਂ ਨੂੰ | 5,000 ਰੁ. |
| ਚੌਥਾਂ ਇਨਾਮ - | ਮੰਡਲ ਗਾਂ ਨੂੰ | 2,000 ਰੁ. |
| ਪੰਜਵਾਂ ਇਨਾਮ - | ਨਿਸ਼ਕਾਮ ਗਾਂ ਨੂੰ | 2,000 ਰੁ. |

ਇਸ ਪ੍ਰਤੀਯੋਗਿਤਾ ਦੇ 5 ਵਿਚੋਂ ਚਾਰ ਇਨਾਮ ਜਿੱਤ ਲਏ ਗਏ।

**ਸਾਹੀਵਾਲ ਸਾਨ੍ਹ ਦੀ ਪ੍ਰਤੀਯੋਗਿਤਾ**

| | | |
|---|---|---|
| ਪਹਿਲਾ ਇਨਾਮ - | ਮਸਤਾਨ੍ਹਗੜ੍ਹ ਵਾਲੇ ਸਮੁੰਦਰ ਸਾਨ੍ਹ ਨੂੰ | 5,000 ਰੁ. |
| ਤੀਜਾ ਇਨਾਮ - | ਯੁਗ ਸਾਨ੍ਹ ਨੂੰ | 1,000 ਰੁ. |

**ਸਾਹੀਵਾਲ ਵੱਛੀਆ ਦੀ ਪ੍ਰਤੀਯੋਗਤਾ**

| | | |
|---|---|---|
| ਪਹਿਲਾ ਇਨਾਮ- | 4708 ਨੰ.(ਮਾਲਾ ਗਾਂ ਦੀ ਵੱਛੀ) ਨੂੰ | 5,000 ਰੁ. |
| ਤੀਜਾ ਇਨਾਮ- | 4742 ਨੰ. (ਗੁਰਬਾਣੀ ਗਾਂ ਦੀ ਵੱਛੀ) ਨੂੰ | 1,000 ਰੁ. |

## ਉੱਤਰੀ ਭਾਰਤ ਪਸ਼ੂ ਧਨ ਚੈਂਪਿਅਨਸ਼ਿਪ- 2010
## ਗੁਰੂ ਗੋਬਿੰਦ ਸਿੰਘ ਸਟੇਡੀਅਮ ਸਰਕਾਰੀ ਕਾਲਜ ਮੁਕਤਸਰ
## 8 ਤੋਂ 12 ਜਨਵਰੀ ਸੰਨ 2010

ਇਸ ਵਿਚ ਉੱਤਰੀ ਭਾਰਤ ਦੇ ਪਸ਼ੂਆਂ ਦੇ ਵੱਖ ਵੱਖ ਵਰਗਾਂ ਦੇ ਮੁਕਾਬਲੇ ਕਰਵਾਏ ਗਏ। ਕ੍ਰੀਬ ਸਾਰੀਆਂ ਪ੍ਰਤੀਯੋਗਿਤਾਵਾਂ ਵਿਚੋਂ ਪਹਿਲਾ ਸਥਾਨ ਪ੍ਰਾਪਤ ਕਰ ਕੇ ਸ੍ਰੀ ਭੈਣੀ ਸਾਹਿਬ ਦੀਆਂ ਗਊਆਂ, ਵੱਛੀਆਂ ਤੇ ਸਾਨ੍ਹਾਂ ਨੇ ਉੱਤਰੀ ਭਾਰਤ ਵਿਚ ਚੈਂਪਿਅਨ ਹੋਣ ਦਾ ਮਾਣ ਪ੍ਰਾਪਤ ਕੀਤਾ। ਇਨ੍ਹਾਂ ਨੇ ਕੁੱਲ 23 ਇਨਾਮ ਪ੍ਰਾਪਤ ਕੀਤੇ। 3 ਲੱਖ 76 ਹਜ਼ਾਰ ਦੀ ਰਾਸ਼ੀ ਦੇ 20 ਪੁਰਸਕਾਰ ਨਗਦ ਰਾਸ਼ੀ ਦੇ ਰੂਪ ਵਿਚ ਮਿਲਣ ਤੋਂ ਇਲਾਵਾ, ਸਨਮਾਨ ਚਿੰਨ੍ਹ ਅਤੇ ਪ੍ਰਮਾਣ ਪੱਤਰ ਪ੍ਰਾਪਤ ਹੋਏ। ਤਿੰਨ ਹੌਸਲਾ ਵਧਾਊ ਪੁਰਸਕਾਰ ਦੇ ਰੂਪ ਵਿਚ, ਤਿੰਨ ਪ੍ਰਮਾਣ ਪੱਤਰ ਮਿਲੇ। ਇਨ੍ਹਾਂ ਸਭ ਇਨਾਮਾਂ ਦਾ ਵੇਰਵਾ ਇਸ ਪ੍ਰਕਾਰ ਹੈ—

**ਦੁੱਧ ਚੁਆਈ ਵਾਲੀਆਂ ਸਾਹੀਵਾਲ ਗਾਵਾਂ ਦੀ ਪ੍ਰਤੀਯੋਗਿਤਾ**

ਪਹਿਲਾ ਇਨਾਮ - ਨਾਗਪੁਸ਼ਪੀ ਗਾਂ ਨੂੰ 51,000 ਰੁ. 21000 ਰੁ.

ਤੀਜਾ ਇਨਾਮ - ਕਿਰਪਾ ਗਾਂ ਨੂੰ - 15,000 ਰੁ.

ਅੱਠਵਾਂ ਇਨਾਮ - ਨਿਸ਼ਕਾਮ ਗਾਂ ਨੂੰ - 5,000 ਰੁ

ਨੌਵਾਂ ਇਨਾਮ - ਨਾਥਾਂ ਵਾਲੀ1 ਨੰ. ਗਾਂ ਨੂੰ - 5,000 ਰੁ.

ਗਿਆਰਵਾਂ ਇਨਾਮ - ਨਾਥਾਂ ਵਾਲੀ 2 ਨੰ. ਗਾਂ ਨੂੰ ਹੌਂਸਲਾ ਵਧਾਊ ਇਨਾਮ

ਬਾਰਵਾਂ ਇਨਾਮ - ਗੁਰਮੁਖੀ ਗਾਂ ਨੂੰ ਹੌਂਸਲਾ ਵਧਾਊ ਇਨਾਮ

ਤੇਰਵਾਂ ਇਨਾਮ - ਅਰਦਾਸ ਗਾਂ ਨੂੰ ਹੌਂਸਲਾ ਵਧਾਊ ਇਨਾਮ

ਨਾਗਪੁਸ਼ਪੀ ਗਾਂ ਨੂੰ ਉੱਤਰੀ ਭਾਰਤ ਚੈਂਪਿਅਨਸ਼ਿਪ ਵਿਚ ਦੁੱਧ ਚੁਆਈ ਵਿਚ ਚੈਂਪਿਅਨ ਚੁਣਿਆ ਗਿਆ ਜਿਸ ਦਾ 21,000 ਰੁ. ਦਾ ਇਨਾਮ ਵੀ ਮਿਲਿਆ।

ਗਿਆਰਵਾਂ, ਬਾਰਵਾਂ, ਤੇਰਵਾਂ ਇਹ ਤਿੰਨ ਹੌਸਲਾਂ ਵਧਾਊ ਇਨਾਮ, ਪ੍ਰਮਾਣ ਪੱਤਰਾਂ ਦੇ ਰੂਪ ਵਿਚ ਸ੍ਰੀ ਭੈਣੀ ਸਾਹਿਬ ਦੀਆਂ ਗਊਆਂ ਨੂੰ ਮਿਲੇ।

**ਦੁੱਧ ਚੁਆਈ ਵਾਲੀਆਂ ਹਰਿਆਣਾ ਗਾਵਾਂ ਦੀ ਪ੍ਰਤੀਯੋਗਿਤਾ**

ਪਹਿਲਾ ਇਨਾਮ - ਨਿਧਾਨੀ ਗਊ ਨੂੰ 21,000 ਰੁ.

ਇਸ ਮੁਕਾਬਲੇ ਵਿਚ ਹੋਰ ਕੋਈ ਗਊ ਨਹੀਂ ਆਈ।

**ਨਸਲ ਵਾਲੀਆਂ ਸਾਹੀਵਾਲ ਗਾਵਾਂ ਦੀ ਪ੍ਰਤੀਯੋਗਿਤਾ**

| | | |
|---|---|---|
| ਪਹਿਲਾ ਇਨਾਮ – | ਨਾਥਾਂ ਵਾਲੀ 1 ਨੰ. ਗਾਂ ਨੂੰ | 51000 ਰੁ. 21000 ਰੁ. |
| ਛੇਵਾਂ ਇਨਾਮ – | ਨਿਸ਼ਕਾਮ ਗਾਂ ਨੂੰ | 7,000 ਰ |
| ਸੱਤਵਾਂ ਇਨਾਮ – | ਮੰਡਲ ਗਾਂ ਨੂੰ | 5,000 ਰੁ. |
| ਦਸਵਾਂ ਇਨਾਮ – | ਸੁਰੀਲੀ ਗਾਂ ਨੂੰ | 5,000 ਰੁ. |

ਨਾਥਾਂ ਵਾਲੀ ਗਾਂ ਨੰ.1 ਨੂੰ, ਸਮੂਹ ਉੱਤਰੀ ਭਾਰਤ ਚੈਂਪਿਅਨਸ਼ਿਪ ਦੇ ਨਸਲ ਮੁਕਾਬਲੇ ਵਿਚ ਚੈਂਪਿਅਨ ਬਣਾਇਆ ਗਿਆ ਜਿਸ ਦਾ ਇਨਾਮ 21,000 ਰੁ. ਵੀ ਮਿਲਿਆ। ਇਹ ਗਾਂ ਸਾਢੇ ਉਨਤਾਲੀ ਹਜ਼ਾਰ ਦੀ ਸੰਤ ਕਰਤਾਰ ਸਿੰਘ ਨਾਥ ਪਿੰਡ ਸੰਤਨਗਰ ਜ਼ਿਲ੍ਹਾ ਸਰਸਾ ਤੋਂ ਖਰੀਦੀ ਸੀ। ਇਹ ਗਾਂ ਮੁਕਤਸਰ ਅਤੇ ਚੜ੍ਹਿਕ ਦੀਆਂ ਪ੍ਰਤੀਯੋਗਤਾਵਾਂ ਵਿਚੋਂ 92 ਹਜ਼ਾਰ ਦੇ ਇਨਾਮ ਜਿੱਤ ਕੇ ਲਿਆਈ।

**ਸਾਹੀਵਾਲ ਸਾਨ੍ਹ ਪ੍ਰਤੀਯੋਗਿਤਾ**

| | |
|---|---|
| ਪਹਿਲਾ ਇਨਾਮ – ਮਸਤਾਨ੍ਹਗੜ੍ਹ ਵਾਲੇ ਸਮੁੰਦਰ ਸਾਨ੍ਹ ਨੂੰ | 51000 ਰੁ: ਅਤੇ 21000 ਰੁ. |
| ਦੂਜਾ ਇਨਾਮ – ਸਰਪੰਚ ਵਾਲੇ ਸਾਨ੍ਹ ਨੂੰ | 31000 ਰੁ. |
| ਤੀਜਾ ਇਨਾਮ – ਯੁਗ ਸਾਨ੍ਹ ਨੂੰ | 21000 ਰੁ. |

ਇਸ ਪ੍ਰਤੀਯੋਗਿਤਾ ਦੇ 5 ਵਿਚੋਂ ਤਿੰਨ ਇਨਾਮ ਜਿੱਤ ਲਏ ਗਏ।

ਮਸਤਾਨ੍ਹਗੜ੍ਹ ਵਾਲੇ ਸਮੁੰਦਰ ਸਾਨ੍ਹ ਨੂੰ ਸਮੂਹ ਉੱਤਰੀ ਭਾਰਤ ਚੈਂਪਿਅਨਸ਼ਿਪ ਮੁਕਾਬਲੇ ਵਿਚ ਚੈਂਪਿਅਨ ਬਣਾਇਆ ਗਿਆ ਜਿਸ ਦਾ ਇਨਾਮ 21,000 ਰੁ. ਵੀ ਮਿਲਿਆ।

**ਝੋਟਿਆਂ ਦੀ ਪ੍ਰਤੀਯੋਗਿਤਾ**

13 ਵਾਂ ਇਨਾਮ–ਮਾਲੀ ਨਾਮਕ ਮੁਰੱਹਾ ਨਸਲ ਦੇ ਝੋਟੇ ਨੂੰ ਮਿਲਿਆ 5,000ਰੁ:

**ਸਾਹੀਵਾਲ ਵੱਛੀਆਂ ਦੀ ਪ੍ਰਤੀਯੋਗਤਾ**

| | |
|---|---|
| ਪਹਿਲਾ ਇਨਾਮ–4708 ਨੰ. (ਮਾਲਾ ਗਾਂ ਦੀ) ਵੱਛੀ ਨੂੰ | 31,000 ਰੁ. |
| ਚੌਥਾ ਇਨਾਮ–4664 ਨੰ. (ਪਰਬਤ ਗਾਂ ਦੀ) ਵੱਛੀ ਨੂੰ | 5,000 ਰੁ. |
| ਨੌਵਾਂ ਇਨਾਮ – 4742 ਨੰ. ( ਗੁਰਬਾਣੀ ਗਾਂ ਦੀ) ਵੱਛੀ ਨੂੰ | 2,000 ਰੁ. |
| ਦਸਵਾਂ ਇਨਾਮ – 4687 ਨੰ. (ਸੁਰਖੀ ਗਾਂ ਦੀ) ਵੱਛੀ ਨੂੰ | 2,000 ਰੁ. |

ਸਾਰੇ ਸਮਾਗਮ ਦੀ ਪ੍ਰਧਾਨਗੀ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਕੀਤੀ। ਜੇਤੂਆਂ ਨੂੰ ਇਨਾਮ ਵੰਡਣ ਲਈ ਪੰਜਾਬ ਦੇ ਉਪ ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਉਚੇਚੇ ਤੌਰ 'ਤੇ ਸਮਾਗਮ ਵਿਚ ਪਹੁੰਚੇ। ਪਸ਼ੂ ਪਾਲਣ ਮੰਤਰੀ ਸ. ਗੁਲਜਾਰ ਸਿੰਘ ਰਣੀਕੇ ਵੀ ਮੌਜੂਦ ਸਨ।

## ਜ਼ਿਲ੍ਹਾ ਪੱਧਰੀ ਪਸ਼ੂ ਧਨ ਅਤੇ ਦੁੱਧ ਚੁਵਾਈ ਮੁਕਾਬਲੇ 2010 ਪਿੰਡ ਰਾਈਆਂ, ਨੇੜੇ ਸ੍ਰੀ ਭੈਣੀ ਸਹਿਬ ਜਿਲ੍ਹਾ ਲੁਧਿਆਣਾ

9-10 ਦਸੰਬਰ ਸੰਨ 2010

ਦੁਧ ਚਵਾਈ ਮੁਕਾਬਲਾ ਸਾਹੀਵਾਲ ਗਾਵਾਂ

| ਗਾਂ ਦਾ ਨਾਂ | ਇਨਾਮ ਦੇ ਰੁ: |
|---|---|
| 1. ਜਗਤ | 3000 |
| 2. ਗੁਲਾਬ | 2000 |
| 3. ਪਟਨਾ | 1000 |
| 4. ਗੀਤ | 500 |
| 5. ਮੰਡਲ | 500 |

ਪੰਜੇ ਇਨਾਮ ਸ੍ਰੀ ਭੈਣੀ ਸਾਹਿਬ ਦੀਆਂ ਗਊਆਂ ਦੇ ਸਨ।

ਨਸਲ ਮੁਕਾਬਲੇ

| | |
|---|---|
| 1. ਜਗਤ | 3000 |
| 2. ਨਿਰਜੀਵ | 2000 |
| 3. ਬਾਣੀ | 500 |

ਸਾਹੀਵਾਲ ਸਾਨ੍ਹਾਂ ਦੇ ਮੁਕਾਬਲੇ

| | |
|---|---|
| 1. ਯੁਗ | 5000 |
| 2. ਸਰਪੰਚ | 3000 |
| 3. ਭੋਲੂ | 2000 |
| 4. 4734 ਨੰ: ਵੱਛਾ | 500 |
| 5 4804 ਨੰ: ਵੱਛਾ | 500 |

ਪਹਿਲੇ ਪੰਜ ਇਨਾਮ ਸ੍ਰੀ ਭੈਣੀ ਸਾਹਿਬ ਦੇ ਸਾਨ੍ਹਾਂ ਨੇ ਜਿੱਤੇ, ਕੁਲ 23 ਹਜਾਰ 550 ਰੁ: ਦੇ ਇਨਾਮ ਜਿੱਤੇ ਗਏ। ਸਰਟੀਫਿਕੇਟ ਵੀ ਮਿਲੇ।

ਲੰਗਰ ਸ੍ਰੀ ਭੈਣੀ ਸਾਹਿਬ ਵਲੋਂ ਵਰਤਾਇਆ ਗਿਆ।

29-30 ਨਵੰਬਰ ਤੇ 1 ਦਸੰਬਰ ਨੂੰ ਪਿੰਡ ਚੜ੍ਹਿਕ, ਜ਼ਿਲ੍ਹਾ ਮੋਗਾ ਵਿਖੇ ਪੰਜਾਬ ਸਰਕਾਰ ਵਲੋਂ ਕਰਵਾਏ ਗਏ ਜੋਨ ਪੱਧਰੀ ਮੁਕਾਬਲਿਆਂ ਵਿਚ ਦੁਧ ਚੁਆਈ ਮੁਕਾਬਲੇ ਵਿਚੋਂ ਸ੍ਰੀ ਭੈਣੀ ਸਾਹਿਬ ਦੀਆਂ ਗਊਆਂ ਨੂੰ ਪਹਿਲੇ ਪੰਜ ਇਨਾਮ ਮਿਲੇ। ਇਨ੍ਹਾਂ ਗਊਆਂ ਦੇ ਨਾਂ ਹਨ- ਰੰਗਲੀ, ਜਗਤ, ਮਸਤਾਨਗੜ੍ਹ ਵਾਲੀ ਨਵੀਂ ਗਾਂ, ਪਟਨਾ ਅਤੇ ਗੁਲਾਬ।

ਨਸਲ ਮੁਕਾਬਲੇ ਵਿਚੋਂ ਪਹਿਲਾ ਇਨਾਮ ਮੰਡਲ ਗਾਂ ਨੂੰ, ਦੂਜਾ ਸੁਰੀਲੀ ਗਾਂ ਨੂੰ, ਚੌਥਾ ਇਨਾਮ ਮਸਤਾਨਗੜ੍ਹ ਵਾਲੀ ਨਵੀ ਗਾਂ ਨੂੰ ਅਤੇ ਪੰਜਵਾਂ ਇਨਾਮ ਬਾਣੀ ਨੂੰ ਮਿਲਿਆ।

ਵਹਿੜਾਂ ਦੇ ਮੁਕਾਬਲੇ ਵਿਚੋਂ ਦੂਜਾ ਇਨਾਮ 4752 ਨੰ. ਵੱਛੀ ਨੂੰ ਅਤੇ ਤੀਜਾ ਇਨਾਮ 4818 ਨੰ. ਵੱਛੀ ਨੂੰ ਮਿਲਿਆ।

ਸਾਨ੍ਹਾਂ ਵਿਚੋਂ ਦੂਜਾ ਇਨਾਮ ਸਰਪੰਚ ਸਾਨ੍ਹ ਨੂੰ ਮਿਲਿਆ।

ਸੂਬਾ ਜਗੀਰ ਸਿੰਘ ਨੇ ਦੱਸਿਆ ਕਿ ਅਗਲੀਆਂ ਪ੍ਰਤੀਯੋਗਿਤਾਵਾਂ ਵਿਚ ਹੋਰ ਵੀ ਵੱਧ ਚੜ੍ਹ ਕੇ ਹਿੱਸਾ ਲੈਣ ਲਈ ਅਸੀਂ ਤਿਆਰੀਆਂ ਕਰ ਰਹੇ ਹਾਂ। ਪ੍ਰਤੀਯੋਗਿਤਾਵਾਂ ਵਿਚ ਲਿਜਾਏ ਜਾਣ ਵਾਲੀਆਂ ਗਊਆਂ, ਵੱਛੀਆਂ ਤੇ ਹੋਰ ਗਊ ਧਨ ਦਾ ਵੱਖਰਿਆਂ ਵਿਸ਼ੇਸ਼ ਧਿਆਨ ਰੱਖਿਆ ਜਾ ਰਿਹਾ ਹੈ।

ਅਜੋਕੇ ਸਮੇਂ ਵਿਚ 1 ਲੱਖ ਸਾਢੇ 13 ਹਜ਼ਾਰ ਦੀ ਸਾਹੀਵਾਲ ਨਸਲ ਦੀ ਇਕ ਗਾਂ ਪਿੰਡ ਬਾਹੀਆ ਜ਼ਿਲ੍ਹਾ ਸਰਸਾ ਹਰਿਆਣਾ ਤੋਂ ਲਿਆਂਦੀ ਗਈ ਹੈ। ਇਸ ਨੂੰ ਬਹੀਆ ਵਾਲੀ ਗਾਂ ਆਖਦੇ ਹਨ। ਇਸ ਦਾ ਕ੍ਰੀਬ 25 ਕਿਲੋ ਦੁੱਧ ਰੋਜ਼ਾਨਾ ਹੈ ਅਤੇ ਤਬੇਲੇ ਵਿਚ ਐਸ ਵੇਲੇ ਇਹ ਸਭ ਤੋਂ ਵੱਧ ਦੁੱਧ ਦੇ ਰਹੀ ਹੈ।

ਸੂਬਾ ਜਗੀਰ ਸਿੰਘ ਦੱਸਦੇ ਹਨ ਕਿ ਇਹ ਹੋਰ ਨਵੀਂ ਗਾਂ ਹੁਣ ਸੂਈ ਹੈ ਜਿਸ ਤੋਂ 25 ਕਿਲੋ ਤੋਂ ਵੱਧ ਦੁੱਧ ਦੇਣ ਦੀ ਆਸ ਹੈ।

ਗਊਆਂ ਦੀ ਖੁਰਾਕ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਹੈ। ਗਊਆਂ ਨੂੰ ਬਰਸੀਮ, ਜਵੀ, ਜਵਾਰ, ਮਕੀ ਆਦਿ Organic ਪੱਠੇ ਚਰਾਏ ਜਾਂਦੇ ਹਨ। ਦੇਸੀ ਖਾਦ ਵਾਲੇ ਬਿਨਾਂ, ਕਿਸੇ ਸਪਰੇ ਦੇ ਪੱਠੇ ਹੀ ਗਊਆਂ ਨੂੰ ਖਾਣ ਲਈ ਦਿਤੇ ਜਾਂਦੇ ਹਨ।

## ਨਿੱਜੀ ਗਊਸ਼ਾਲਾਵਾਂ ਦੀਆਂ ਪ੍ਰਾਪਤੀਆਂ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਪ੍ਰੇਰਨਾ ਸਦਕਾ ਬਹੁਤ ਸਾਰੇ ਨਾਮਧਾਰੀ ਪਰਿਵਾਰ ਗਊ ਪਾਲਣ ਦਾ ਸ਼ੌਕ ਰੱਖਦੇ ਹਨ ਦੇ ਇਨ੍ਹਾਂ ਦੀਆਂ ਆਪਣੀਆਂ ਗਊਸ਼ਾਲਾਵਾਂ ਹਨ। ਇਹ ਨਿੱਜੀ ਤੌਰ 'ਤੇ ਆਪਣੀਆਂ ਗਾਵਾਂ, ਵੱਛੀਆਂ, ਸਾਨ੍ਹ ਪੰਜਾਬ ਅਤੇ ਹਰਿਆਣਾ ਵਿਚ ਹੁੰਦੇ ਪਸ਼ੂ ਮੁਕਾਬਲਿਆਂ ਵਿਚ ਲਿਜਾਂਦੇ ਹਨ, ਜਿਵੇਂ ਕਿ-

ਪਿੰਡ ਸੰਤ ਨਗਰ ਜ਼ਿਲ੍ਹਾ ਸਰਸਾ ਵਿਚ ਸੰਤ ਪਿਆਰਾ ਸਿੰਘ ਜੀ ਨਾਥ ਦਾ ਪਰਿਵਾਰ ਪਸ਼ੂ ਪਾਲਣ ਦਾ ਸ਼ੌਕ ਰੱਖਦਾ ਹੈ ( ਨਾਥ ਜੀ ਸ੍ਰੀ ਭੈਣੀ ਸਾਹਿਬ ਲੰਗਰ ਵਿਖੇ ਹੱਟੀ ਦੇ ਇੰਨਚਾਰਜ ਹੋਇਆ ਕਰਦੇ ਸਨ)। ਇਸ ਪਰਿਵਾਰ ਦੀਆਂ ਸਾਹੀਵਾਲ ਨਸਲ ਦੀਆਂ ਗਾਵਾਂ, ਵੈਹੜਾਂ ਤੇ ਸਾਨ੍ਹਾਂ ਨੇ ਵੀ ਪੰਜਾਬ ਤੇ ਹਰਿਆਣਾ ਦੇ ਪਸ਼ੂ ਧਨ ਮੁਕਾਬਲਿਆਂ ਵਿਚੋਂ ਇਨਾਮ ਜਿੱਤ ਕੇ ਮਾਣਮੱਤੀਆਂ ਪ੍ਰਾਪਤੀਆਂ ਕੀਤੀਆਂ। ਇਸ ਤੋਂ ਇਲਾਵਾ ਇਸ ਪਰਿਵਾਰ ਨੇ ਮੁਹੱਰਾ ਨਸਲ ਦੀਆਂ ਮੱਝਾਂ ਤੇ ਐਚ. ਐਫ. ਗਾਵਾਂ ਵੀ ਰੱਖੀਆਂ ਹੋਈਆਂ ਹਨ। ਇਹਨਾਂ ਪਸ਼ੂਆਂ ਦੀ ਦੇਖ ਰੇਖ ਐਸ ਵੇਲੇ ਸੰਤ ਪਿਆਰਾ ਸਿੰਘ ਜੀ ਦੇ ਤਿੰਨ ਪੋਤਰੇ ਗੁਰੱਮੁਖ ਸਿੰਘ, ਗੁਰਭਜਨ ਸਿੰਘ ਅਤੇ ਗੁਰਸੇਵਕ ਸਿੰਘ ਸਪੁੱਤਰ ਸੰਤ ਕਰਤਾਰ ਸਿੰਘ ਨਾਥ ਕਰਦੇ ਹਨ।

ਸੰਤ ਗੁਰਭਜਨ ਸਿੰਘ ਨਾਥ ਜੋ ਕਿ ਪੇਸ਼ੇ ਵਜੋਂ ਵਕੀਲ ਹਨ ਨੇ ਮੈਨੂੰ 28 ਫਰਵਰੀ ਸੰਨ 2010 ਨੂੰ ਸ੍ਰੀ ਭੈਣੀ ਸਾਹਿਬ ਵਿਖੇ ਹੋਲੇ ਦੇ ਮੇਲੇ 'ਤੇ ਦੱਸਿਆ ਕਿ ਸਾਡੀ ਨੌਲਖੀ ਨਾਂ ਦੀ ਗਾਂ ਨੇ 40 ਦਿਨਾਂ ਦੀ ਉਮਰ ਤੋਂ ਲੈ ਕੇ ਅੱਜ ਸਵਾ ਤਿੰਨ ਸਾਲ ਦੀ ਉਮਰ ਤੱਕ ਬਹੁਤ ਸਾਰੇ ਇਨਾਮ ਦਿੱਤੇ। ਇਸ ਦੀ ਮਾਂ ਨਕੌੜੇ ਵਾਲੀ ਗਾਂ ਤੇ ਇਸ ਦੀ ਧੀ ਨੂਰੀ ਨੇ ਵੀ ਇਨਾਮ ਜਿੱਤੇ ਜਿਨ੍ਹਾਂ ਦਾ ਵੇਰਵਾ ਇਸ ਤਰ੍ਹਾਂ ਹੈ -

## ਨਾਥ ਗਊਸ਼ਾਲਾ ਸੰਤਨਗਰ ਵਲੋਂ ਪ੍ਰਤੀਯੋਗਿਤਾਵਾਂ ਵਿਚੋਂ ਜਿੱਤੇ ਗਏ ਇਨਾਮਾਂ ਦੇ ਵੇਰਵੇ

ਨੌਂ ਲੱਖੀ ਵੱਛੀ ਨੇ 40 ਦਿਨਾਂ ਦੀ ਉਮਰ ਵਿਚ ਪਿੰਡ ਭੜੋਲਿਆ ਵਾਲੀ - ਜ਼ਿਲ੍ਹਾ ਸਰਸਾ ਵਿਚ ਛੋਟੀਆਂ ਵੱਛੀਆਂ ਦੇ ਮੁਕਾਬਲੇ ਵਿਚ 27 ਫਰਵਰੀ ਸੰਨ 2007 ਨੂੰ ਪਹਿਲਾ ਸਥਾਨ ਪ੍ਰਾਪਤ ਕਰਕੇ ਇਕ ਹਜ਼ਾਰ ਰੁਪਏ ਦਾ ਨਕਦ ਇਨਾਮ ਜਿੱਤਿਆ।

ਫਿਰ ਇਸ ਨੌਂ-ਲੱਖੀ ਵੱਛੀ ਨੇ ਫਰਵਰੀ ਸੰਨ 2008 ਵਿਚ ਉੱਧਮ ਸਿੰਘ ਯਾਦਗਾਰੀ ਪਸ਼ੂ ਮੇਲੇ ਪਿੰਡ-ਦਮਦਮਾ ਜ਼ਿਲ੍ਹਾ ਸਰਸਾ ਵਿਖੇ ਵੈਹੜਾਂ ਦੇ ਮੁਕਾਬਲੇ ਵਿਚ ਪਹਿਲਾ ਸਥਾਨ ਪ੍ਰਾਪਤ ਕਰਕੇ 3000 ਹਜ਼ਾਰ ਰੁ.ਦਾ ਇਨਾਮ ਜਿੱਤਿਆ ।

ਫਿਰ ਇਸ ਨੌਂ-ਲੱਖੀ ਗਾਂ ਨੇ ਮਾਰਚ ਸੰਨ 2009 ਨੂੰ ਦਮਦਮਾ ਵਿਚ ਸ੍ਰ. ਉਧਮ ਸਿੰਘ ਯਾਦਗਾਰੀ ਮੇਲੇ ਵਿਚ ਵੈਹੜਾਂ ਦੇ ਮੁਕਾਬਲੇ ਵਿਚ, ਦੂਜਾ ਥਾਂ ਪ੍ਰਾਪਤ ਕੀਤਾ ਤੇ 2000 ਰੁ. ਦਾ ਨਕਦ ਇਨਾਮ ਜਿੱਤਿਆ।

15-16 ਮਾਰਚ ਸੰਨ 2009 ਨੂੰ ਹਰਿਆਣਾ ਸਰਕਾਰ ਨੇ ਪੂਰੇ ਹਰਿਆਣਾ ਦੇ ਮੁਕਾਬਲੇ ਕਰਾਏ। ਇਸ ਵਿਚ ਵੈਹੜਾਂ ਦੇ ਮੁਕਾਬਲੇ ਵਿਚ ਨੌਂ-ਲੱਖੀ ਵੈਹੜ ਨੇ ਪੂਰੇ ਹਰਿਆਣੇ ਵਿਚ ਪਹਿਲਾ ਸਥਾਨ ਪ੍ਰਾਪਤ ਕੀਤਾ।

8-12 ਜਨਵਰੀ ਸੰਨ 2010 ਨੂੰ ਉੱਤਰੀ ਭਾਰਤ ਪਸ਼ੂ -ਧਨ ਚੈਂਪਿਅਨਸ਼ਿਪ ਮੁਕਤਸਰ ਵਿਚ ਇਸ ਨੌਂ-ਲੱਖੀ ਗਾਂ ਨੇ ਪੰਜਾਬ ਤੋਂ ਬਿਨਾਂ ਪੂਰੇ ਉੱਤਰੀ ਭਾਰਤ ਦੇ ਮੁਕਾਬਲੇ ਵਿਚੋਂ ਪੰਜਵਾਂ-ਥਾਂ ਪ੍ਰਾਪਤ ਕਰਕੇ 7,000 ਰੁਪਏ ਦਾ ਨਕਦ ਇਨਾਮ ਪ੍ਰਾਪਤ ਕੀਤਾ।

ਇਸ ਨੌਂ-ਲੱਖੀ ਗਾਂ ਦੀ ਮਾਂ ਨਕੌੜੇ-ਵਾਲੀ ਗਾਂ ਨੇ 8-12 ਜਨਵਰੀ ਸੰਨ 2010 ਨੂੰ ਉੱਤਰੀ ਭਾਰਤ ਪਸ਼ੂ-ਧਨ ਚੈਂਪਿਅਨਸ਼ਿਪ ਮੁਕਤਸਰ ਵਿਚ ਪੰਜਾਬ ਤੋਂ ਬਿਨਾਂ ਪੂਰੇ ਉੱਤਰੀ ਭਾਰਤ ਦੇ ਰਾਜਾਂ ਦੇ ਮੁਕਾਬਲੇ ਵਿਚੋਂ ਦੂਜਾ-ਥਾਂ ਪ੍ਰਾਪਤ ਕੀਤਾ ਤੇ 21,000 ਰੁ.ਦਾ ਨਕਦ ਇਨਾਮ ਜਿੱਤਿਆ।

17 ਫਰਵਰੀ ਸੰਨ 2010 ਨੂੰ ਹਰਿਆਣਾ ਸਰਕਾਰ ਵਲੋਂ ਪਿੰਡ ਅੰਮ੍ਰਿਤਸਰ ਕਲਾਂ ਜ਼ਿਲ੍ਹਾ ਸਿਰਸਾ ਵਿਚ ਛੋਟੀਆਂ ਵੱਛੀਆਂ ਦਾ ਮੁਕਾਬਲਾ ਕਰਵਾਇਆ ਗਿਆ। ਇਸ ਵਿਚ ਨੌਂ-ਲੱਖੀ ਗਾਂ ਦੀ ਧੀ ਨੂਰੀ ਨੇ ਪਹਿਲਾ ਸਥਾਨ ਪ੍ਰਾਪਤ ਕਰਕੇ 1000 ਰੁ. ਦਾ ਨਕਦ ਇਨਾਮ ਜਿੱਤਿਆ।

ਨਾਥ ਗਊਸ਼ਾਲਾ ਦੇ ਸਾਹੀਵਾਲ ਸਾਨ੍ਹ ਮਨੀ ਨੇ 8-12 ਜਨਵਰੀ ਸੰਨ 2010 ਨੂੰ ਮੁਕਤਸਰ ਵਿਚ ਹੋਈ ਉੱਤਰੀ ਭਾਰਤ ਪਸ਼ੂਧਨ ਚੈਂਪਿਅਨਸ਼ਿਪ ਵਿਚ ਪੰਜਾਬ ਤੋਂ ਬਿਨਾਂ ਉਤਰੀ ਭਾਰਤ ਦੇ ਸਾਰੇ ਰਾਜਾਂ ਦੇ ਮੁਕਾਬਲੇ ਵਿਚੋਂ ਪਹਿਲਾ ਸਥਾਨ ਪ੍ਰਾਪਤ ਕਰਕੇ 31000 ਰੁ. ਦਾ ਨਕਦ ਇਨਾਮ ਜਿੱਤਿਆ।

ਇਸੇ ਮਨੀ ਸਾਨ੍ਹ ਨੇ ਮਾਰਚ 2009 ਨੂੰ ਸ੍ਰ. ਊਧਮ ਸਿੰਘ ਯਾਦਗਾਰੀ ਪਸ਼ੂ ਮੇਲਾ ਪਿੰਡ ਦਮਦਮਾ ਜ਼ਿਲ੍ਹਾ ਸਰਸਾ ਵਿਖੇ ਦੂਜਾ ਸਥਾਨ ਪ੍ਰਾਪਤ ਕਰਕੇ 2000 ਰੁ. ਦਾ ਇਨਾਮ ਜਿੱਤਿਆ।

ਫਿਰ ਇਸ ਮਨੀ ਸਾਨ੍ਹ ਨੇ ਸੰਨ 2010 ਨੂੰ ਸ੍ਰ. ਊਧਮ ਸਿੰਘ ਯਾਦਗਾਰੀ ਪਸ਼ੂ ਮੇਲਾ ਪਿੰਡ ਦਮਦਮਾ ਜ਼ਿਲ੍ਹਾ ਸਰਸਾ ਵਿਚ ਪਹਿਲਾ ਸਥਾਨ ਪ੍ਰਾਪਤ ਕਰਕੇ ਤਿੰਨ ਹਜ਼ਾਰ ਰੁ. ਦਾ ਇਨਾਮ ਜਿੱਤਿਆ।

ਨਾਥ ਗਊਸ਼ਾਲਾ ਦੀ ਮੁਹੱਰਾ ਨਸਲ ਦੀ ਮੱਝ ਨੇ ਹਰਿਆਣਾ ਸਰਕਾਰ ਵਲੋਂ ਪਿੰਡ-ਸੰਤਨਗਰ ਜ਼ਿਲ੍ਹਾ ਸਰਸਾ ਵਿਚ ਕਰਵਾਏ ਗਏ ਦੁੱਧ-ਚੁਵਾਈ ਮੁਕਾਬਲੇ ਵਿਚ 19 ਲੀਟਰ ਤੋਂ ਵੱਧ ਦੁੱਧ ਦੇ ਕੇ ਪੰਦਰਾਂ ਹਾਜ਼ਰ ਰੁ. ਰੁਪਏ ਦਾ ਇਨਾਮ ਜਿੱਤਿਆ।

ਮੁਕਤਸਰ ਤੇ ਚੱੜਿਕ ਵਿਚ ਹੋਈਆਂ ਪ੍ਰਤੀਯੋਗਤਾਵਾਂ ਵਿਚੋਂ ਇਨਾਮ ਲੈਣ ਵਾਲੀਆਂ ਸ੍ਰੀ ਭੈਣੀ ਸਾਹਿਬ ਦੀ ਗਊਸ਼ਾਲਾ ਦੀਆਂ ਗਊਆਂ ਵਿਚ ਨਾਥ ਵਾਲੀ ਗਾਂ ਨੰ. 1 ਤੇ ਨੰ. 2 ਦਾ ਜ਼ਿਕਰ ਹੈ, ਉਹ ਨਾਥ ਗਊਸ਼ਾਲਾ ਤੋਂ ਖਰੀਦ ਕੇ ਲਿਆਂਦੀਆਂ ਗਊਆਂ ਹਨ।

# ਸ੍ਰੀ ਸਤਿਗੁਰੂ ਜੀ ਦਾ ਆਸ਼ੀਰਵਾਦ ਅਤੇ ਵਿਸ਼ਵ ਮੰਗਲ ਗਊ ਗਰਾਮ ਯਾਤਰਾ

(ਆਰੰਭ 30 ਸਤੰਬਰ ਸੰਨ 2009 (ਦੁਸਹਿਰਾ) ਸਮਾਪਤੀ 17 ਜਨਵਰੀ ਸੰਨ 2010 (ਮੱਘਰ ਦੀ ਸੰਗ੍ਰਾਦ ਨੂੰ)

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਵਿਚਾਰਧਾਰਾ ਦੇ ਮੁਖ ਮੰਤਵ ਅਨੁਸਾਰ ਵਿਸ਼ਵ ਮੰਗਲ ਗਊ ਗ੍ਰਾਮ ਯਾਤਰਾ ਦਾ ਉਦੇਸ਼ ਗਊ ਦੇ ਪ੍ਰਤੀ ਸਮਾਜ ਵਿਚ ਸੇਵਾ ਭਾਵ ਜਾਗ੍ਰਤ ਕਰ ਕੇ ਉਸਨੂੰ ਫਿਰ ਸਨਮਾਨਜਨਕ ਸਥਾਨ ਹਾਸਲ ਕਰਵਾਉਣਾ ਸੀ। ਇਹ ਸੋਚ ਵੀ ਕੰਮ ਕਰ ਰਹੀ ਸੀ ਕਿ ਗਊ ਦੇ ਮਹੱਤਵ ਤੇ ਗੁਣਾਂ ਬਾਰੇ ਸਮਾਜ ਨੂੰ ਜਾਣਕਾਰੀ ਦੇਣ ਨਾਲ ਸੇਵਾ ਭਾਵ ਪੈਦਾ ਹੋਵੇਗਾ ਅਤੇ ਗਊ ਨੂੰ ਸੁਰੱਖਿਆ ਮਿਲੇਗੀ। ਇਸ ਯਾਤਰਾ ਦਰਮਿਆਨ ਭਾਰਤ ਦੀ ਵਿਰਾਸਤ, ਪਿੰਡਾਂ ਦੀ ਸੰਸਕ੍ਰਿਤੀ ਅਤੇ ਗਊ ਪ੍ਰਤੀ ਸਨਮਾਨ ਤੇ ਸੇਵਾ-ਭਾਵ ਦੀਆਂ ਭਾਵਨਾਵਾਂ ਨੂੰ ਲੋਕਾਂ 'ਚ ਜਾਗ੍ਰਤ ਕੀਤਾ ਗਿਆ।

ਗਊ ਰੱਖਿਆ ਅੰਦੋਲਨ ਦੇ ਰੂਪ ਵਿਚ ਵਿਸ਼ਵ ਮੰਗਲ ਗਊ ਗਰਾਮ ਯਾਤਰਾ 30 ਸਤੰਬਰ ਸੰਨ 2009 ਤੋਂ ਕੁਰੁਕਸ਼ੇਤਰ ਤੋਂ ਸ਼ੁਰੂ ਹੋਈ। ਕ੍ਰੀਬ 108 ਦਿਨਾਂ ਦੀ 20,000 ਕਿਲੋਮੀਟਰ ਦੀ ਇਹ ਭਾਰਤ ਯਾਤਰਾ, ਵਿਸ਼ਵ ਭਰ ਦੀ ਖੁਸ਼ਹਾਲੀ ਤੇ ਸੁਖ-ਸ਼ਾਂਤੀ ਖਾਤਰ ਹੋਈ। ਇਸ ਇਤਿਹਾਸਕ ਯਾਤਰਾ ਦਾ ਸਮਾਪਨ ਸਮਾਰੋਹ 17 ਜਨਵਰੀ ਸੰਨ 2010 ਨੂੰ ਨਾਗਪੁਰ ਵਿਖੇ ਹੋਇਆ।

ਭਾਰਤ ਦੇ ਸਾਧੂ ਸੰਤਾਂ ਨੇ, ਹਰ ਧਰਮ ਤੇ ਹਰ ਫਿਰਕੇ ਦੇ ਲੋਕਾਂ ਨੇ ਇਸ ਯਾਤਰਾ ਵਿਚ ਸਹਿਯੋਗ ਦਿਤਾ। ਜਦੋਂ ਇਸ ਯਾਤਰਾ ਦੇ ਪ੍ਰਵਰਤਕ ਦੇ ਤੌਰ 'ਤੇ ਆਸ਼ੀਰਵਾਦ ਦੇਣ ਲਈ, ਵਿਸ਼ਵ ਹਿੰਦੂ ਪਰਿਸ਼ਦ ਦੇ ਅੰਤਰ ਰਾਸ਼ਟਰੀ ਅਹੁਦੇਦਾਰ ਸ੍ਰੀ ਦਿਨੇਸ਼ ਚੰਦਰ ਜੀ ਅਤੇ ਪੰਜਾਬ ਪ੍ਰਾਂਤ ਦੇ ਮੁਖੀ ਪ੍ਰਤੀਨਿਧੀ ਆਦਿ ਵਲੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਅਰਜ਼ ਕੀਤੀ ਗਈ ਤਾਂ ਹਜ਼ੂਰ ਨੇ ਇਸ ਨੂੰ ਪ੍ਰਵਾਨ ਕੀਤਾ। ਵਿਸ਼ਵ ਸ਼ਾਂਤੀ, ਵਿਸ਼ਵ ਕਲਿਆਣ, ਗਊ-ਗ੍ਰੀਬ ਦੀ ਰੱਖਿਆ ਅਤੇ ਹੋਰ ਭਲੇ ਕੰਮ ਕਰਨ ਵਾਲੀਆਂ ਸੰਸਥਾਵਾਂ ਅਤੇ ਵਿਅਕਤੀਆਂ ਨਾਲ ਸ੍ਰੀ ਸਤਿਗੁਰੂ ਜੀ ਦਾ ਆਸ਼ੀਰਵਾਦ ਹਮੇਸ਼ਾਂ ਰਹਿੰਦਾ ਹੈ।

ਹਜੂਰੀ ਸੇਵਕ ਰਛਪਾਲ ਸਿੰਘ ਨੇ ਸੂਬਾ ਸਰਬਜੀਤ ਸਿੰਘ (ਗਵਾਲੀਅਰ) ਨੂੰ ਮੁੱਖ ਪ੍ਰਬੰਧਕ ਬਣਾ ਕੇ ਯਾਤਰਾ ਦੀ ਜਿੰਮੇਵਾਰੀ ਸੌਂਪੀ ਅਤੇ ਸ੍ਰੀ ਭੈਣੀ ਸਾਹਿਬ ਤੋਂ ਇਕ ਬਹੁਤ ਵਧੀਆ ਸਜਾਏ ਗਏ ਰਥ ਨੂੰ ਸ੍ਰੀ ਸਤਿਗੁਰੂ ਜੀ ਦਾ ਆਸ਼ੀਰਵਾਦ ਲੈ ਕੇ ਤੋਰਿਆ। ਸੰਤ ਗੁਰਸੇਵ ਸਿੰਘ ਚੰਨ (ਮੰਡੀ) ਦੀ ਗੱਡੀ ਰਥ ਵਜੋਂ ਸੇਵਾ ਵਿਚ ਰਹੀ।

ਕਰਨਾਟਕ ਗੋਕਰਨਪੀਠ ਦੇ ਪੀਠਾਧੀਸ਼ਵਰ ਜਗਦਗੁਰੂ ਸ਼ੰਕਰਾਚਾਰੀਆ ਸੁਆਮੀ ਰਾਘਵੇਸ਼ਵਰ ਭਾਰਤੀ ਜੀ ਦੀ ਸੁਯੋਗ ਅਗਵਾਈ ਹੇਠ ਵਿਜੈਦਸ਼ਮੀ ਦੇ ਦਿਨ ਵਿਸ਼ਵ ਮੰਗਲ ਗਊ ਗ੍ਰਾਮ ਯਾਤਰਾ ਸ਼ੁਰੂ ਹੋਈ। ਇਸ ਯਾਤਰਾ ਨੂੰ ਦੇਸ਼ ਦੇ ਮਹਾਂਪੁਰਸ਼ ਸੰਤਾਂ ਅਤੇ ਪੂਜਨੀਕ ਗੁਰੂਆਂ- ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ, ਸ੍ਰੀ ਸ੍ਰੀ ਰਵੀਸ਼ੰਕਰ ਜੀ, ਯੋਗਗੁਰੂ ਸੁਆਮੀ ਰਾਮ ਦੇਵ ਜੀ, ਸ੍ਰੀ ਮਾਤਾ ਅਮ੍ਰਿਤਾਨੰਦਮਈ ਜੀ, ਸੁਆਮੀ ਦਯਾਨੰਦ ਜੀ, ਸੁਆਮੀ ਵਿੱਦਿਆਸਾਗਰ ਜੀ, ਦਿਗੰਬਰ ਜੈਨਾਚਾਰੀਆ ਮੁਨਿ ਸ੍ਰੀ ਵਿਜੈ ਰਤਨਸੁੰਦਰ ਜੀ, ਜੈਨਾਚਾਰੀਆ ਮੁਨਿ ਮਹਾਂਪ੍ਰਗਿਆ ਜੀ, ਸ੍ਰੀ ਮੁਰਾਰੀ ਬਾਪੂ ਜੀ, ਸਾਧਵੀ ਰਿਤੰਭਰਾਜੀ, ਡਾ. ਪ੍ਰਣਵ ਪਾਂਡੇ ਜੀ ਅਤੇ ਡਾ.ਐਚ.ਆਰ. ਨਾਗੇਂਦਰ ਆਦਿ ਦਾ ਸਾਥ ਤੇ ਸਹਿਯੋਗ ਪ੍ਰਾਪਤ ਹੋਇਆ।

ਯਾਤਰਾ ਸ਼ੁਰੂ ਕਰਨ ਤੋਂ ਪਹਿਲੋਂ 29 ਸਤੰਬਰ ਸੰਨ 2009 ਨੂੰ ਦੁਸਿਹਰੇ ਵਾਲੇ ਦਿਨ, ਇਕ ਬਹੁਤ ਵੱਡੇ ਸਮਾਰੋਹ ਦਾ ਆਯੋਜਨ ਕੀਤਾ ਗਿਆ ਜਿਸ ਵਿਚ ਸਾਰੇ ਧਰਮਾਂ ਦੇ ਨੁਮਾਇੰਦਿਆਂ ਨੇ ਹਿੱਸਾ ਲਿਆ।

ਨਾਮਧਾਰੀ ਸੰਗਤ ਵੀ ਪਹੁੰਚੀ। ਸ੍ਰੀ ਸਤਿਗੁਰੂ ਜੀ ਦੇ ਪ੍ਰਤੀਨਿਧੀ ਦੇ ਤੌਰ 'ਤੇ ਹਜ਼ੂਰੀ ਸੇਵਕ ਹਰਪਾਲ ਸਿੰਘ ਨੇ ਸ੍ਰੀ ਸਤਿਗੁਰੂ ਜੀ ਦੇ ਵਲੋਂ ਆਸ਼ੀਰਵਾਦ ਤੇ ਸੰਦੇਸ਼ ਦੇ ਤੌਰ 'ਤੇ ਵਿਚਾਰ ਪੇਸ਼ ਕੀਤੇ।

ਸੇਵਕ ਹਰਪਾਲ ਸਿੰਘ ਦੁਆਰਾ ਲਿਖੀ ਪੁਸਤਿਕਾ, ' ਗਊਅਨ ਕੇ ਰਖਵਾਰੇ ' ( ਹਿੰਦੀ ਤੇ ਪੰਜਾਬੀ) ਵੀ ਯਾਤਰਾ ਦਰਮਿਆਨ ਲੋਕਾਂ ਵਿਚ ਵੰਡੀ ਗਈ। ਇਸ ਪੁਸਤਿਕਾ ਦਾ ਹਿੰਦੀ ਅਨੁਵਾਦ ਸੂਬਾ ਸਰਬਜੀਤ ਸਿੰਘ (ਗਵਾਲੀਅਰ ਵਾਲੇ) ਨੇ ਕੀਤਾ। ਜਿੱਥੇ ਜਿੱਥੇ ਯਾਤਰਾ ਪਹੁੰਚਦੀ ਸੀ, ਕੂਕਾ ਅੰਦੋਲਨ ਨਾਲ ਸੰਬੰਧਤ ਇਤਿਹਾਸਕ ਤਸਵੀਰਾਂ ਦੀ ਪ੍ਰਦਰਸ਼ਨੀ ਉਥੇ ਲਗਾਈ ਜਾਂਦੀ ਰਹੀ।

ਜਦੋ 30 ਸਤੰਬਰ ਸੰਨ 2009 ਨੂੰ ਸਵੇਰ ਤੋਂ ਇਹ ਯਾਤਰਾ ਦੇਸ਼ ਦੇ ਹਰ ਰਾਜ ਦੇ ਮੁਖ ਸ਼ਹਿਰਾਂ ਵਿਚ ਜਾਣ ਲਈ ਚਲੀ ਤਾਂ ਇਸ ਦੇ ਅੱਗੇ ਇਕ ਬਹੁਤ ਸੋਹਣਾ ਰੱਥ ਚਲਿਆ ਜਿਸ ਦੇ ਅੱਗੇ ਲਿਖਿਆ ਸੀ-' ਵਿਸ਼ਵ ਮੰਗਲ ਗਊ ਗ੍ਰਾਮ ਯਾਤਰਾ ' ਉਸ ਪਿਛੇ ਗਊ ਦੀ ਵੱਡ ਅਕਾਰੀ ਮੂਰਤੀ ਅਤੇ ਨਾਲ ਦੁੱਧ ਪੀਂਦੇ ਵੱਛੇ ਦੀ ਤਸਵੀਰ ਸੀ।

ਪਿੰਡਾਂ ਤੇ ਕਸਬਿਆਂ ਵਿੱਚੋਂ ਆ ਕੇ ਕਈ ਉਪ-ਯਾਤਰਾਵਾਂ ਇਸ ਮੁੱਖ ਯਾਤਰਾ ਵਿੱਚ ਮਿਲੀਆਂ।

ਨਾਮਧਾਰੀ ਪੰਥ ਵਲੋਂ ਇਕ ਸੁੰਦਰ ਰਥ ਇਸ ਯਾਤਰਾ ਸਮੇਂ ਨਾਲ ਰਿਹਾ। ਇਸ ਵਿਚਕਾਰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਵੱਡ ਅਕਾਰੀ ਚਿੱਤਰ, ਗਊਆਂ ਦੀ ਰੱਖਿਆ ਲਈ ਅੰਮ੍ਰਿਤਸਰ ਸਾਕੇ ਦੇ ਫਾਂਸੀ ਨਾਲ ਅਤੇ ਮਲੇਰਕੋਟਲੇ ਸਾਕੇ ਦੇ ਤੋਪਾਂ ਨਾਲ ਉਡਾਏ ਗਏ ਨਾਮਧਾਰੀ ਸ਼ਹੀਦਾਂ ਦੀਆਂ ਤਸਵੀਰਾਂ ਸਨ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਗਊਆਂ ਨਾਲ ਤਸਵੀਰਾਂ ਅਤੇ ਸ੍ਰੀ ਭੈਣੀ ਸਾਹਿਬ, ਸ੍ਰੀ ਜੀਵਨ ਨਗਰ, ਮਸਤਾਨਗੜ੍ਹ, ਹਿੰਮਤਪੁਰਾ ਅਤੇ ਬੰਗਲੌਰ ਆਦਿ ਵਿਖੇ ਸਥਾਪਤ ਗਊਸ਼ਾਲਾਵਾਂ

ਦੀਆਂ, ਗਊਆਂ ਦੀ ਸੇਵਾ ਅਤੇ ਸੰਭਾਲ ਨਾਲ ਸੰਬੰਧਤ ਇਨਾਮ ਸਨਮਾਨਾਂ ਦੀਆਂ ਤਸਵੀਰਾਂ ਲਗਾਈਆਂ ਗਈਆਂ ਸਨ। ਥਾਂ ਥਾਂ 'ਤੇ ਇਸ ਰਥ ਨੂੰ ਲੋਕਾਂ ਨੇ ਦਿਲਚਸਪੀ ਨਾਲ ਵੇਖਿਆ ਅਤੇ ਪ੍ਰਭਾਵਤ ਹੋਏ।

ਇਸ ਯਾਤਰਾ ਦਰਮਿਆਨ ਆਮ ਲੋਕਾਂ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ, ਕੂਕਾ ਅੰਦੋਲਨ ਬਾਰੇ ਅਤੇ ਨਾਮਧਾਰੀ ਸਿੱਖਾਂ ਦੁਆਰਾ ਗਊ ਰੱਖਿਆ ਅਤੇ ਦੇਸ਼ ਦੀ ਅਜ਼ਾਦੀ ਲਈ ਦਿੱਤੀਆਂ ਗਈਆਂ ਕੁਰਬਾਨੀਆਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਦਾ ਮੌਕਾ ਮਿਲਿਆ।

ਭਾਰਤ ਦੇ ਰਾਜਾਂ ਹਰਿਆਣਾ, ਪੰਜਾਬ, ਜੰਮੂ, ਰਾਜਸਥਾਨ, ਚੰਡੀਗੜ੍ਹ, ਹਿਮਾਚਲ, ਗੁਜਰਾਤ, ਮੱਧ ਪ੍ਰਦੇਸ਼ ਅਤੇ ਯੂ.ਪੀ. ਆਦਿ ਹਰ ਥਾਂ, ਜਿਸ ਸ਼ਹਿਰ ਵਿਚ ਯਾਤਰਾ ਜਾਂਦੀ ਰਹੀ, ਨਾਮਧਾਰੀ ਪੰਥ ਦੇ ਪ੍ਰਤੀਨਿਧੀ, ਉਥੋਂ ਦੇ ਸੂਬੇ ਸਾਹਿਬਾਨ, ਸੰਗਤ ਦੇ ਪ੍ਰਧਾਨ ਅਤੇ ਸਾਧ-ਸੰਗਤ ਉਥੇ ਪਹੁੰਚਦੇ ਰਹੇ। ਯਾਤਰਾ ਵਿੱਚ ਸ਼ਾਮਲ ਸਭਨਾਂ ਨੂੰ ਕਈ ਥਾਈਂ ਨਾਮਧਾਰੀਆਂ ਵਲੋਂ ਜਲ-ਪਾਣੀ ਅਤੇ ਪ੍ਰਸ਼ਾਦਾ ਵੀ ਛਕਾਇਆ ਜਾਂਦਾ ਰਿਹਾ।

ਸੂਬਾ ਸਰਬਜੀਤ ਸਿੰਘ ਗਵਾਲੀਅਰ, ਸਰਵ ਸ੍ਰੀ ਜਗਦੀਸ਼ ਸਿੰਘ ਅੰਮ੍ਰਿਤਸਰ, ਸੁਤੰਤਰਪਾਲ ਸਿੰਘ, ਫੋਟੋਗ੍ਰਾਫਰ ਸੂਰਤਪਾਲ ਸਿੰਘ, ਮਲਕੀਤ ਸਿੰਘ ਅਤੇ ਦਰਸ਼ਨ ਸਿੰਘ ਆਦਿ ਵਧੇਰੇ ਥਾਵਾਂ 'ਤੇ ਨਾਲ ਰਹੇ।

ਹਰ ਥਾਂ ਨਾਮਧਾਰੀ ਪ੍ਰਤੀਨਿਧਾਂ ਨੂੰ ਸਟੇਜ 'ਤੇ ਬਿਠਾਇਆ ਗਿਆ, ਬੋਲਣ ਦਾ ਮੌਕਾ ਦਿੱਤਾ ਗਿਆ ਅਤੇ ਸਨਮਾਨਤ ਕੀਤਾ ਗਿਆ। ਕਈ ਥਾਵਾਂ 'ਤੇ ਇਨ੍ਹਾਂ ਤੋਂ ਦੀਪ ਪ੍ਰਜਵਲਿਤ ਕਰਵਾ ਕੇ ਸਮਾਗਮ ਸ਼ੁਰੂ ਕਰਵਾਇਆ ਜਾਂਦਾ ਰਿਹਾ। ਦੂਰਦਰਸ਼ਨ ਵਾਲਿਆਂ ਵਲੋਂ ਲਏ ਗਏ ਇੰਟਰਵਿਊ ਦਰਮਿਆਨ ਅਤੇ ਪ੍ਰੈਸ ਕਾਨਫਰੰਸਾਂ ਵਿਚ ਸਤਿਗੁਰੂਆਂ ਅਤੇ ਨਾਮਧਾਰੀ ਸਿੱਖਾਂ ਵਲੋਂ ਗਊ ਰੱਖਿਆ ਲਈ ਦਿੱਤੀਆਂ ਗਈਆਂ ਕੁਰਬਾਨੀਆਂ ਅਤੇ ਗਊ-ਸੇਵਾ ਅਤੇ ਸੰਭਾਲ ਦਾ ਜ਼ਿਕਰ ਕੀਤਾ ਜਾਂਦਾ ਰਿਹਾ।

**ਭੂਪਾਲ ਵਿਖੇ ਸ੍ਰੀ ਗੋਵਿੰਦਾ ਚਾਰਿਆ ਜੀ ਨੇ ਕਿਹਾ,**

**"ਨਾਮਧਾਰੀ ਸਿੱਖਾਂ ਨੇ ਜਿਹੜੀਆਂ ਕੁਰਬਾਨੀਆਂ ਕੀਤੀਆਂ ਹਨ, ਉਨ੍ਹਾਂ ਦੇ ਸਾਹਮਣੇ ਇਹ ਯਾਤਰਾ ਇਕ ਤੁੱਛ ਪ੍ਰਯਾਸ ਹੈ। ਸਤਿਗੁਰਾਂ ਅਤੇ ਉਨ੍ਹਾਂ ਦੇ ਸਿੱਖਾਂ ਸਾਹਮਣੇ ਅਸੀਂ ਨਮਨ ਕਰਦੇ ਹਾਂ।"**

ਇਸ ਚਲ ਰਹੀ ਯਾਤਰਾ ਵਿੱਚੋਂ ਥੋੜੇ ਸਮੇਂ ਲਈ ਨਿਕਲ ਕੇ ਸਵਾਮੀ ਅਖਿਲੇਸ਼ਵਰਾਨੰਦ ਜੀ, ਸ੍ਰੀ ਸ਼ੰਕਰਲਾਲ ਜੀ ਤੇ ਉਨ੍ਹਾਂ ਦੇ ਕੁਝ ਸਾਥੀ, ਸੂਬਾ ਸਰਬਜੀਤ ਸਿੰਘ ਅਤੇ ਸੰਤ ਸੁਤੰਤਰਪਾਲ ਸਿੰਘ ਆਦੀ ਨਾਲ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨ ਕਰਨ ਲਈ 5 ਅਕਤੂਬਰ ਸੰਨ 2010 ਨੂੰ ਸ੍ਰੀ ਭੈਣੀ ਸਾਹਿਬ ਪਹੁੰਚੇ। ਇਹ ਸਭ ਦਰਸ਼ਨ ਕਰਕੇ ਬਹੁਤ ਪ੍ਰਭਾਵਿਤ ਹੋਏ।

ਸਵਾਮੀ ਅਖਿਲੇਸ਼ਵਰਨੰਦ ਜੀ ਨੇ ਨਾਮਧਾਰੀ ਪ੍ਰਤੀਨਿਧਾਂ ਨੂੰ ਆਖਿਆ,

"ਮੈਂ ਜੀਵਨ ਭਰ ਤੁਹਾਡੇ ਇਸ ਪਰਉਪਕਾਰ ਦਾ ਰਿਣੀ ਰਹਾਂਗਾ, ਤੁਸੀਂ ਮੈਨੂੰ ਇਹੋ-ਜਿਹੇ ਮਹਾਂਪੁਰਖ ਸਤਿਗੁਰਾਂ ਦੇ ਦਰਸ਼ਨ ਕਰਾਏ ਹਨ। ਇਹੋ-ਜਿਹੇ ਅਲੌਕਿਕ ਦਰਸ਼ਨ ਮੈਂ ਪਹਿਲਾਂ ਕਦੇ ਨਹੀਂ ਕੀਤੇ। ਮੇਰੇ ਲਈ ਇਹ ਅਵਸਰ ਬਹੁਤ ਸੁਭਾਗਾ ਸੀ।"

ਇਹ ਆਖਦਿਆਂ ਉਹ ਬਹੁਤ ਭਾਵੁਕ ਹੋ ਗਏ ਅਤੇ ਉਨ੍ਹਾਂ ਦੀਆਂ ਅੱਖਾਂ ਭਰ ਆਈਆਂ। ਯਾਤਰਾ ਦਰਮਿਆਨ, ਸਟੇਜ ਤੇ ਬੋਲਦਿਆਂ ਉਨ੍ਹਾਂ ਨੇ ਕ੍ਰੀਬ ਹਰ ਥਾਂ ਸ੍ਰੀ ਸਤਿਗੁਰੂ ਜੀ ਅਤੇ ਨਾਮਧਾਰੀਆਂ ਸਿੱਖਾਂ ਦੀਆਂ ਕੁਰਬਾਨੀਆਂ ਦਾ ਜ਼ਿਕਰ ਕੀਤਾ।

ਅਮਰਾਵਤੀ ਤੋਂ ਨਾਗਪੁਰ ਪਰਤਦਿਆਂ ਸਮੇਂ Fun of Food village ਵਾਲੇ ਸੰਤ ਸੇਵਾ ਸਿੰਘ (ਤੰਬੂਆਂ ਵਾਲਿਆਂ) ਨੇ ਯਾਤਰਾ ਦਾ ਸ਼ਾਨਦਾਰ ਸੁਆਗਤ ਕੀਤਾ। ਅਰਾਮ ਕਰਨ ਲਈ ਡੇਰੇ ਲਗਵਾਏ ਗਏ ਅਤੇ ਖਾਣਾ ਪੀਣ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ।

ਨਾਮਧਾਰੀਆਂ ਵਲੋਂ ਸੁਲਤਾਨਪੁਰ ਯੂ.ਪੀ. ਵਿਖੇ ਸੂਬਾ ਰਤਨ ਸਿੰਘ ਜੀ, ਛੱਤੀਸਗੜ੍ਹ ਵਿਖੇ ਸੰਤ ਅਮਰਜੀਤ ਸਿੰਘ, ਭੂਪਾਲ ਵਿਖੇ ਸੰਤ ਕੁਲਦੀਪ ਸਿੰਘ ਕਲਸੀ, ਇੰਦੋਰ ਵਿਖੇ ਸੰਤ ਅਜਮੇਰ ਸਿੰਘ, ਗਵਾਲੀਅਰ ਵਿਖੇ ਸੂਬਾ ਸਰਬਜੀਤ ਸਿੰਘ ਜੀ, ਲਖਨਊ ਵਿਖੇ ਸੰਤ ਭਗਵੰਤ ਸਿੰਘ ਸੋਨੂੰ, ਦਿੱਲੀ ਵਿਖੇ ਸੂਬਾ ਸੁਖਦੇਵ ਸਿੰਘ ਜੀ, ਸਰਸੇ ਵਿਖੇ ਪ੍ਰਧਾਨ ਲਖਬੀਰ ਸਿੰਘ, ਮੁੰਬਈ ਵਿਖੇ ਸੰਤ ਬਲਦੇਵ ਸਿੰਘ ਕਲਸੀ, ਆਦਿ ਨੇ ਆਪਣੇ ਪਰਿਵਾਰਾਂ ਅਤੇ ਨਾਮਧਾਰੀ ਸਾਧ ਸੰਗਤ ਸਮੇਤ ਇਸ ਯਾਤਰਾ ਦਾ ਬਹੁਤ ਸ਼ਾਨਦਾਰ ਸੁਆਗਤ ਕੀਤਾ ਅਤੇ ਆਓ ਭਗਤ ਕੀਤੀ। ਆਪਣੇ ਵਾਹਨਾਂ ਨਾਲ ਇਸ ਯਾਤਰਾ ਵਿਚ ਸ਼ਿਰਕਤ ਕੀਤੀ। ਸਾਰਿਆਂ ਦੇ ਨਾਂ ਨਹੀਂ ਲਿਖੇ ਜਾ ਸਕਦੇ। ਇਹ ਮੈਂ ਮਿਸਾਲ ਦੇ ਤੌਰ 'ਤੇ ਸਿਰਫ ਕੁਝ ਕੁ ਦਾ ਜ਼ਿਕਰ ਕੀਤਾ ਹੈ।

## ਨਾਗਪੁਰ ਵਿਖੇ ਗਊ ਗ੍ਰਾਮ ਯਾਤਰਾ ਦਾ ਸਮਾਪਨ ਸਮਾਰੋਹ

16 ਜਨਵਰੀ ਸੰਨ 2010 ਨੂੰ (ਸਮਾਪਨ ਸਮਾਰੋਹ ਤੋਂ ਇਕ ਦਿਨ ਪਹਿਲੋਂ) ਨਾਗਪੁਰ ਸ਼ਹਿਰ ਵਿਖੇ ਇਸ ਸਾਰੀ ਯਾਤਰਾ ਦੀ ਸ਼ੋਭਾ ਯਾਤਰਾ ਨਿਕਲੀ। ਯਾਤਰਾ ਦੇ ਆਗਮਨ ਸਮੇਂ ਪੂਰੇ ਸ਼ਹਿਰ ਵਿਚ ਸੜਕ ਦੇ ਦੋਨੋਂ ਪਾਸੇ ਖੜੇ ਗਊ-ਸ਼ਰਧਾਲੂਆਂ ਨੇ ਬੜੀ ਗਰਮ ਜੋਸ਼ੀ ਅਤੇ ਸ਼ਰਧਾ ਭਾਵਨਾ ਨਾਲ ਦੀਪਮਾਲਾ ਕਰਦਿਆਂ, ਆਰਤੀ ਉਤਾਰਦਿਆਂ ਅਤੇ ਫੁੱਲਾਂ ਦੀ ਵਰਖਾ ਕਰਦਿਆਂ ਯਾਤਰਾ ਦਾ ਸੁਆਗਤ ਕੀਤਾ।

ਗਊ ਗ੍ਰਾਮ ਯਾਤਰਾ ਵਾਲੇ ਰਥ ਦੇ ਨਾਲ-ਨਾਲ 'ਕੂਕਾ ਅੰਦੋਲਨ' ਨੂੰ ਪ੍ਰਦਰਸ਼ਿਤ ਕਰਦੀ ਗੱਡੀ ਵੀ ਚਲ ਰਹੀ ਸੀ ਅਤੇ ਨਾਮਧਾਰੀ ਪ੍ਰਤੀਨਿਧੀ ਅਤੇ ਸਾਧ ਸੰਗਤ ਵੀ ਸ਼ਾਮਲ ਸੀ।

17 ਜਨਵਰੀ ਸੰਨ 2010 ਨੂੰ ਵਿਸ਼ਵ ਮੰਗਲ ਗਊਗ੍ਰਾਮ ਯਾਤਰਾ ਦਾ ਨਾਗਪੁਰ ਵਿਖੇ ਸਮਾਪਨ ਸਮਾਰੋਹ ਇੱਕ ਬਹੁਤ ਵੱਡੇ ਪੱਧਰ ਦਾ ਪ੍ਰੋਗਰਾਮ ਸੀ। ਇਸ ਵਿਚ ਸੁਆਮੀ ਰਾਘਵੇਸ਼ਵਰ ਸੁਆਮੀ ਜੀ ਤੋਂ ਇਲਾਵਾ ਰਾਸ਼ਟਰੀ ਸਵੈ-ਸੰਘ ਦੇ ਮੌਜੂਦਾ ਪ੍ਰਮੁੱਖ ਸ੍ਰੀ ਮੋਹਨ ਭਾਗਵਤ ਜੀ, ਸੁਆਮੀ ਰਾਮਦੇਵ ਜੀ, ਜੈਨ ਮੁਨੀ ਅਤੇ ਉਨ੍ਹਾਂ ਦੇ ਪ੍ਰਤੀਨਿਧੀ, ਮੁਸਲਮਾਨ ਸੂਫ਼ੀ-ਸੰਤ ਅਤੇ ਉਨ੍ਹਾਂ ਦੇ ਪ੍ਰਤੀਨਿਧੀ ਅਤੇ ਬਾਪੂ ਆਸਾ ਰਾਮ ਜੀ ਦੇ ਸਪੁੱਤਰ ਉਨ੍ਹਾਂ ਦੇ ਪ੍ਰਤੀਨਿਧੀ ਵਜੋਂ ਅਤੇ ਹੋਰ ਕਈ ਪ੍ਰਮੁੱਖ ਸ਼ਖ਼ਸੀਅਤਾਂ ਵੱਡੀ ਗਿਣਤੀ ਵਿਚ ਸ਼ਾਮਲ ਸਨ।

ਨਾਮਧਾਰੀ ਪ੍ਰਤੀਨਿਧਾਂ ਵਲੋਂ ਸ੍ਰੀ ਸਤਿਗੁਰੂ ਜੀ ਦੀ ਵਿਚਾਰਧਾਰਾ ਨੂੰ ਪੇਸ਼ ਕੀਤਾ ਗਿਆ ਅਤੇ ਸਤਿਗੁਰੂ ਜੀ ਦਾ ਸੰਦੇਸ਼ ਸੁਣਾਇਆ ਗਿਆ।

17 ਜਨਵਰੀ ਸੰਨ 2010 ਨੂੰ ਇਸ ਵਿਸ਼ਵ ਮੰਗਲ ਗਊ ਗ੍ਰਾਮ ਯਾਤਰਾ ਦੇ ਨਾਗਪੁਰ ਵਿਖੇ ਸਮਾਪਨ ਸਮਾਰੋਹ ਸਮੇਂ ਸ੍ਰੀ ਸਤਿਗੁਰੂ ਜੀ ਵਲੋਂ ਇਹ ਪ੍ਰਤੀਨਿਧੀ ਸ਼ਾਮਲ ਹੋਏ-

ਹਜ਼ੂਰੀ ਸੇਵਕ ਹਰਪਾਲ ਸਿੰਘ, ਸੂਬਾ ਸਰਬਜੀਤ ਸਿੰਘ ਅਤੇ ਉਨ੍ਹਾਂ ਦੀ ਸੁਪਤਨੀ ਬੀਬੀ ਹਰਵਿੰਦਰ ਕੌਰ, ਸੰਤ ਸੁਤੰਤਰਪਾਲ ਸਿੰਘ, ਡਾ:ਇਕਬਾਲ ਸਿੰਘ, ਜਥੇਦਾਰ ਪ੍ਰੀਤਮ ਸਿੰਘ ਕਵੀ ਤੇ ਉਨ੍ਹਾਂ ਦੇ ਸਾਥੀ, ਡਾ: ਜੋਗਿੰਦਰ ਸਿੰਘ ਜਬਲਪੁਰ, ਹਜ਼ੂਰੀ ਲਾਂਗਰੀ ਰਣਜੀਤ ਸਿੰਘ, ਸੰਤ ਮਲਕੀਤ ਸਿੰਘ, ਸੰਤ ਗੁਰਮੁਖ ਸਿੰਘ ਰਾਏ, ਸੰਤ ਦਰਸ਼ਨ ਸਿੰਘ ਫੋਟੋਗ੍ਰਾਫਰ, ਸੰਤ ਬਲਵੰਤ ਸਪੁੱਤਰ ਸੰਤ ਬਲਬੀਰ ਸਿੰਘ ਰਿਕਾਰਡਿੰਗ ਵਾਲੇ ਆਦਿਕ ਅਤੇ ਹੋਰ ਨਾਮਧਾਰੀ ਸੰਗਤ।

ਇਸ ਮੌਕੇ ਸ੍ਰੀ ਸਤਿਗੁਰੂ ਜੀ ਵਲੋਂ, ਹਜ਼ੂਰੀ ਸੇਵਕ ਹਰਪਾਲ ਸਿੰਘ, ਸੂਬਾ ਸਰਬਜੀਤ ਸਿੰਘ ਨੇ ਸੁਆਮੀ ਰਾਘਵੇਸ਼ਵਰ ਭਾਰਤੀ ਜੀ ਨੂੰ ਸਿਰੋਪਾਓ (ਮਾਲਾ, ਆਸਣ, ਪਊਏ ਆਦਿ) ਦੇ ਕੇ ਸਨਮਾਨਤ ਕੀਤਾ।

ਇੰਜ ਇਸ ਵਿਸ਼ਵ ਮੰਗਲ ਗਊ ਗ੍ਰਾਮ ਯਾਤਰਾ ਵਿੱਚ, ਹਿੰਦੂ ਵਿਸ਼ਵ ਪਰਿਸ਼ਦ, ਰਾਸ਼ਟਰੀ ਸਵੈ ਸੇਵਕ ਸੰਘ, ਜੈਨ ਮੁਨੀ, ਸਾਧੂ ਸੰਤਾਂ ਅਤੇ ਗਊ ਪ੍ਰੇਮੀਆਂ ਦਾ ਵਿਸ਼ੇਸ਼ ਯੋਗਦਾਨ ਅਤੇ ਸੁਚਾਰੂ ਪ੍ਰਬੰਧ ਸੀ। ਹਿੰਦੂ-ਸਿੱਖ, ਇਸਾਈ, ਮੁਸਲਮਾਨ, ਸਾਰੀਆਂ ਸਮਾਜ ਸੇਵੀ ਸੰਸਥਾਵਾਂ ਦੇ ਨੁਮਾਇੰਦੇ ਅਤੇ ਕ਼ਰੀਬ ਹਰ ਰਾਜਨੀਤਕ ਪਾਰਟੀ ਨੇ ਇਸ ਵਿੱਚ ਪੂਰਨ ਸਹਿਯੋਗ ਦਿੱਤਾ।

# ਦਿੱਲੀ ਵਿਖੇ ਹਸਤਾਖਰ ਸਮਰਪਣ ਸਮਾਰੋਹ

31 ਜਨਵਰੀ ਸੰਨ 2010 ਨੂੰ ਦਿੱਲੀ ਵਿਖੇ ਹਸਤਾਖਰ ਸਮਰਪਣ ਸਮਾਰੋਹ ਹੋਇਆ। ਵੱਡੇ ਪੱਧਰ ਦੇ ਇਸ ਸਮਾਰੋਹ ਵਿਚ ਭਰਵਾਂ ਇਕੱਠ ਹੋਇਆ। ਭਾਰਤ ਦੀਆਂ ਪ੍ਰਮੁੱਖ ਸ਼ਖਸੀਅਤਾਂ ਇਸ ਵਿੱਚ ਸ਼ਾਮਲ ਸਨ। ਅੱਠ ਕਰੋੜ 70 ਲੱਖ ਹਸਤਾਖਰਾਂ ਵਾਲਾ ਮੇਮਰੈਂਡਮ (ਗਊ ਰੱਖਿਆ ਸੰਬੰਧੀ) ਦੇਸ਼ ਦੀ ਰਾਸ਼ਟਰਪਤੀ ਸ੍ਰੀਮਤੀ ਪ੍ਰਤਿਭਾ ਪਾਟਿਲ ਨੂੰ ਸੌਂਪਿਆ ਜਾਣਾ ਸੀ।

ਇਸ ਸਮਾਰੋਹ ਵਿਚ ਨਾਮਧਾਰੀ ਪ੍ਰਤੀਨਿਧਾਂ ਵਜੋਂ ਸੂਬਾ ਸੁਖਦੇਵ ਸਿੰਘ ਦਿੱਲੀ, ਸੂਬਾ ਸਰਬਜੀਤ ਸਿੰਘ, ਸੰਤ ਜਸਬੀਰ ਸਿੰਘ ਕੋਨਾ (ਦਿੱਲੀ) ਸਟੇਜ 'ਤੇ ਬੈਠੇ ਸਨ।

ਇਥੇ ਚਲ ਰਹੇ ਪ੍ਰੋਗਰਾਮ ਵਿੱਚੋਂ ਉਠ ਕੇ ਇਕ ਪ੍ਰਤੀਨਿਧੀ ਮੰਡਲ, ਰਾਸ਼ਟਰਪਤੀ ਜੀ ਨੂੰ ਹਸਤਾਖਰ ਅਤੇ ਗਿਆਪਨ ਪੱਤਰ (ਮੇਮਰੈਂਡਮ) ਸੌਂਪਣ ਗਿਆ।

ਇਹ ਮੈਮੋਰੈਂਡਮ, ਰਾਸ਼ਟਰਪਤੀ ਜੀ ਨੂੰ ਦੇਣ ਲਈ ਜਿਹੜੇ ਅਠਾਰਾਂ ਜਣੇ ਪ੍ਰਤੀਨਿਧੀ ਵਜੋਂ ਗਏ, ਉਨ੍ਹਾਂ ਵਿਚ ਇੱਕ ਨਾਮਧਾਰੀ ਦਿੱਲੀ ਦੇ ਸੰਤ ਜਸਬੀਰ ਸਿੰਘ ਜੀ ਕੋਨਾ (ਸਾਬਕਾ ਪ੍ਰਧਾਨ, ਨਾਮਧਾਰੀ ਵਿਦਿਅਕ ਜੱਥਾ ਦਿੱਲੀ) ਸ਼ਾਮਲ ਸਨ।

ਇਹ ਅਠਾਰਾਂ ਸ਼ਖਸੀਅਤਾਂ ਹੇਠ ਲਿਖੀਆਂ ਸਨ-

1. ਸ਼ੰਕਰਾਚਾਰੀਆ ਰਾਘਵੇਸ਼ਵਰ ਸੁਆਮੀ ਜੀ
2. ਪੂਜਯ ਬਾਬਾ ਰਾਮਦੇਵ ਜੀ ਪਤਾਂਜਲੀ ਯੋਗਪੀਠ ਹਰਿਦੁਆਰ
3. ਪੂਜਯ ਸ੍ਰੀ ਕੇ.ਸੀ.ਸੁਦਰਸ਼ਨ ਜੀ ਪੂਰਵ ਸਰਵ ਸੰਚਾਲਕ ਆਰ.ਆਰ.ਐਸ.
4. ਸਾਧਵੀ ਰਿਤੰਭਰਾ ਜੀ
5. ਪੂਜਯ ਪਰਮਾਨੰਦ ਜੀ ਮਹਾਰਾਜ
6. ਪੂਜਯ ਰਾਹੁਲ ਬੋਧੀ ਜੀ, ਬੁੱਧ ਸੰਸਥਾਪਕ, ਯੂਨਾਇਟਿਡ ਬੋਧਿਸ਼ਟ ਸੋਸਾਇਟੀ
7. ਪੂਜਯ ਵਿਸ਼ਵੇਸ਼ਵਰ ਜੀ ਮਹਾਰਾਜ ਤੇਜਪੀਠ ਆਧੀਸ਼
8. ਸ. ਜੋਗਿੰਦਰ ਸਿੰਘ ਜੀ, ਪੂਰਵ ਮਹਾਂਨਿਰਦੇਸ਼ਕ ਸੀ.ਬੀ.ਆਈ.
9. ਪੂਜਯ ਵਿਜਯਾਮ੍ਰਿਤ ਚੈਤੰਨਯ ਜੀ
10. ਸੰਤ ਜਸਵੀਰ ਸਿੰਘ ਪ੍ਰਤੀਨਿਧੀ ਨਾਮਧਾਰੀ ਸੰਤ ਸਮਾਜ
11. ਸ਼੍ਰੀ ਸੀਤਾ ਰਾਮ ਵਿਸ਼ਵ ਹਿੰਦੂ ਪਰਿਸ਼ਦ
12. ਸ਼੍ਰੀ ਹੁਕਮ ਚੰਦ ਸਾਂਵਲਾ ਜੀ
13. ਡਾ: ਨਾਗੇਂਦਰ ਜੀ

14. ਸ਼੍ਰੀ ਕੇਸਰੀ ਚੰਦ ਮਹਿਤਾ ਜੀ

15. ਸ਼੍ਰੀ ਸੁਖ ਚੈਤੰਨਯ ਮਹਾਰਾਜ ਜੀ

16. ਸ਼੍ਰੀ ਛੋਟੇ ਮੀਆਂ ਜੀ

17. ਸ਼੍ਰੀ ਦਿਵਾਕਰ ਸ਼ਾਸਤਰੀ ਜੀ

18. ਸ਼੍ਰੀ ਰਿਸ਼ੀਪਾਲ ਡਡਵਾਲ ਜੀ

ਰਾਸ਼ਟਰਪਤੀ ਜੀ ਨੂੰ ਮੋਮਰੈਂਡਮ ਦੇਣ ਜਾਣ ਤੋਂ ਪਹਿਲੋਂ ਰਾਮ ਲੀਲਾ ਗ੍ਰਾਉਂਡ ਦਿੱਲੀ ਵਿਖੇ ਇੱਕ ਵਿਸ਼ਾਲ ਜਨ ਸਭਾ ਕੀਤੀ ਗਈ। ਇਸ ਵਿੱਚ ਸੂਬਾ ਸੁਖਦੇਵ ਸਿੰਘ ਜੀ ਦਿੱਲੀ, 50-60 ਸਿੱਖਾਂ ਸਮੇਤ ਸ਼ਾਮਲ ਹੋਏ। ਸੂਬਾ ਸਰਬਜੀਤ ਸਿੰਘ ਜੀ ਵੀ ਪਹੁੰਚੇ।

ਸ੍ਰੀ ਕੇ.ਸੀ. ਸੁਦਰਸ਼ਨ ਜੀ ਨੇ ਰਾਸ਼ਟਰਪਤੀ ਸ੍ਰੀ ਮਤੀ ਪ੍ਰਤਿਭਾ ਪਾਟਿਲ ਨੂੰ ਦੱਸਿਆ ਕਿ ਗਊ ਦੇ ਗੋਬਰ ਦੀਆਂ ਇੱਟਾਂ ਬਣਾ ਕੇ ਉਸ ਨਾਲ ਮਕਾਨ ਬਣਾਇਆ ਹੈ। ਇਸ ਮਕਾਨ ਵਿੱਚ ਵਿਕਰਣ ਕਿਰਨਾਂ ਨਹੀਂ ਜਾਂਦੀਆਂ। ਇਸ 'ਤੇ ਬੰਬ ਜਾਂ ਗੋਲੀਆਂ ਦਾ ਅਸਰ ਵੀ ਨਹੀਂ ਹੁੰਦਾ।

ਅੱਠ ਕਰੋੜ 70 ਲੱਖ ਹਸਤਾਖਰਾਂ ਵਾਲਾ ਮੈਮੋਰੈਂਡਮ ਦੇਸ਼ ਦੀ ਰਾਸ਼ਟਰਪਤੀ ਸ੍ਰੀ ਮਤੀ ਪ੍ਰਤਿਭਾ ਪਾਟਿਲ ਨੂੰ ਸ਼ੌਂਪਿਆ ਗਿਆ। ਰਾਸ਼ਟਰਪਤੀ ਨੇ ਇਸ 'ਤੇ ਵਿਚਾਰ ਤੇ ਅਮਲ ਕਰਨ ਦਾ ਭਰੋਸਾ ਦਿੱਤਾ।

# ਗੋ ਮਾਸ ਨਿਸ਼ੇਧ ਅਭਿਯਾਨ ਕਮੇਟੀ

24 ਫਰਵਰੀ ਸੰਨ 2010 ਨੂੰ 16 ਜਣਿਆਂ ਦੀ ਇੱਕ ਕਮੇਟੀ, ਰਾਸ਼ਟਰਪਤੀ ਜੀ ਕੋਲ ਗਈ, ਇਹ ਮੈਮੋਰੰਡਮ ਦੇਣ ਕਿ ਕਾਮਨਵੈਲਥ ਖੇਡਾਂ ਵਿੱਚ ਖਿਡਾਰੀਆਂ ਨੂੰ ਗਊ ਦਾ ਮਾਸ ਨਾ ਪਰੋਸਿਆ ਜਾਵੇ। ਇਸ ਡੈਲੀਗੇਸ਼ਟ ਜਿਸ ਵਿਚ ਸੰਤ ਜਸਬੀਰ ਸਿੰਘ ਜੀ (ਕੋਨਾ) ਦਿੱਲੀ ਵੀ ਸ਼ਾਮਲ ਸਨ, ਚਾਰ ਜਣੇਂ ਤਿੰਨ-ਤਿੰਨ ਮਿੰਟ ਬੋਲੇ ਸਨ।

ਇਹ ਚਾਰ ਜਣੇਂ ਇਹ ਸਨ:

1. ਮਹਾਂਮੰਡਲੇਸ਼ਵਰ ਸਵਾਮੀ ਭਗਤ ਹਰੀ ਜੀ
2. ਸ੍ਰੀ ਰਾਮ ਕ੍ਰਿਸ਼ਨ ਜੀ ਕੁਰਕਸ਼ੇਤਰ (ਮੈਂਬਰ ਰਾਜ ਸਭਾ)
3. ਸ੍ਰੀ ਸੋਮ ਪਾਲ ਸ਼ਾਸਤਰੀ ਜੀ (ਪੂਰਵ ਰਾਜ ਕ੍ਰਿਸ਼ੀ ਮੰਤਰੀ ਹਰਿਆਣਾ)
4. ਸੰਤ ਜਸਵੀਰ ਸਿੰਘ ਜੀ ਨਾਮਧਾਰੀ, ਦਿੱਲੀ

ਸ੍ਰੀ ਸੋਮਪਾਲ ਸ਼ਾਸਤਰੀ ਜੀ ਨੇ ਕਿਹਾ ਕਿ

ਜੇ ਗਊ ਰੱਖਿਆ ਕਰਨੀ ਹੈ ਤਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਕੋਲੋਂ ਸਿੱਖੋ। ਇਨ੍ਹਾਂ ਦੇ ਪ੍ਰਤੀਨਿਧ ਸੰਤ ਜਸਬੀਰ ਸਿੰਘ ਆਏ ਹੋਏ ਹਨ, ਹੁਣ ਇਹ ਗੱਲ ਕਰਨਗੇ।

ਸੰਤ ਜਸਬੀਰ ਸਿੰਘ ਜੀ ਬੋਲੇ:

"ਰਾਸ਼ਟਰਪਤੀ ਜੀ, ਮੈਂ ਇਹ ਬੇਨਤੀ ਕਰ ਰਿਹਾ ਹਾਂ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸੰਨ 1857 ਵਿੱਚ ਜਿਹੜਾ ਅਜ਼ਾਦੀ ਦਾ ਅੰਦੋਲਨ ਸ਼ੁਰੂ ਕੀਤਾ ਸੀ, ਉਸਦੀ ਨੀਂਹ ਗਊ ਰੱਖਿਆ ਅੰਦੋਲਨ ਤੇ ਰੱਖੀ। ਬਹੁਤ ਸਾਰੇ ਨਾਮਧਾਰੀਆਂ ਨੂੰ ਤੋਪਾਂ ਨਾਲ ਉਡਾਇਆ ਗਿਆ, ਫਾਂਸੀਆਂ ਦੇ ਰੱਸਿਆਂ ਤੇ ਲਟਕਾਇਆ ਗਿਆ ਤੇ ਦੇਸ਼ ਅਜ਼ਾਦ ਹੋ ਗਿਆ। ਅੱਜ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸਾਰੀ ਮਾਨਵਤਾ ਦਾ ਕਲਿਆਣ ਤਾਂ ਕਰ ਹੀ ਰਹੇ ਹਨ, ਨਾਲ ਹੀ ਸਾਡੇ ਦੇਸ਼ ਦੀਆਂ ਸਭ ਤੋਂ ਚੰਗੀਆਂ ਨਸਲਾਂ- ਸਾਹੀਵਾਲ ਅਤੇ ਹਰਿਆਣਾ ਨਸਲਾਂ ਦੇ ਗਊ ਵੰਸ਼ ਨੂੰ ਬੜੇ ਵਧੀਆ ਤਰੀਕੇ ਨਾਲ ਸੰਭਾਲ ਰਹੇ ਹਨ।"

"ਪਰ ਬਹੁਤ ਦੁੱਖ ਨਾਲ ਕਹਿਣਾ ਪੈ ਰਿਹੈ ਕਿ ਅੱਜ ਦੇਸ਼ ਵਿੱਚ ਰੋਜ਼ ਵੀਹ ਹਜ਼ਾਰ ਗਊਆਂ ਚੋਰੀ ਛਿਪੇ ਬੰਗਲਾ ਦੇਸ਼ ਦੇ ਰਸਤੇ ਅਰਬ ਦੇਸ਼ਾਂ ਨੂੰ ਭੇਜੀਆਂ ਜਾ ਰਹੀਆਂ ਹਨ, ਜਿਸ ਸਦਕਾ ਗਊ ਮਾਸ ਸ਼ੇਖਾਂ ਦੇ ਟੇਬਲਾਂ 'ਤੇ ਪਰੋਸਿਆ ਜਾ ਰਿਹੈ। ਗਊ ਵੰਸ਼ ਬਹੁਤ ਤੇਜੀ ਨਾਲ ਲੁਪਤ ਹੁੰਦਾ ਜਾ ਰਿਹੈ। ਕਿਸੇ ਗ੍ਰੰਥ 'ਚ ਲਿਖਿਐ ਕਿ ਜਿਥੇ ਗਊ ਹੱਤਿਆ ਹੁੰਦੀ ਹੈ, ਉਥੇ ਰਾਜਾ ਅਤੇ ਪਰਜਾ ਦੋਹਾਂ ਦਾ ਵਿਨਾਸ਼ ਹੋ ਜਾਂਦੈ। ਤੁਹਾਨੂੰ ਮੈਂ ਬੇਨਤੀ ਕਰਦਾ ਹਾਂ ਕਿ ਇਸ ਪਾਸੇ ਧਿਆਨ ਦਿੱਤਾ ਜਾਵੇ।"

ਸੰਤ ਜਸਬੀਰ ਸਿੰਘ ਜੀ ਦੱਸਦੇ ਹਨ ਕਿ 17 ਮਾਰਚ ਸੰਨ 2010 ਨੂੰ ਉਨਾਂ ਨੇ ਸ੍ਰੀ ਸਤਿਗੁਰੂ ਜੀ ਨੂੰ ਅਰਜ ਕਰ ਕੇ ਦਿੱਲੀ ਵਿੱਚ ਨਾਮਧਾਰੀ ਪੰਥ ਵਲੋਂ 'ਸਿੱਖ ਗੋ-ਰਕਸ਼ਾ ਕਮੇਟੀ, ਬਣਾ ਲਈ ਹੈ, ਜਿਹੜੀ ਛੇਤੀ ਹੀ ਕਾਰਜਸ਼ੀਲ ਹੋ ਜਾਵੇਗੀ।

# ਸਾਹਿਤਕਾਰ ਜੀਵਨ ਬਿਉਰਾ

| | | |
|---|---|---|
| ਨਾਂ | : | ਸੂਬਾ ਸੁਰਿੰਦਰ ਕੌਰ ਖਰਲ |
| ਪਿਤਾ ਦਾ ਨਾਂ | : | ਸ: ਗੁਰਚਰਨ ਸਿੰਘ ਖਰਲ |
| ਮਾਤਾ ਦਾ ਨਾਂ | : | ਬੀਬੀ ਗੁਰਦੇਵ ਕੌਰ |
| ਪਤੀ ਦਾ ਨਾਂ | : | ਸ: ਭਗਵੰਤ ਸਿੰਘ ਨਾਮਧਾਰੀ |
| ਵਰਤਮਾਨ ਪਤਾ | : | ਨਾਮਧਾਰੀ ਇੰਜ਼ ਵਰਕਸ, ਕੁਰਾਲੀ ਰੋਡ, ਰੂਪਨਗਰ (ਰੋਪੜ)-140001 (ਪੰਜਾਬ) |
| ਮੋਬਾਇਲ ਨੰ | : | 98157-03588, 94631-01345, 94173-76345, 94172-73345, 01881-500271 |
| ਜਨਮ ਤਾਰੀਖ | : | 19 ਜਨਵਰੀ 1952 |
| ਜਨਮ ਸਥਾਨ | : | ਬੰਬਈ |
| ਵਿਦਿਅਕ ਯੋਗਤਾ | : | ਐਮ.ਏ.ਹਿਸਟਰੀ |
| ਕਿੱਤਾ | : | ਘਰੇਲੂ/ਲੇਖਣ ਕਾਰਜ |
| ਲਿਖਣ ਪ੍ਰੀਕਿਰਿਆ ਦਾ ਮੁੱਢ | : | ਸੰਨ 1966 |
| ਸਾਹਿਤ ਰਚਨਾ | : | ਕਹਾਣੀ, ਕਵਿਤਾ, ਲੇਖ, ਜੀਵਨੀ, ਬਾਲ ਸਾਹਿਤ, ਸਫਰਨਾਮੇ, ਖੋਜ ਪੱਤਰ ਤੇ ਬੰਸਾਵਲੀ ਆਦਿਕ ਲਿਖੇ ਹਨ। ਰਚਨਾਵਾਂ ਸਮੇਂ ਸਮੇਂ ਤੇ ਵੱਖ-ਵੱਖ ਪਤ੍ਰਿਕਾਵਾਂ ਤੇ ਅਖਬਾਰਾਂ ਵਿਚ ਛਪਦੀਆਂ ਰਹਿੰਦੀਆਂ ਹਨ। |

**ਛਪੀਆਂ ਪੁਸਤਕਾਂ ਦਾ ਵੇਰਵਾ**

1) ਤ੍ਰਿਸ਼ਨਾ (ਕਹਾਣੀਆਂ)1987
2) ਰੂਹ ਪੰਜਾਬ ਦੀ (ਜੀਵਨੀ ਮਹਾਰਾਣੀ ਜ਼ਿੰਦ ਕੌਰ) 1990
3) ਮਹਾਂਬਲੀ ਰਣਜੀਤ ਸਿੰਘ (ਜੀਵਨੀ ਮਹਾਰਾਜਾ ਰਣਜੀਤ ਸਿੰਘ) 1991
4) ਵਡ-ਪ੍ਰਤਾਪੀ ਸਤਿਗੁਰੂ (ਜੀਵਨੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ) 1991 ਅਤੇ 2010
5) ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਬਾਗ਼ਬਾਨੀ ਪ੍ਰਤੀ ਦੇਣ (ਖੋਜ-ਪੱਤਰ)1995

6) ਬਰਮਾ ਦੀ ਯਾਤਰਾ, ਅਫ਼ਰੀਕਾ ਦੀ ਯਾਤਰਾ 1996
7) ਬਖ਼ਸ਼ਿਸ਼ (ਕਵਿਤਾਵਾਂ) 1996
8) ਪ੍ਰਕਾਸ਼-ਪੁੰਜ ਭਾਗ ਪਹਿਲਾ (ਜੀਵਨੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ)1997
9) ਤੂੰ ਹੀ ਤੂੰ (ਕਵਿਤਾਵਾਂ) 2000
10) ਬੰਸਾਵਲੀ-ਸ੍ਰੀ ਸਤਿਗੁਰੂ ਰਾਮ ਸਿੰਘ ਜੀ 2006
11) ਨਾਮਧਾਰੀ ਸ਼ਹੀਦ ਅਤੇ ਸੁਤੰਤਰਤਾ ਸੰਗਰਾਮੀ 2008
12) ਗੋਪਾਲ-ਰਤਨ (ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ) 2010

**ਛਪਣਯੋਗ ਪੁਸਤਕਾਂ**

ਨਾਮਧਾਰੀ ਇਤਿਹਾਸ : ਸਰਕਾਰੀ ਦਸਤਾਵੇਜ਼
ਪ੍ਰਕਾਸ਼-ਪੁੰਜ ਭਾਗ ਦੂਜਾ
ਸ੍ਰੀ ਗੁਰੂ ਗੋਬਿੰਦ ਸਿੰਘ ਜੀ (ਬਾਲ ਸਾਹਿਤ)
ਡਾਇਰੀ ਸੰਨ 1990 ਤੋਂ

## ਅਖਬਾਰਾਂ ਵਿਚ ਛਪੇ ਤੇ ਛਪ ਰਹੇ ਵਿਸ਼ੇਸ਼ ਲੇਖ

1) ਜਗ ਬਾਣੀ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਬਾਰੇ ਲੇਖ ਅਤੇ ਸ੍ਰੀ ਸਤਿਗੁਰੂ ਜੀ ਦੇ ਪ੍ਰਵਚਨ, 21 ਮਈ ਸੰਨ 2001 ਤੋਂ ਹੁਣ ਤੀਕ, ਲਗਾਤਾਰ ਲੜੀਵਾਰ ਪਹਿਲੋਂ ਹਰ ਸੋਮਵਾਰ, ਹੁਣ ਹਰ ਮੰਗਲਵਾਰ ਨੂੰ ਛਪ ਰਹੇ ਹਨ।
2) ਅਜੀਤ ਅਖਬਾਰ ਵਿਚ ਪੁਸਤਕ 'ਰੂਹ ਪੰਜਾਬ ਦੀ' (ਜੀਵਨੀ ਮਹਾਰਾਣੀ ਜ਼ਿੰਦ ਕੌਰ) 18 ਅਗਸਤ 1991 ਤੋਂ 27 ਅਕਤੂਬਰ 1991 ਤੱਕ ਲੜੀਵਾਰ ਹਰ ਐਤਵਾਰ 10 ਕਿਸ਼ਤਾਂ ਵਿਚ ਛਪੀ।
3) ਪੰਜਾਬੀ ਟ੍ਰਿਬਿਊਨ ਵਿਚ 'ਬਰਮਾ ਦੀ ਯਾਤਰਾ' 5 ਮਈ 1996 ਤੋਂ 16 ਜੂਨ 1996 ਤੱਕ ਹਰ ਐਤਵਾਰ ਲੜੀਵਾਰ 7 ਕਿਸ਼ਤਾਂ ਵਿਚ ਛਪੀ।

**ਮਿਲੇ ਸਨਮਾਨਾਂ ਦਾ ਵੇਰਵਾ :-**

- **ਬਾਲ ਸਾਹਿਤ ਰਚੇਤਾ ਪੁਰਸਕਾਰ** 02-01-1994 ਨੂੰ - ਵੱਲੋਂ ਲਿਖਾਰੀ ਸਭਾ ਬਰਨਾਲਾ
- **ਨਾਮਧਾਰੀ ਸ਼ਹੀਦਾਂ ਦੀ ਖੋਜ ਕਰਨ ਲਈ ਸਨਮਾਨ** 25-09-1995 ਨੂੰ ਅੰਮ੍ਰਿਤਸਰ ਵਿਖੇ ਹੋਏ ਵਿਸ਼ਵ ਸਿੱਖ ਸੰਮੇਲਨ ਸਮੇਂ — ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ।

- **ਖੇਡ ਮੇਲਾ 1999** – ਵੱਲੋਂ ਸ਼ਹੀਦ ਰਤਨ ਸਿੰਘ ਸਪੋਰਟਸ ਕਲੱਬ ਮੰਡੀ ਕਲਾਂ (ਜ਼ਿਲ੍ਹਾ ਬਠਿੰਡਾ)
- **ਸਰਦਾਰਨੀ ਹਰਲਾਭ ਕੌਰ ਯਾਦਗਾਰੀ ਐਵਾਰਡ** 26 ਮਈ 2002 ਨੂੰ – ਵੱਲੋਂ ਲਿਖਾਰੀ ਸਭਾ ਬਰਨਾਲਾ
- **ਸ਼ਹੀਦ ਬਿਸ਼ਨ ਸਿੰਘ ਯਾਦਗਾਰੀ ਐਵਾਰਡ** 27 ਮਈ 2002 ਨੂੰ—ਵੱਲੋਂ ਅਖਿਲ ਭਾਰਤੀ ਸੰਪਰਦਾਇਕ ਸਦਭਾਵਨਾ ਕਮੇਟੀ, ਨਵੀਂ ਦਿੱਲੀ
- **ਹਰਿ ਰੰਗ ਮਸਤ ਟਰੱਸਟ ਬਠਿੰਡਾ ਵੱਲੋਂ ਸਨਮਾਨ** 19 ਸਤੰਬਰ 2003
- **ਮਾਸਟਰ ਨਿਹਾਲ ਸਿੰਘ ਯਾਦਗਾਰੀ ਪੁਰਸਕਾਰ** 28 ਮਾਰਚ 2010 ਨੂੰ – ਨਾਮਧਾਰੀ ਧਰਮਸ਼ਾਲਾ, ਰਮੇਸ਼ ਨਗਰ ਦਿੱਲੀ ਵਿਖੇ
- **ਸੰਸਕਾਰ ਭਾਰਤੀ ਰੋਪੜ ਵਲੋਂ ਸਨਮਾਨ** 25 ਜੁਲਾਈ 2010 ਨੂੰ ਗੁਰੂ-ਪੁਰਨਿਮਾ ਦੇ ਮੌਕੇ 'ਤੇ

**ਹੋਰ ਜਾਣਕਾਰੀ**

| | |
|---|---|
| ਸੂਬਾ | : ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਅਪ੍ਰੈਲ ਸੰਨ 1994 ਤੋਂ ਨਾਮਧਾਰੀ ਪੰਥ ਵਿਚ ਸੂਬਾ ਥਾਪਿਆ |
| ਪ੍ਰਧਾਨ | : ਸਰਬ ਹਿੰਦ ਨਾਮਧਾਰੀ ਵਿੱਦਿਅਕ ਜੱਥਾ (ਰਜਿ:) ਇਸਤਰੀ ਵਿੰਗ 1989-95 ਦੌਰਾਨ |
| ਟਰੱਸਟੀ | : ਕੂਕਾ ਸ਼ਹੀਦ ਯਾਦਗਾਰੀ ਟਰੱਸਟ (ਰਜਿ:), ਸੰਨ 1992 ਤੋਂ ਪੰਜਾਬ ਸਰਕਾਰ ਵੱਲੋਂ ਬਣਾਇਆ ਗਿਆ ਟਰੱਸਟ |
| ਮੈਂਬਰ | : ਭੈਣੀ ਸਾਹਿਬ ਤੇ ਰਾਈਆਂ ਡਿਵੈਲਪਮੈਂਟ ਬੋਰਡ (ਰਜਿ:), ਸੰਨ 1994 ਤੋਂ ਪੰਜਾਬ ਸਰਕਾਰ ਵੱਲੋਂ ਬਣਾਇਆ ਗਿਆ ਬੋਰਡ |
| ਮੈਂਬਰ | : ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ:) |
| ਮੈਂਬਰ | : ਪੰਜਾਬੀ ਸਾਹਿਤ ਅਕੈਡਮੀ (ਰਜਿ:) ਲੁਧਿਆਣਾ |
| ਕਾਰਜਕਾਰੀ ਮੈਂਬਰ | : ਜ਼ਿਲ੍ਹਾ ਲਿਖਾਰੀ ਸਭਾ (ਰਜਿ:) ਰੂਪਨਗਰ (ਰੋਪੜ) |
| ਮੀਤ ਪ੍ਰਧਾਨ | : ਭਾਰਤੀਯ ਇਤਿਹਾਸ ਸੰਕਲਨ ਸਮਿਤੀ, ਰੂਪਨਗਰ |
| ਮੀਤ ਪ੍ਰਧਾਨ | : ਸੰਸਕਾਰ ਭਾਰਤੀ ਕਮੇਟੀ, ਰੂਪਨਗਰ |
| ਮੈਂਬਰ | : ਪੰਜਾਬੀ ਭਾਸ਼ਾ ਤਰਮੀਮ ਐਕਟ ਦੀ ਜ਼ਿਲ੍ਹਾ ਪੱਧਰੀ ਕਮੇਟੀ |

**ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਕਰ-ਕਮਲਾਂ ਤੋਂ ਮਿਲੇ ਵਿਸ਼ੇਸ਼ ਪੁਰਸਕਾਰਾਂ ਦਾ ਵੇਰਵਾ :-**

- ਸੇਠਾਣੀ ਮਹਿੰਦਰ ਕੌਰ ਸਨਮਾਨ – 16 ਅਕਤੂਬਰ 1997 ਨੂੰ, ਅੱਸੂ ਦੇ ਮੇਲੇ ਤੇ, ਸ੍ਰੀ ਭੈਣੀ ਸਾਹਿਬ ਵਿਖੇ।

- ਵਿਸ਼ੇਸ਼ ਪੁਰਸਕਾਰ ਵਿਦਿਅਕ ਜੱਥੇ ਦੀ ਸੇਵਾ ਲਈ - 22 ਜੂਨ 1995 ਨੂੰ ਵਿਦਿਅਕ ਸੰਮੇਲਨ ਸਮੇਂ ਸ੍ਰੀ ਭੈਣੀ ਸਾਹਿਬ ਵਿਖੇ।
- ਵਿਸ਼ੇਸ਼ ਪੁਰਸਕਾਰ ਸ਼ਹੀਦਾਂ ਦੇ ਪਰਿਵਾਰਾਂ ਦੀ ਖੋਜ ਲਈ-13 ਫਰਵਰੀ 1997 ਨੂੰ ਪਿੰਡ ਸਕਰੌਦੀ ਦੇ ਸ਼ਹੀਦ ਯਾਦਗਾਰੀ ਮੇਲੇ 'ਤੇ।
- ਵਿਸ਼ੇਸ਼ ਪੁਰਸਕਾਰ ਸ਼ਹੀਦਾਂ ਦੇ ਪਰਿਵਾਰਾਂ ਦੀ ਖੋਜ ਲਈ-17 ਫਰਵਰੀ 1997 ਨੂੰ ਪਿੰਡ ਮੰਡੀ ਕਲਾਂ ਦੇ ਸ਼ਹੀਦ ਯਾਦਗਾਰੀ ਮੇਲੇ 'ਤੇ।
- ਆਸ਼ੀਰਵਾਦ ਪੁਰਸਕਾਰ ਵਿਦਿਅਕ ਜੱਥੇ ਵੱਲੋਂ - 9 ਜੂਨ 1998 ਨੂੰ ਵਾਰਸ਼ਿਕ ਵਿੱਦਿਅਕ ਸੰਮੇਲਨ ਮੰਡੀ ਵਿਖੇ।
- ਪੁਸਤਕ - ਵਡ ਪ੍ਰਤਾਪੀ ਸਤਿਗੁਰੂ (10 ਅਕਤੂਬਰ 1990), ਬਖ਼ਸ਼ਿਸ਼ (4 ਅਗਸਤ 1996), ਪ੍ਰਕਾਸ਼-ਪੁੰਜ 1 (18 ਅਕਤੂਬਰ 1997), ਤੂੰ ਹੀ ਤੂੰ (26 ਨਵੰਬਰ 2000), ਬੰਸਾਵਲੀ-ਸ੍ਰੀ ਸਤਿਗੁਰੂ ਰਾਮ ਸਿੰਘ ਜੀ (16 ਮਾਰਚ 2006) ਅਤੇ ਨਾਮਧਾਰੀ ਸ਼ਹੀਦ ਸੰਨ 2008 ਆਦਿ ਰੀਲੀਜ਼ ਕੀਤੇ ਜਾਣ ਸਮੇਂ ਮਿਲੇ ਵਿਸ਼ੇਸ਼ ਪੁਰਸਕਾਰ।
- ਵਿੱਦਿਅਕ ਸੰਮੇਲਨਾਂ ਸਮੇਂ ਖੋਜ-ਪੱਤਰ ਪੜ੍ਹਨ ਅਤੇ ਜੱਜਮੈਂਟ ਕਰਨ ਤੋਂ ਇਲਾਵਾ ਸਮੇਂ ਸਮੇਂ 'ਤੇ ਅਨੇਕ ਪੁਰਸਕਾਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਕਰ-ਕਮਲਾਂ ਤੋਂ ਬਖ਼ਸ਼ਿਸ਼ ਹੋਏ।

**ਵਿਦੇਸ਼ ਯਾਤਰਾਵਾਂ**

1) ਥਾਈਲੈਂਡ ਦੀ ਯਾਤਰਾ - 15 ਤੋਂ 25 ਮਾਰਚ 1993
2) ਥਾਈਲੈਂਡ ਦੀ ਯਾਤਰਾ - 8 ਤੋਂ 10 ਮਾਰਚ 1994
3) ਬਰਮਾ ਦੀ ਯਾਤਰਾ - 10 ਤੋਂ 20 ਮਾਰਚ 1994
4) ਥਾਈਲੈਂਡ ਦੀ ਯਾਤਰਾ - 20 ਤੋਂ 24 ਮਾਰਚ 1994
5) ਅਫਰੀਕਾ (ਕੀਨੀਆ - ਤਨਜਾਨੀਆ) ਯਾਤਰਾ-21 ਮਈ ਤੋਂ 5 ਜੂਨ 1994
6) ਥਾਈਲੈਂਡ ਦੀ ਯਾਤਰਾ - 28 ਨਵੰਬਰ ਤੋਂ 10 ਦਸੰਬਰ 1995
7) ਇੰਗਲੈਂਡ ਦੀ ਯਾਤਰਾ - 15 ਮਈ ਤੋਂ 11 ਜੁਲਾਈ 1999
8) ਪਾਕਿਸਤਾਨ ਦੀ ਯਾਤਰਾ - 18 ਜੁਲਾਈ ਤੋਂ 22 ਜੁਲਾਈ 2008

## ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਵਚਨਾਂ ਵਿਚੋਂ

"ਮੈਂ ਗਊ ਨਾਲ ਹਿਸਾਬ ਨਹੀਂ ਕਰਦਾ, ਕਿਉਂਕਿ ਗਊ ਮੇਰੇ ਨਾਲ ਹਿਸਾਬ ਨਹੀਂ ਕਰਦੀ"

"ਗਊ ਪਾਲਣ ਲਈ ਧਰਤੀ ਤੇ ਨਹੀਂ, ਦਿਲ ਵਿਚ ਜਗ੍ਹਾ ਚਾਹੀਦੀ ਹੈ।"

"ਗਊਆਂ ਦੀ ਕੇਵਲ ਪੂਜਾ ਵੀ ਕਰਨੀ ਚਾਹੀਦੀ ਹੈ। ਗਊਆਂ ਦੀ ਸੇਵਾ ਨਾਲ ਗਊ ਰੱਖਿਆ ਆਪੇ ਹੋ ਜਾਵੇਗੀ।"

"ਦੁੱਧ ਘਿਓ ਦੀਆਂ ਨਦੀਆਂ ਵਗਣ ਵਾਲੇ ਦੇਸ਼ ਵਿਚ ਦੁਧਾਰੂ ਪਸ਼ੂਆਂ ਦੇ ਲਹੂ ਨਾ ਵਗਣ ਦਿਓ ਬੁੱਚੜਖਾਨਿਆਂ ਵਿਚ ਆਪਣੇ ਪਸ਼ੂ ਭੇਜੇ ਹੀ ਨਾ ਜਾਣ। ਕੀ ਜੇ ਸਾਨੂੰ ਕੋਈ ਪੈਸੇ ਦੇਵੇ, ਅਸੀਂ ਮਾਰਣ ਵਾਸਤੇ ਆਪਣੇ ਬੱਚੇ ਦੇ ਦਿਆਂਗੇ।"

ਸੁਰਿੰਦਰ ਕੌਰ ਦੀ ਕੀ ਤਾਰੀਫ਼ ਕਰਾਂ। ਇਹ ਤਾਂ ਨਾਮਧਾਰੀ ਪੰਥ ਦੀ ਇਕ ਅਨਮੋਲ ਰਤਨ ਹੈ, ਜਿਸ ਨੇ ਇਕ ਨਹੀਂ ਕਈ ਖੋਜ ਭਰਪੂਰ ਅਤੇ ਗੁਰੂ ਸ਼ਰਧਾ ਵਿਚ ਡੁੱਬ ਕੇ ਲਿਖਤਾਂ ਪੂਰੀਆਂ ਕੀਤੀਆਂ ਹਨ। ਇਹ ਕਿਤਾਬਾਂ ਐਵੇਂ ਕਿਆਸਾਂ, ਖਿਆਲਾਂ ਅਤੇ ਸੁਣੀਆਂ-ਸੁਣਾਈਆਂ ਕਹਾਣੀਆਂ ਦੀ ਕਿਤਾਬਾਂ ਨਹੀਂ ਸਗੋਂ ਖੋਜ ਆਧਾਰਤ ਕੰਮ ਹੈ, ਜੋ ਹਾਰੀ ਸਾਰੀ ਦੇ ਵੱਸ ਦੀ ਗੱਲ ਨਹੀਂ ਸੀ। ਇਹ ਕਿਤਾਬ ਖੁੱਭ ਕੇ ਪੜ੍ਹਨਯੋਗ ਹੈ ਤੇ ਹਮੇਸ਼ਾ ਵਾਸਤੇ ਮਨ ਵਿਚ ਵਸਾਉਣ ਵਾਲੀ ਦਾਸਤਾਨ ਨੂੰ ਉਜਾਗਰ ਕਰਦੀ ਹੈ। ਮੈਂ ਜਿੱਥੇ ਸੂਬਾ ਸੁਰਿੰਦਰ ਕੌਰ ਨੂੰ ਇਸ ਕਾਮਯਾਬ ਲਿਖਤ ਦੀ ਵਧਾਈ ਦਿੰਦਾ ਹਾਂ ਉਥੇ ਨਾਲ ਹੀ ਅਰਦਾਸ ਕਰਦਾ ਹਾਂ ਕਿ ਸਤਿਗੁਰੂ ਇਨ੍ਹਾਂ ਨੂੰ ਹੋਰ ਸ਼ਰਧਾ, ਆਪਣੇ ਚਰਨਾਂ ਦਾ ਪਿਆਰ ਅਤੇ ਸਮਰੱਥਾ ਬਖ਼ਸ਼ੇ ਤਾਂ ਕਿ ਇਨ੍ਹਾਂ ਦੀ ਸਾਫ਼ ਸੁਥਰੀ ਕਲਮ ਇਸੇ ਤਰ੍ਹਾਂ ਚਲਦੀ ਰਹੇ।

ਡਾ. ਸਰਦਾਰਾ ਸਿੰਘ ਜੌਹਲ
ਨਾਮਧਾਰੀ ਸ਼ਹੀਦ ਪੁਸਤਕ ਵਿਚੋਂ



ਸੂਬਾ ਸੁਰਿੰਦਰ ਕੌਰ ਖਰਲ

unistarbooks.com

**UNISTAR BOOKS PVT. LTD.**
**INDIA**
**Chandigarh** : 26-27 Top Floor, Sector 34A
Ph.: +91-172-5077427, 5077428, 5089761
**Ludhiana** : Punjabi Bhawan • +9198154 71219

ISBN 978-93-5017-297-1

9 789350 172971

₹ 120/-